ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 181| 25 June to 1 July, 2025 | Ph.: (510) 240-5949 | Email: asrtimes@gmail.com

# ਇਰਾਨ ਤੇ ਇਜ਼ਰਾਇਲ ਵਿਚਾਲੇ ਜਿੱਤ ਦਾ ਤਾਜ ਕਿਸ ਦੇ ਸਿਰ ?

## ਅਮਰੀਕੀ ਹਮਲੇ, ਮੋਸਾਦ ਦੀ ਤਾਕਤ, ਸਰਜੀਕਲ ਸਟਰਾਈਕ ਇਜ਼ਰਾਇਲ ਨੂੰ ਜੇਤੂ ਨਾ ਬਣਾ ਸਕੀ

## ਅਰਥਵਿਵਸਥਾ 'ਤੇ ਜੰਗ ਦਾ ਬੋਝ: ਕੀ ਇਜ਼ਰਾਇਲ ਦੀਆਂ ਜੜ੍ਹਾਂ ਹਿੱਲੀਆਂ ?

## ਅਖੰਡ ਇਜ਼ਰਾਇਲ ਦਾ ਸੁਪਨਾ: ਸੁਰੱਖਿਆ ਜਾਂ ਸਿਆਸੀ ਉਲਝਣ ?

ਬਾਰ੍ਹਾਂ ਦਿਨ, ਤਿੰਨ ਦਾਅਵੇ ਅਤੇ ਇੱਕ ਸਵਾਲ, ਜੋ ਸਾਰੀ ਦੁਨੀਆ ਦੇ ਮੱਥੇ 'ਤੇ ਤਣਿਆ ਹੋਇਆ ਹੈ - ਇਜ਼ਰਾਇਲ, ਇਰਾਨ ਅਤੇ ਅਮਰੀਕਾ ਦੀ ਜੰਗ ਵਿੱਚ ਅਸਲ ਜਿੱਤ ਕਿਸ ਦੀ ਹੋਈ ?

ਇਜ਼ਰਾਇਲ ਨੇ ਇਰਾਨ ਦੇ ਪਰਮਾਣੂ ਅਤੇ ਫ਼ੌਜੀ ਟਿਕਾਣਿਆਂ ਨੂੰ ਤਬਾਹ ਕਰਨ ਦਾ ਢੰਡੋਰਾ ਪਿੱਟਿਆ, ਇਰਾਨ ਨੇ ਆਪਣੀ ਸੰਪ੍ਰਭੂਤਾ ਦੀ ਰਾਖੀ ਦਾ ਝੰਡਾ ਝੁਲਾਇਆ ਅਤੇ ਅਮਰੀਕਾ ਨੇ ਜੰਗਬੰਦੀ ਨੂੰ ਆਪਣੀ ਕੂਟਨੀਤਕ ਜਿੱਤ ਦਾ ਤਗ਼ਮਾ ਪਹਿਨਾਇਆ। ਪਰ ਸੱਚਾਈ ਦੀ ਤਸਵੀਰ ਇੰਨੀ ਸਾਫ਼ ਨਹੀਂ। ਜਿਵੇਂ ਪੰਜਾਬੀ ਮੁਹਾਵਰੇ ਵਿੱਚ ਕਿਹਾ ਜਾਂਦੈ, "ਅੱਗ ਦੋਵੇਂ ਪਾਸਿਆਂ ਨੂੰ ਸਾੜਦੀ ਹੈ"- ਇਸ ਜੰਗ ਨੇ ਸਾਰੇ ਪਾਸਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਝੁਲਸਾਇਆ ਹੈ।

ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ "ਓਪਰੇਸ਼ਨ ਰਾਈਜ਼ਿੰਗ ਲਾਈਨ" ਨਾਲ 13 ਜੂਨ 2025 ਨੂੰ ਇਰਾਨ 'ਤੇ ਹਵਾਈ ਹਮਲੇ ਕਰਕੇ ਪਰਮਾਣੂ ਅਤੇ ਫ਼ੌਜੀ ਅੱਡਿਆਂ ਨੂੰ ਨੁਕਸਾਨ ਪਹੁੰਚਾਇਆ। ਤਲ ਅਵੀਵ ਅਤੇ ਹਾਈਫ਼ਾ 'ਤੇ ਇਰਾਨ ਦੇ ਜਵਾਬੀ ਮਿਜ਼ਾਇਲ ਹਮਲਿਆਂ ਨੇ 61 ਇਮਾਰਤਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਅਤੇ ਤੇਲ ਰਿਫ਼ਾਇਨਰੀ ਨੂੰ ਨੁਕਸਾਨ ਪਹੁੰਚਾਇਆ, ਜੋ ਇਜ਼ਰਾਇਲ ਦੀ 60% ਈਂਧਨ ਦੀ ਲੋੜ ਪੂਰੀ ਕਰਦੀ ਸੀ।



**ਇਰਾਨ ਦਾ ਪਰਮਾਣੂ ਭੰਡਾਰ ਸੁਰੱਖਿਅਤ**

ਨਿਊਯਾਰਕ ਟਾਈਮਜ਼ ਅਤੇ ਵਾਸ਼ਿੰਗਟਨ ਟਾਈਮਜ਼ ਦੀਆਂ ਰਿਪੋਰਟਾਂ ਮੁਤਾਬਕ, ਇਜ਼ਰਾਇਲ ਦੀ ਮੋਸਾਦ ਜਾਸੂਸੀ ਏਜੰਸੀ ਦਾ ਮੁੱਖ ਦਫ਼ਤਰ ਵੀ ਇਰਾਨੀ ਹਮਲਿਆਂ ਦੀ ਲਪੇਟ ਵਿੱਚ ਆਇਆ। ਇਰਾਨ ਨੇ ਵੀ ਨੁਕਸਾਨ ਸਹਿਣ ਕੀਤਾ, ਪਰ ਉਸ ਦੀ ਸਭ ਤੋਂ ਵੱਡੀ ਜਿੱਤ ਸੀ 400 ਕਿਲੋ 60% ਸੰਵਰਧਿਤ ਯੂਰੇਨੀਅਮ ਨੂੰ ਅਮਰੀਕੀ ਅਤੇ ਇਜ਼ਰਾਇਲੀ ਹਮਲਿਆਂ ਤੋਂ ਪਹਿਲਾਂ ਹੀ ਫ਼ੋਰਡੋ ਪਰਮਾਣੂ ਪਲਾਂਟ ਤੋਂ ਸੁਰੱਖਿਅਤ ਥਾਂ 'ਤੇ ਪਹੁੰਚਾ ਦੇਣਾ। ਇਹ ਯੂਰੇਨੀਅਮ, ਜਿਸ ਨਾਲ 10 ਪਰਮਾਣੂ ਬੰਬ ਬਣ ਸਕਦੇ ਹਨ, ਅਗਲੀਆਂ ਪਰਮਾਣੂ ਡੀਲਾਂ ਵਿੱਚ ਇਰਾਨ ਦਾ ਜੇਤੂ ਪੱਤਾ ਹੋ ਸਕਦਾ ਹੈ।

**ਅਮਰੀਕਾ ਦੇ ਦਾਅਵੇ ਕਿੰਨੇ ਸੱਚੇ ?**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੰਗਬੰਦੀ ਦਾ ਐਲਾਨ ਕਰਕੇ ਇਸ ਨੂੰ ਆਪਣੀ ਜਿੱਤ ਦੱਸਿਆ, ਪਰ ਰਾਇਟਰਜ਼ ਦੀ ਰਿਪੋਰਟ ਮੁਤਾਬਕ, ਅਮਰੀਕੀ ਬੀ-2 ਸਟੀਲਥ ਬੰਬਰਾਂ ਨੇ ਇਰਾਨ ਦੇ ਪਰਮਾਣੂ ਅੱਡਿਆਂ ਨੂੰ ਪੂਰੀ ਤਰ੍ਹਾਂ ਤਬਾਹ ਨਹੀਂ ਕੀਤਾ। ਇਰਾਨ ਦਾ ਪਰਮਾਣੂ ਪ੍ਰੋਗਰਾਮ ਸਿਰਫ਼ 1-2 ਮਹੀਨਿਆਂ ਲਈ ਪਿੱਛੇ ਧੱਕਿਆ ਗਿਆ।

ਮਾਹਿਰਾਂ ਅਨੁਸਾਰ ਅਮਰੀਕਾ ਦੇ ਕਤਰ ਅਤੇ ਇਰਾਕ ਵਿੱਚ ਫ਼ੌਜੀ ਅੱਡਿਆਂ 'ਤੇ ਇਰਾਨੀ ਮਿਜ਼ਾਇਲ ਹਮਲਿਆਂ ਨੇ ਟਰੰਪ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਜੰਗ ਮਹਿੰਗੀ ਪਵੇਗੀ। ਜੰਗ ਨਾ ਰੋਕੀ ਤਾਂ ਚੀਨ ਤੇ ਰੂਸ ਇਸ ਜੰਗ ਵਿੱਚ ਨਿੱਤਰ ਸਕਦੇ ਹਨ। ਆਰਥਿਕ ਤਬਾਹੀ ਤੇ ਜੰਗ ਵਿੱਚ ਫ਼ਸਣ ਦੇ ਡਰ ਤੋਂ ਟਰੰਪ ਨੂੰ ਇਹ ਸਟੈਂਡ ਲੈਣਾ ਪਿਆ।

**ਮੋਸਾਦ ਦੀ ਤਾਕਤ - ਸਰਜੀਕਲ ਸਟਰਾਈਕਸ ਜਾਂ ਅੰਤਰਰਾਸ਼ਟਰੀ ਅਪਰਾਧ ?**

1949 ਵਿੱਚ ਸਥਾਪਿਤ ਮੋਸਾਦ, ਇਜ਼ਰਾਇਲ ਦੀ ਜਾਸੂਸੀ ਏਜੰਸੀ ਹੈ। ਇਹ ਸੰਸਥਾ ਗੁਪਤ ਕਾਰਵਾਈਆਂ, ਸਰਜੀਕਲ ਸਟਰਾਈਕਸ ਅਤੇ ਤਕਨੀਕੀ ਹਮਲਿਆਂ ਦੀ ਮਾਹਿਰ ਹੈ। ਸੀ.ਐਨ.ਐਨ. ਅਤੇ ਗਾਰਡੀਅਨ ਦੀਆਂ ਰਿਪੋਰਟਾਂ ਮੁਤਾਬਕ, ਮੋਸਾਦ ਨੇ 1960 ਵਿੱਚ ਨਾਜ਼ੀ ਅਧਿਕਾਰੀ ਐਡੋਲਫ਼ ਆਈਕਮੈਨ ਨੂੰ ਅਰਜਨਟੀਨਾ ਤੋਂ ਅਗਵਾ ਕੀਤਾ, 2018 ਵਿੱਚ ਤਹਿਰਾਨ ਤੋਂ ਪਰਮਾਣੂ ਦਸਤਾਵੇਜ਼ ਚੋਰੀ ਕੀਤੇ ਅਤੇ 2020 ਵਿੱਚ ਇਰਾਨੀ ਪਰਮਾਣੂ ਵਿਗਿਆਨੀ ਮੋਹਸੇਨ ਫ਼ਖਰੀਜ਼ਾਦੇਹ ਨੂੰ ਏ.ਆਈ.-ਸੰਚਾਲਿਤ ਮਸ਼ੀਨ ਗੰਨ ਨਾਲ ਮਾਰਿਆ। 2024 ਵਿੱਚ ਹਮਾਸ ਦੇ ਨੇਤਾ ਇਸਮਾਈਲ ਹਾਨੀਆ ਦੀ ਤਹਿਰਾਨ ਵਿੱਚ ਹੱਤਿਆ ਅਤੇ ਲੇਬਨਾਨ ਵਿੱਚ ਹਿਜ਼ਬੁੱਲ੍ਹਾ ਦੇ ਪੇਜਰ-ਵਾਕੀ-ਟਾਕੀ ਵਿਸਫ਼ੋਟਾਂ ਨੇ ਮੋਸਾਦ ਦੀ ਤਾਕਤ ਨੂੰ ਸਾਰੀ ਦੁਨੀਆ ਸਾਹਮਣੇ ਲਿਆਂਦਾ।

ਪਰ ਇਜ਼ਰਾਇਲ ਤੇ ਇਰਾਨ ਵਿਚਾਲੇ ਜੰਗ ਵਿੱਚ ਮੋਸਾਦ ਨੂੰ ਵੀ ਨੁਕਸਾਨ ਸਹਿਣਾ ਪਿਆ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ, ਇਰਾਨੀ ਮਿਜ਼ਾਇਲ ਹਮਲਿਆਂ ਨੇ ਮੋਸਾਦ ਦੇ ਮੁੱਖ ਦਫ਼ਤਰ ਨੂੰ ਨਿਸ਼ਾਨਾ ਬਣਾਇਆ, ਜਿਸ ਨਾਲ ਇਜ਼ਰਾਇਲ ਦੀ ਜਾਸੂਸੀ ਸਮਰੱਥਾ 'ਤੇ ਸਵਾਲ ਉੱਠੇ। ਮੋਸਾਦ ਦੀਆਂ ਕਾਰਵਾਈਆਂ ਨੇ ਇਰਾਨ ਨੂੰ ਨੁਕਸਾਨ ਪਹੁੰਚਾਇਆ, ਪਰ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਰੋਕਣ ਵਿੱਚ ਅਸਫ਼ਲ ਰਹੀ। ਗਲੋਬਲ ਟਾਈਮਜ਼ ਮੁਤਾਬਕ, ਇਰਾਨ ਨੇ ਮੋਸਾਦ ਦੀ ਘੁਸਪੈਠ ਨੂੰ ਪਛਾਣ ਕੇ ਆਪਣੀਆਂ ਸੁਰੱਖਿਆ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ। ਇਰਾਨ ਨੇ ਆਪਣੀ ਮਜ਼ਬੂਤੀ ਅਤੇ ਰੂਸ-ਚੀਨ ਦੇ ਅਸਿੱਧੇ ਸਮਰਥਨ ਨਾਲ ਮੋਸਾਦ ਦੀਆਂ ਕੋਸ਼ਿਸ਼ਾਂ ਨੂੰ ਸੀਮਤ ਕਰ ਦਿੱਤਾ।

**ਅਰਥਵਿਵਸਥਾ 'ਤੇ ਜੰਗ ਦਾ ਬੋਝ - ਇਜ਼ਰਾਇਲ ਦੀਆਂ ਜੜ੍ਹਾਂ ਹਿੱਲੀਆਂ ?**

ਇਕਨੋਮਿਕ ਟਾਈਮਜ਼ ਅਤੇ ਟਾਈਮਜ਼ ਆਫ਼ ਇਜ਼ਰਾਇਲ ਮੁਤਾਬਕ, ਇਜ਼ਰਾਇਲ ਦੀ ਅਰਥਵਿਵਸਥਾ ਜੰਗ ਦੇ ਬੋਝ ਹੇਠ ਦੱਬ ਰਹੀ ਹੈ। 2024 ਵਿੱਚ ਇਜ਼ਰਾਇਲ ਦਾ ਸੈਨਿਕ ਖਰਚ 46.5 ਅਰਬ ਡਾਲਰ ਸੀ, ਜੋ ਜੀ.ਡੀ.ਪੀ. ਦਾ 8.8% ਸੀ। 2025 ਦੇ 215 ਅਰਬ ਡਾਲਰ ਦੇ ਬਜਟ ਵਿੱਚ 38.6 ਅਰਬ ਡਾਲਰ ਸਿਰਫ਼ ਰੱਖਿਆ ਲਈ ਹਨ। ਇਰਾਨ ਦੇ ਹਮਲਿਆਂ ਨੇ ਹਾਈਫ਼ਾ ਵਿੱਚ 61 ਇਮਾਰਤਾਂ ਅਤੇ ਤੇਲ ਰਿਫ਼ਾਇਨਰੀ ਨੂੰ ਤਬਾਹ ਕਰਕੇ ਇਜ਼ਰਾਇਲ ਦੀ ਊਰਜਾ ਸਪਲਾਈ ਨੂੰ ਨੁਕਸਾਨ ਪਹੁੰਚਾਇਆ। ਵਰਕ ਪਰਮਿਟ ਰੱਦ ਹੋਣ ਨਾਲ ਨਿਰਮਾਣ ਅਤੇ ਖੇਤੀਬਾੜੀ ਸੈਕਟਰ ਠੱਪ ਹੋ ਗਏ ਅਤੇ ਵੈਟ 17% ਤੋਂ 18% ਵਧਣ ਨਾਲ ਜਨਤਾ 'ਤੇ ਬੋਝ ਵਧਿਆ।

ਇਰਾਨ ਦੀ ਅਰਥਵਿਵਸਥਾ ਵੀ ਪਹਿਲਾਂ ਹੀ ਪਾਬੰਦੀਆਂ ਦੀ ਮਾਰ ਹੇਠ ਸੀ ਅਤੇ ਇਸ ਜੰਗ ਨੇ ਉਸ ਨੂੰ ਹੋਰ ਢਾਹ ਲਾਈ। ਪਰ ਇਰਾਨ ਦੀ ਸਭ ਤੋਂ ਵੱਡੀ ਜਿੱਤ ਸੀ ਉਸ ਦਾ 400 ਕਿਲੋ ਯੂਰੇਨੀਅਮ ਨੂੰ ਸੁਰੱਖਿਅਤ ਰੱਖਣਾ, ਜੋ ਅਗਲੀਆਂ ਸਿਆਸੀ ਚਾਲਾਂ ਲਈ ਉਸ ਦਾ ਹਥਿਆਰ ਹੋਵੇਗਾ।

ਜੰਗਬੰਦੀ ਦਾ ਇੱਕ ਵੱਡਾ ਕਾਰਨ ਇਜ਼ਰਾਇਲ ਦੀ ਅਰਥਵਿਵਸਥਾ 'ਤੇ ਵਧਦਾ ਦਬਾਅ ਸੀ। ਵਾਲ ਸਟਰੀਟ ਜਰਨਲ ਮੁਤਾਬਕ, ਇਜ਼ਰਾਇਲ ਦੀ ਮਿਜ਼ਾਇਲ ਰੱਖਿਆ ਪ੍ਰਣਾਲੀ ਅਤੇ ਆਇਰਨ ਡੋਮ 'ਤੇ ਪੈ ਰਿਹਾ ਦਬਾਅ ਅਤੇ ਐਰੋ-3 ਇੰਟਰਸੈਪਟਰਜ਼ ਦੀ ਕਮੀ ਨੇ ਨੇਤਨਯਾਹੂ ਨੂੰ ਜੰਗਬੰਦੀ ਲਈ ਮਜਬੂਰ ਕੀਤਾ।

**ਅਖੰਡ ਇਜ਼ਰਾਇਲ ਦਾ ਸੁਪਨਾ - ਸੁਰੱਖਿਆ ਜਾਂ ਸਿਆਸੀ ਉਲਝਣ ?**

ਅਖੰਡ ਇਜ਼ਰਾਇਲ ਦਾ ਸੁਪਨਾ, ਜੋ ਹਿਬਰੂ ਬਾਈਬਲ ਦੇ 'ਪ੍ਰੋਮਿਸਡ ਲੈਂਡ' ਨਾਲ ਜੁੜਿਆ ਹੈ, ਯਹੂਦੀਆਂ ਦੀ ਸਦੀਆਂ ਪੁਰਾਣੀ ਖ਼ਾਹਸ਼ ਹੈ। 1948 ਵਿੱਚ ਇਜ਼ਰਾਇਲ ਦੀ ਸਥਾਪਨਾ ਨੇ ਇਸ ਸੁਪਨੇ ਨੂੰ ਹਕੀਕਤ ਦਾ ਰੰਗ ਦਿੱਤਾ, ਪਰ ਇਸ ਨੇ ਅਰਬ-ਇਜ਼ਰਾਇਲ ਸੰਘਰਸ਼ ਨੂੰ ਜਨਮ ਦਿੱਤਾ।

(ਬਾਕੀ ਸਫ਼ਾ 31 'ਤੇ)

# ਟਰੰਪ 'ਤੇ ਮਹਾਦੋਸ਼ ਲਗਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਭਾਰੀ ਵੋਟਿੰਗ

ਵਾਸ਼ਿੰਗਟਨ/ਏ.ਟੀ.ਨਿਊਜ਼: ਮਹਾਦੋਸ਼ ਦਾ ਸਾਹਮਣਾ ਕਰ ਰਹੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡੀ ਰਾਹਤ ਮਿਲੀ ਹੈ। ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਨੇ ਬੀਤੇ ਦਿਨੀਂ ਸੰਸਦੀ ਪ੍ਰਵਾਨਗੀ ਤੋਂ ਬਿਨਾਂ ਇਰਾਨ ਵਿਰੁੱਧ ਫ਼ੌਜੀ ਕਾਰਵਾਈ ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਮਹਾਦੋਸ਼ ਲਗਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਭਾਰੀ ਵੋਟਿੰਗ ਕੀਤੀ। ਇਸ ਸਬੰਧ ਵਿੱਚ ਪ੍ਰਸਤਾਵ ਦੇ ਵਿਰੁੱਧ 344 ਵੋਟਾਂ ਅਤੇ ਹੱਕ ਵਿੱਚ 79 ਵੋਟਾਂ ਪਈਆਂ। ਇਹ ਪ੍ਰਸਤਾਵ ਟੈਕਸਾਸ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਐਲ ਗ੍ਰੀਨ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ 'ਤੇ ਸੰਖੇਪ ਚਰਚਾ ਹੋਈ।

ਡੈਮੋਕ੍ਰੇਟਿਕ ਪਾਰਟੀ ਦੇ ਕਈ ਸੰਸਦ ਮੈਂਬਰਾਂ ਨੇ ਪ੍ਰਸਤਾਵ ਵਿਰੁੱਧ ਵੋਟਿੰਗ ਕੀਤੀ। ਗ੍ਰੀਨ ਨੇ ਵੋਟਿੰਗ ਤੋਂ ਪਹਿਲਾਂ ਕਿਹਾ, 'ਮੈਂ ਇਹ ਇਸ ਲਈ ਕਰ ਰਿਹਾ ਹਾਂ ਕਿਉਂਕਿ ਕਿਸੇ ਵੀ ਵਿਅਕਤੀ ਨੂੰ ਅਮਰੀਕੀ ਸੰਸਦ ਨਾਲ ਸਲਾਹ ਕੀਤੇ ਬਿਨਾਂ 30 ਕਰੋੜ ਲੋਕਾਂ ਨੂੰ ਯੁੱਧ ਵਿੱਚ ਸੁੱਟਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਮੈਨੂੰ ਲੱਗਦਾ ਹੈ ਕਿ ਜਾਂ ਤਾਂ ਸੰਵਿਧਾਨ ਸਾਰਥਕ ਸਾਬਤ ਹੋਵੇਗਾ ਜਾਂ ਇਹ ਅਰਥਹੀਣ ਹੋ ਜਾਵੇਗਾ।' ਟਰੰਪ 'ਤੇ ਮਹਾਦੋਸ਼ ਲਗਾਉਣ ਦੀ ਇਹ ਪਹਿਲੀ ਕੋਸ਼ਿਸ਼ ਨਹੀਂ ਹੈ, ਪਰ ਇਹ ਦਰਸਾਉਂਦਾ ਹੈ ਕਿ ਡੈਮੋਕ੍ਰੇਟਿਕ ਪਾਰਟੀ ਦੇ ਬਹੁਤ ਸਾਰੇ ਮੈਂਬਰ ਉਨ੍ਹਾਂ ਦੇ ਪ੍ਰਸ਼ਾਸਨ ਤੋਂ ਅਸਹਿਜ ਹਨ, ਖਾਸ ਕਰਕੇ ਇਰਾਨ ਦੇ ਪਰਮਾਣੂ ਕੇਂਦਰਾਂ 'ਤੇ ਅਚਾਨਕ ਹਮਲੇ ਤੋਂ ਬਾਅਦ, ਜੋ ਕਿ ਪੱਛਮੀ ਏਸ਼ੀਆ ਦੇ ਮਾਮਲਿਆਂ ਵਿੱਚ ਇੱਕ ਜੋਖਮ ਭਰਿਆ ਦਖਲ ਹੈ। ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰਾਂ ਨੇ ਗ੍ਰੀਨ ਦੀ ਸਿੱਧੇ ਤੌਰ 'ਤੇ ਆਲੋਚਨਾ ਨਹੀਂ ਕੀਤੀ, ਸਗੋਂ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਧਿਆਨ ਹੋਰ ਮੁੱਦਿਆਂ 'ਤੇ ਹੈ।



ਮਹਾਦੋਸ਼ ਦੇ ਮਾਮਲਿਆਂ ਵਿੱਚ ਆਮ ਤੌਰ 'ਤੇ ਪਾਰਟੀ ਲੀਡਰਸ਼ਿਪ ਵੱਲੋਂ ਕਿਸੇ ਖਾਸ ਤਰੀਕੇ ਨਾਲ ਵੋਟ ਪਾਉਣ ਦਾ ਕੋਈ ਦਬਾਅ ਨਹੀਂ ਹੁੰਦਾ। ਕੈਲੀਫੋਰਨੀਆ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਅਤੇ ਪ੍ਰਤੀਨਿਧੀ ਸਭਾ ਵਿੱਚ ਡੈਮੋਕ੍ਰੇਟਿਕ ਕਾਕਸ ਦੇ ਚੇਅਰਮੈਨ ਪੀਟ ਐਗੁਇਲਰ ਨੇ ਆਉਣ ਵਾਲੇ ਦਿਨਾਂ ਵਿੱਚ ਸੰਸਦ ਵਿੱਚ ਪਾਸ ਹੋਣ ਵਾਲੇ ਟਰੰਪ ਦੇ ਵੱਡੇ ਟੈਕਸ ਛੋਟ ਪੈਕੇਜ ਦਾ ਹਵਾਲਾ ਦਿੰਦੇ ਹੋਏ ਕਿਹਾ, 'ਮੈਨੂੰ ਲੱਗਦਾ ਹੈ ਕਿ ਇਸ ਤੋਂ ਇਲਾਵਾ ਕਿਸੇ ਹੋਰ ਚੀਜ਼ 'ਤੇ ਧਿਆਨ ਕੇਂਦਰਿਤ ਕਰਨਾ ਇੱਕ ਭਟਕਣਾ ਹੋਵੇਗੀ, ਕਿਉਂਕਿ ਇਹ ਸਭ ਤੋਂ ਮਹੱਤਵਪੂਰਨ ਚੀਜ਼ ਹੈ ਜਿਸ 'ਤੇ ਅਸੀਂ ਧਿਆਨ ਕੇਂਦਰਿਤ ਕਰ ਸਕਦੇ ਹਾਂ।' ਡੈਮੋਕ੍ਰੇਟਿਕ ਪਾਰਟੀ ਨੇ ਟਰੰਪ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਦੋ ਵਾਰ ਮਹਾਦੋਸ਼ ਪ੍ਰਸਤਾਵ ਪੇਸ਼ ਕੀਤੇ ਹਨ। 2019 ਵਿੱਚ ਰੂਸੀ ਫ਼ੌਜੀ ਹਮਲੇ ਦਾ ਸਾਹਮਣਾ ਕਰ ਰਹੇ ਯੂਕ੍ਰੇਨ ਨੂੰ ਦਿੱਤੇ ਗਏ ਫੰਡਾਂ ਨੂੰ ਰੋਕਣ ਲਈ ਉਨ੍ਹਾਂ ਵਿਰੁੱਧ ਪਹਿਲਾ ਮਹਾਦੋਸ਼ ਪ੍ਰਸਤਾਵ ਪੇਸ਼ ਕੀਤਾ ਗਿਆ ਸੀ। ਟਰੰਪ ਦੇ ਸਮਰਥਕਾਂ ਨੇ 2021 ਵਿੱਚ ਰਾਸ਼ਟਰਪਤੀ ਚੋਣ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਜੋਅ ਬਾਈਡੇਨ ਦੀ ਜਿੱਤ ਦੇ ਵਿਰੋਧ ਵਿੱਚ 6 ਜਨਵਰੀ ਨੂੰ ਕੈਪੀਟਲ ਹਿੱਲ 'ਤੇ ਹਮਲਾ ਕੀਤਾ ਸੀ, ਜਿਸ ਲਈ ਟਰੰਪ ਦੇ ਵਿਰੁੱਧ ਦੂਜਾ ਮਹਾਦੋਸ਼ ਪ੍ਰਸਤਾਵ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਦੋਵਾਂ ਮਹਾਂਦੋਸ਼ ਮਾਮਲਿਆਂ ਵਿੱਚ ਸੰਸਦ ਦੇ ਉਪਰਲੇ ਸਦਨ ਸੈਨੇਟ ਨੇ ਟਰੰਪ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਰਾਸ਼ਟਰਪਤੀ ਚੋਣ ਲੜਨ ਦਾ ਮੌਕਾ ਮਿਲਿਆ।

# ਕੀ ਹਾਲਾਤ ਹਨ ਇਰਾਨ ’ਚ ਸਿੱਖ ਭਾਈਚਾਰੇ ਦੇ?



ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916

## ਇਰਾਨ ਵਿੱਚ ਸਿੱਖ ਪੰਥ: ਇੱਕ ਸੱਭਿਆਚਾਰਕ ਤੇ ਇਤਿਹਾਸਕ ਸਫ਼ਰ

ਇਰਾਨ, ਜਿਹੜਾ ਇਸਲਾਮੀ ਜਹਾਨ ਦਾ ਮੋਹਰੀ ਮੁਲਕ ਹੈ, ਉਹਦੇ ਵਿੱਚ ਸਿੱਖ ਧਰਮ ਦੀ ਮਹਿਕ ਅਤੇ ਗੁਰਬਾਣੀ ਦੀ ਗੂੰਜ ਕਿਸੇ ਅਜੂਬੇ ਤੋਂ ਘੱਟ ਨਹੀਂ। ਪਰ ਸਵਾਲ ਉੱਠਦਾ ਹੈ, ਕਿ ਸਿੱਖ ਇਸ ਇਸਲਾਮੀ ਮੁਲਕ ਵਿੱਚ ਕਦੋਂ ਪਹੁੰਚੇ ਸਨ ? ਉਹਨਾਂ ਦੀ ਜ਼ਿੰਦਗੀ, ਕਾਰੋਬਾਰ, ਬੋਲੀ-ਭਾਸ਼ਾ, ਪਹਿਰਾਵਾ ਤੇ ਇਰਾਨੀ ਲੋਕਾਂ ਨਾਲ ਸਬੰਧ ਕਿਹੋ ਜਿਹੇ ਹਨ ? ਅਤੇ ਅੱਜ ਜਦੋਂ ਇਰਾਨ-ਇਜ਼ਰਾਇਲ ਵਿਚਕਾਰ ਜੰਗ ਦੀਆਂ ਤਪਸ਼ਾਂ ਤਹਿਰਾਨ ਤੱਕ ਪਹੁੰਚ ਗਈਆਂ ਨੇ, ਤਾਂ ਸਿੱਖਾਂ ਦੇ ਹਾਲਾਤ ਕੀ ਹਨ ?

**ਸਿੱਖ ਕਦੋਂ ਪਹੁੰਚੇ ਇਰਾਨ ਵਿਚ ?**

ਇਰਾਨ ਦੀ ਧਰਤੀ ਨਾਲ ਸਿੱਖਾਂ ਦਾ ਮੇਲ-ਜੋਲ ਕੋਈ ਨਵਾਂ ਨਹੀਂ। ਸਾਡੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਜੀ, ਜਿਨ੍ਹਾਂ ਦੀਆਂ ਉਦਾਸੀਆਂ ਨੇ ਸੰਸਾਰ ਨੂੰ ਸੱਚ ਦਾ ਸੁਨੇਹਾ ਦਿੱਤਾ ਸੀ, ਆਪਣੀ ਚੌਥੀ ਉਦਾਸੀ ਦੌਰਾਨ ਇਰਾਨ ਪਹੁੰਚੇ ਸਨ। ਉਹ ਬੁਸ਼ਹਿਰ, ਬਸਰਾ, ਤਬਰੀਜ਼, ਤਹਿਰਾਨ, ਇਸਫ਼ਹਾਨ, ਕਰਮਨ ਤੇ ਮਸ਼ਹਦ ਵਰਗੇ ਸ਼ਹਿਰਾਂ ਵਿੱਚ ਗਏ ਸਨ, ਜਿੱਥੇ ਉਹਨਾਂ ਨੇ ਸੱਚ ਦੀ ਜੋਤ ਜਗਾਈ। ਭਾਈ ਮਰਦਾਨਾ ਜੀ ਨਾਲ ਉਹਨਾਂ ਦੀ ਯਾਤਰਾ ਨੇ ਇਰਾਨੀਆਂ ਦੇ ਦਿਲਾਂ ਵਿੱਚ ਗੁਰੂ ਜੀ ਦੀ ਯਾਦ ਸਦਾ ਲਈ ਵਸਾ ਦਿੱਤੀ। ਪਰ ਸਿੱਖ ਵਜੋਂ ਵਸਣ ਦੀ ਸ਼ੁਰੂਆਤ 20ਵੀਂ ਸਦੀ ਦੇ ਮੁੱਢ ਵਿੱਚ ਹੋਈ ਸੀ। 1900 ਤੋਂ 1920 ਦੇ ਦਰਮਿਆਨ, ਜਦੋਂ ਪੰਜਾਬ ਅਜੇ ਅਣਵੰਡਿਆ ਸੀ, ਰਾਵਲਪਿੰਡੀ ਅਤੇ ਹੋਰ ਇਲਾਕਿਆਂ ਤੋਂ ਸਿੱਖ ਕੰਮ ਦੀ ਭਾਲ ਵਿੱਚ ਪਰਸੀਆ (ਇਰਾਨ) ਪਹੁੰਚੇ ਸਨ। ਕੁਝ ਸਿੱਖ, ਜੋ ਬ੍ਰਿਟਿਸ਼ ਭਾਰਤੀ ਫ਼ੌਜ ਦਾ ਹਿੱਸਾ ਸਨ, ਜ਼ਾਹੇਦਾਨ ਵਿੱਚ ਵਸੇ ਸਨ।

ਪ੍ਰੋਫ਼ੈਸਰ ਹਰਪਾਲ ਸਿੰਘ ਪੰਨੂ ਕਹਿੰਦੇ ਹਨ, “ਇੱਕ ਵਾਰ ਇਰਾਨ ਦਾ ਬਾਦਸ਼ਾਹ ਰਜਾ ਸ਼ਾਬ ਪਹਿਲਵੀ ਪਿੰਡ ਦੁਸ਼ਟੇਆਬ ਵਿੱਚੋਂ ਲੰਘ ਰਿਹਾ ਸੀ ਤਾਂ ਉਸ ਨੂੰ ਲੰਮੀਆਂ ਦਾੜ੍ਹੀਆਂ ਵਾਲੇ ਕਿਸਾਨ ਮਿਲੇ ਸਨ। ਉਨ੍ਹਾਂ ਦੀਆਂ ਦਾੜ੍ਹੀਆਂ ਖੁੱਲ੍ਹੀਆਂ ਸਨ ਅਤੇ ਦਸਤਾਰਾਂ ਬੰਨ੍ਹੀਆਂ ਹੋਈਆਂ ਸਨ।” ਬਾਦਸ਼ਾਹ ਘੋੜੇ ਤੋਂ ਉਤਰ ਕੇ ਉਨ੍ਹਾਂ ਨੂੰ ਸਲਾਮ ਕਰਨ ਲੱਗਾ। ਜਦੋਂ ਬਾਦਸ਼ਾਹ ਦੇ ਸਾਥੀਆਂ ਨੇ ਪੁੱਛਿਆ ਕਿ ਤੁਸੀਂ ਇਨ੍ਹਾਂ ਨੂੰ ਸਲਾਮ ਕਿਉਂ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਬੰਦਗੀ ਕਰਨ ਵਾਲੇ ਫ਼ਕੀਰ ਹਨ ਪਰ ਉਨ੍ਹਾਂ ਦੱਸਿਆ ਕਿ ਇਹ ਫ਼ਕੀਰ ਨਹੀਂ, ਸਗੋਂ ਹਿੰਦੋਸਤਾਨ ਦੇ ਕਿਸਾਨ ਹਨ, ਜੋ ਖੇਤੀ ਕਰਨ ਆਏ ਹਨ।” ਪੰਨੂ ਅੱਗੇ ਦੱਸਦੇ ਹਨ, “ਪਿੰਡ ਵਿੱਚ ਦਰਬਾਰ ਲਗਾਉਣ ਤੋਂ ਬਾਅਦ ਬਾਦਸ਼ਾਹ ਨੇ ਕਿਸਾਨਾਂ ਨੂੰ ਦੁਬਾਰਾ ਬੁਲਾਇਆ। ਕਿਸਾਨਾਂ ਨੇ ਉਨ੍ਹਾਂ ਦਾ ਫ਼ਕੀਰ ਕਹਿਣ ’ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਡੇ ਫ਼ਕੀਰ ਹੋਣ ਦਾ ਕੀ ਫ਼ਾਇਦਾ ਹੋਇਆ ਜੇ ਸਾਡੇ ਕੋਲ ਬੰਦਗੀ ਕਰਨ ਲਈ ਥਾਂ ਨਹੀਂ ਹੈ।”






ਬਾਦਸ਼ਾਹ ਦੇ ਪੁੱਛਣ ’ਤੇ ਉਨ੍ਹਾਂ ਕਿਹਾ ਕਿ ਸਾਨੂੰ ਇਸ ਲਈ ਇੱਕ ਏਕੜ ਜ਼ਮੀਨ ਚਾਹੀਦੀ ਹੈ। ਬਾਦਸ਼ਾਹ ਨੇ ਇੱਕ ਏਕੜ ਜ਼ਮੀਨ ਦਾਨ ਦੇਣ ਦੀ ਗੱਲ ਆਖੀ ਪਰ ਕਿਸਾਨਾਂ ਨੇ ਕਿਹਾ ਕਿ “ਸਾਡਾ ਧਰਮ ਦਾਨ ਦੀ ਵਕਾਲਤ ਨਹੀਂ ਕਰਦਾ, ਸਗੋਂ ਕਿਰਤ ਕਰਕੇ ਇਬਾਦਤਗਾਹਾਂ ਉਸਾਰਨ ਦੀ ਗੱਲ ਕਰਦਾ ਹੈ।” ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਬਾਦਸ਼ਾਹ ਤੋਂ ਜ਼ਮੀਨ ਖਰੀਦਣ ਦੀ ਇਜਾਜ਼ਤ ਮੰਗੀ ਜੋ ਬਾਦਸ਼ਾਹ ਨੇ ਤੁਰੰਤ ਹੀ ਦੇ ਦਿੱਤੀ ਅਤੇ ਨਾਲ ਹੀ ਕਿਸਾਨਾਂ ਦੀ ਸਹਿਮਤੀ ਬਾਅਦ ਨਜ਼ਰਾਨਾ ਵੀ ਦਿੱਤਾ। ਬਾਦਸ਼ਾਹ ਨੇ ਕਿਹਾ ਕਿ ਜਿੱਥੇ ਇਹੋ ਜਿਹੇ ਫ਼ਕੀਰ ਹੋਣ ਉਸ ਪਿੰਡ ਦਾ ਨਾਂ ਦੁਸ਼ਟੇਆਬ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਦਾ ਅਰਥ ਸੀ ਪਾਣੀ ਚੋਰ। ਇਸ ਤੋਂ ਬਾਅਦ ਪਿੰਡ ਦਾ ਨਾਮ ਜ਼ਾਹੇਦਾਨ ਰੱਖ ਦਿੱਤਾ ਗਿਆ, ਜਿਸ ਦਾ ਅਰਥ ਹੈ ‘ਰੱਬ ਦੀ ਬੰਦਗੀ ਕਰਨ ਵਾਲੇ’।

ਪਹਿਲੀ ਵਿਸ਼ਵ ਜੰਗ ਤੋਂ ਬਾਅਦ, ਕਈ ਸਿੱਖਾਂ ਨੂੰ ਮੁਆਵਜ਼ੇ ਵਜੋਂ ਟਰੱਕ ਮਿਲੇ, ਜਿਨ੍ਹਾਂ ਨਾਲ ਉਹਨਾਂ ਨੇ ਜ਼ਾਹੇਦਾਨ ਵਿੱਚ ਟਰਾਂਸਪੋਰਟ ਦਾ ਕਾਰੋਬਾਰ ਸ਼ੁਰੂ ਕੀਤਾ ਸੀ। ਸ਼ੁਰੂਆਤ ਵਿੱਚ ਸਿੱਖ ਟਰਾਂਸਪੋਰਟ ਦੇ ਕਾਰੋਬਾਰ ਨਾਲ ਜੁੜੇ ਸਨ, ਪਰ ਸਮੇਂ ਨਾਲ ਉਹ ਵਪਾਰ, ਖੇਤੀ, ਨੌਕਰੀਆਂ ਵਿੱਚ ਵੀ ਸਰਗਰਮ ਹੋ ਗਏ। ਜ਼ਾਹੇਦਾਨ ਵਿੱਚ ਸਿੱਖ ਕਿਸਾਨਾਂ ਨੇ ਜ਼ਮੀਨਾਂ ਖਰੀਦੀਆਂ ਸਨ ਅਤੇ ਪਿੰਡ ਦੁਸ਼ਟੇਆਬ ਨੂੰ ਆਪਣੀ ਮਿਹਨਤ ਨਾਲ ਅਬਾਦ ਕੀਤਾ ਸੀ।

ਪੂਰੇ ਇਰਾਨ ਵਿੱਚ 1000 ਦੇ ਕਰੀਬ ਸਿੱਖ ਵਸਦੇ ਹਨ। ਅੱਜ ਤਹਿਰਾਨ ਵਿੱਚ 100 ਸਿੱਖ ਪਰਿਵਾਰ ਵੱਸਦੇ ਹਨ, ਜੋ ਜ਼ਿਆਦਾਤਰ ਵਪਾਰੀ ਹਨ। ਇਰਾਨੀ ਸਿੱਖ ਆਪਣੇ ਪੰਜ ਕਕਾਰਾਂ—ਕੇਸ, ਕੰਘਾ, ਕੜਾ, ਕਛਹਿਰਾ, ਕਿਰਪਾਨ ਨੂੰ ਸੰਭਾਲਦੇ ਹਨ, ਪਰ ਉਹ ਇਰਾਨੀ ਸੱਭਿਆਚਾਰ ਨਾਲ ਘੁਲ-ਮਿਲ ਗਏ ਹਨ। ਘਰਾਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ, ਪਰ ਬਾਹਰ ਫ਼ਾਰਸੀ ਭਾਸ਼ਾ ਦੀ ਵਰਤੋਂ ਹੁੰਦੀ ਹੈ। ਸੀਨੀਅਰ ਪੱਤਰਕਾਰ ਸਈਦ ਨਕਵੀ, ਜੋ 2001 ਵਿੱਚ ਅਟਲ ਬਿਹਾਰੀ ਵਾਜਪਾਈ ਦੇ ਨਾਲ ਇਰਾਨ ਗਏ ਸਨ, ਦੱਸਦੇ ਹਨ ਕਿ ਸਿੱਖ ਤੇ ਇਰਾਨੀ ਇੱਕ-ਦੂਜੇ ਦੇ ਘਰ ਆਉਂਦੇ-ਜਾਂਦੇ ਹਨ। ਸਿੱਖ ਇਰਾਨੀ ਸੱਭਿਆਚਾਰ ਨੂੰ ਅਪਣਾਉਂਦੇ ਹਨ, ਪਰ ਆਪਣੀ ਪਛਾਣ ਨੂੰ ਵੀ ਸੰਭਾਲਦੇ ਹਨ। ਸਿੱਖ ਮਰਦ ਆਮ ਤੌਰ ’ਤੇ ਦਸਤਾਰ ਬੰਨ੍ਹਦੇ ਹਨ, ਜਦਕਿ ਔਰਤਾਂ ਪੰਜਾਬੀ ਸਲਵਾਰ-ਕੁੜਤਾ ਜਾਂ ਇਰਾਨੀ ਸੱਭਿਆਚਾਰ ਨਾਲ ਮਿਲਦਾ ਪਹਿਰਾਵਾ ਪਾਉਂਦੀਆਂ ਹਨ।

ਇਰਾਨ ਵਿੱਚ ਸਿੱਖਾਂ ਨੂੰ ਧਾਰਮਿਕ ਆਜ਼ਾਦੀ ਹੈ। ਜਿਵੇਂ ਤਹਿਰਾਨ ਵਿੱਚ ਅਰਮੇਨੀਅਨ ਚਰਚ ਅਤੇ ਯਹੂਦੀ ਸਮਾਜ ਨੂੰ ਸਤਿਕਾਰ ਮਿਲਦਾ ਹੈ, ਤਿਵੇਂ ਸਿੱਖ ਵੀ ਆਪਣੇ ਗੁਰਦੁਆਰਿਆਂ ਵਿੱਚ ਅਜ਼ਾਦੀ ਨਾਲ ਬੰਦਗੀ ਕਰਦੇ ਹਨ।



**ਗੁਰਦੁਆਰਿਆਂ ਦੀ ਹੋਂਦ**

ਇਰਾਨ ਵਿੱਚ ਪਹਿਲਾਂ ਤਿੰਨ ਗੁਰਦੁਆਰੇ ਸਨ—ਤਹਿਰਾਨ, ਜ਼ਾਹੇਦਾਨ ਅਤੇ ਅਬਾਦਾਨ। ਅਬਾਦਾਨ ਦਾ ਗੁਰਦੁਆਰਾ ਹੁਣ ਅਜਾਇਬ-ਘਰ ਬਣ ਗਿਆ, ਪਰ ਤਹਿਰਾਨ ਦਾ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਅਤੇ ਜ਼ਾਹੇਦਾਨ ਦਾ ਗੁਰਦੁਆਰਾ ਅਜੇ ਵੀ ਸੁਸ਼ੋਭਿਤ ਹਨ। ਤਹਿਰਾਨ ਦਾ ਗੁਰਦੁਆਰਾ 1941 ਵਿੱਚ ਬਣਿਆ ਸੀ, ਜਿਸ ਨੂੰ 1967 ਵਿੱਚ ਪੱਕਾ ਕੀਤਾ ਗਿਆ। ਇਹ ਗੁਰਦੁਆਰੇ ਸਿੱਖੀ ਦਾ ਇਤਿਹਾਸਕ ਨੀਂਹ ਪੱਥਰ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੇ ਰਾਤ ਬਿਤਾਈ ਸੀ। ਗੁਰਦੁਆਰੇ ਵੱਲ ਜਾਣ ਵਾਲੀ ਸੜਕ ਦਾ ਨਾਮ ‘ਸਦਖੀ ਕਬੀਰੀ ਐਲੀ’ ਹੈ, ਜੋ ਸਿੱਖੀ ਦੀ ਸਤਿਕਾਰ ਦੀ ਮਿਸਾਲ ਹੈ। 2016 ਵਿੱਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ 2001 ਵਿੱਚ ਅਟਲ ਬਿਹਾਰੀ ਵਾਜਪੇਈ ਇਸ ਗੁਰਦੁਆਰੇ ਵਿੱਚ ਮੱਥਾ ਟੇਕਣ ਪਹੁੰਚੇ ਸਨ।

**ਮੌਜੂਦਾ ਹਾਲਾਤ ਅਤੇ ਜੰਗ ਦੀ ਤਪਸ਼**

ਅੱਜ ਜਦੋਂ ਇਰਾਨ-ਇਜ਼ਰਾਇਲ ਜੰਗ ਦੀਆਂ ਲਪਟਾਂ ਤਹਿਰਾਨ ਤੱਕ ਪਹੁੰਚ ਗਈਆਂ ਹਨ, ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਵਧ ਗਈਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ, ਤਹਿਰਾਨ ਦਾ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਬੰਦ ਕਰ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗੁਰਦੁਆਰਿਆਂ ਵਿੱਚ ਸੁਸ਼ੋਬਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਜਾਵੇ। ਇਰਾਨ ਦੇ ਹਾਲਾਤ ਅਜਿਹੇ ਹਨ ਕਿ ਲੋਕ ਪਨਾਹ ਲੈਣ ਲਈ ਭੱਜ ਰਹੇ ਹਨ। ਅਜਿਹੇ ਵਿੱਚ ਸਿੱਖਾਂ ਦੀ ਗਿਣਤੀ ਘਟ ਰਹੀ ਹੈ। ਇਰਾਨੀ ਸਰਕਾਰ ਦੀ ਉਦਾਰਤਾ ਅਤੇ ਸਿੱਖਾਂ ਦੀ ਮਿਹਨਤ ਨੇ ਹੁਣ ਤੱਕ ਉਹਨਾਂ ਨੂੰ ਸੁਰੱਖਿਅਤ ਰੱਖਿਆ ਹੈ।

# ਸਿੱਖ ਭਾਈਚਾਰੇ ਲਈ ਨਵੀਂ ਨਹੀਂ ਹੈ ਪਰਵਾਸੀ ਵਕਾਲਤ

## ਪਰਵਾਸੀ ਵਕਾਲਤ ਸਿੱਖ ਭਾਈਚਾਰੇ ਦੇ ਇਤਿਹਾਸ ਅਤੇ ਪਛਾਣ ’ਚ ਹੈ ਸ਼ਾਮਲ

## ਪਰਵਾਸੀ ਨਿਆਂ ਦੀ ਲੜਾਈ ਵਿੱਚ ਮਹੱਤਵਪੂਰਨ ਸੰਸਥਾਵਾਂ ਰਹੇ ਹਨ ਕੈਲੀਫ਼ੋਰਨੀਆ ਦੇ ਗੁਰਦੁਆਰੇ

## ਅਜੇ ਵੀ ਜਾਰੀ ਹੈ ਲਹਿਰ : ਜੈਕਾਰਾ ਫ਼ਾਊਂਡੇਸ਼ਨ

105 ਸਾਲ ਪਹਿਲਾਂ (19 ਜੂਨ, 1920 ਨੂੰ) ਕੈਲੀਫ਼ੋਰਨੀਆ ਸਟੇਟ ਬੋਰਡ ਆਫ਼ ਕੰਟਰੋਲ ਨੇ ‘ਕੈਲੀਫ਼ੋਰਨੀਆ ਅਤੇ ਪੂਰਬੀ: ਜਾਪਾਨੀ, ਚੀਨੀ ਅਤੇ ਹਿੰਦੂ’ ਸਿਰਲੇਖ ਵਾਲੀ ਇੱਕ ਅਧਿਕਾਰਤ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ। ਇਹ ਰਿਪੋਰਟ ਗਵਰਨਰ ਵਿਲੀਅਮ ਸਟੀਫ਼ਨਜ਼ ਦੁਆਰਾ 1919 ਵਿੱਚ ਐਲ ਸੈਂਟਰੋ ਦੇ ਅਸੈਂਬਲੀਮੈਨ ਜੇ. ਸਟੈਨਲੀ ਬ੍ਰਾਊਨ ਦੁਆਰਾ ਉਠਾਏ ਗਏ ‘ਹਿੰਦੂ ਸਵਾਲ’ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਬ੍ਰਾਊਨ ਨੇ ਦਲੀਲ ਦਿੱਤੀ ਕਿ ‘ਹਿੰਦੂ’ (20ਵੀਂ ਸਦੀ ਦੇ ਸ਼ੁਰੂ ਵਿੱਚ ਸਾਰੇ ਦੱਖਣੀ ਏਸ਼ੀਆਈਆਂ ਲਈ ਵਿਆਪਕ ਅਤੇ ਗਲਤ ਢੰਗ ਨਾਲ ਵਰਤਿਆ ਜਾਣ ਵਾਲਾ ਸ਼ਬਦ) ਵਧੇਰੇ ਲੋੜੀਂਦੇ ਗੋਰੇ ਨਾਗਰਿਕਾਂ ਨੂੰ ਕੁਚਲ ਰਹੇ ਸਨ, ਇਹ ਦਾਅਵਾ ਕਰਦੇ ਹੋਏ ਕਿ ਉਨ੍ਹਾਂ ਦੇ ਨੈਤਿਕ ਮਿਆਰ ਘੱਟ ਸਨ ਅਤੇ ਉਹ ਨਸਲੀ ਰੇਖਾਵਾਂ ਤੋਂ ਪਾਰ ਵਿਆਹ ਕਰ ਰਹੇ ਸਨ। ਉਸਨੇ ਜ਼ੋਰ ਦੇ ਕੇ ਕਿਹਾ ਕਿ ਇਹ ਲੋਕ ਪਰਿਵਾਰਾਂ ਤੋਂ ਬਿਨਾਂ ਆਏ ਸਨ ਅਤੇ ਉਨ੍ਹਾਂ ’ਤੇ ‘ਵਾਦੀ ਦੇ ਨਿਰਮਾਣ’ ਵਿੱਚ ਯੋਗਦਾਨ ਪਾਉਣ ਵਿੱਚ ਅਸਫ਼ਲ ਰਹਿਣ ਦਾ ਦੋਸ਼ ਲਗਾਇਆ, ਅੰਤ ਵਿੱਚ ਉਨ੍ਹਾਂ ਨੂੰ ਜ਼ਮੀਨ ਲੀਜ਼ ਤੋਂ ਬਾਹਰ ਰੱਖਣ ਅਤੇ ਕੈਲੀਫ਼ੋਰਨੀਆ ਦੇ ਸਮਾਜ ਵਿੱਚ ਵਿਆਪਕ ਭਾਗੀਦਾਰੀ ਦੀ ਵਕਾਲਤ ਕੀਤੀ। ਬਿਆਨਬਾਜ਼ੀ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਗੋਰੇ ਕੈਲੀਫ਼ੋਰਨੀਆ ਨੂੰ ਬਣਾਈ ਰੱਖਣਾ ਸੰਭਾਵੀ ਏਸ਼ੀਆਈ ਵਿਰੋਧੀ ਕਾਨੂੰਨਾਂ ਪਿੱਛੇ ਮਨੋਰਥ ਸੀ। ਰਿਪੋਰਟ ਵਿੱਚ ਜਾਪਾਨ, ਚੀਨ ਅਤੇ ਬ੍ਰਿਟਿਸ਼ ਭਾਰਤ ਤੋਂ ਆਉਣ ਵਾਲੇ ਪਰਵਾਸੀਆਂ ਬਾਰੇ ਗੱਲ ਕੀਤੀ ਗਈ ਸੀ, ਪਰ ਇਸਨੇ ਕੈਲੀਫ਼ੋਰਨੀਆ ਵਿੱਚ ਪੰਜਾਬੀ ਸਿੱਖ ਭਾਈਚਾਰੇ ਵੱਲੋਂ ਇੱਕ ਖਾਸ ਤੌਰ ’ਤੇ ਤੀਬਰ ਅਤੇ ਸੰਗਠਿਤ ਪ੍ਰਤੀਕਿਰਿਆ ਪੈਦਾ ਕੀਤੀ। ਇਸ ਵਿਰੋਧ ਦੇ ਮੋਹਰੀ ਸਥਾਨ ’ਤੇ ਸਟਾਕਟਨ ਗੁਰਦੁਆਰਾ ਸੀ – ਜੋ ਕਿ ਸੰਯੁਕਤ ਰਾਜ ਅਮਰੀਕਾ ਦਾ ਪਹਿਲਾ ਗੁਰਦੁਆਰਾ ਸੀ ਅਤੇ ਲੰਬੇ ਸਮੇਂ ਤੋਂ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਸੀ। ਰਾਜ ਦੁਆਰਾ ਫ਼ੈਲਾਏ ਜਾ ਰਹੇ ਨੁਕਸਾਨਦੇਹ ਕਥਾਵਾਂ ਦਾ ਮੁਕਾਬਲਾ ਕਰਨ ਦੀ ਤੁਰੰਤ ਲੋੜ ਨੂੰ ਪਛਾਣਦੇ ਹੋਏ, ਸਟਾਕਟਨ ਗੁਰਦੁਆਰਾ ਸਾਹਿਬ ਨੇ ਸਟੇਟ ਬੋਰਡ ਆਫ਼ ਕੰਟਰੋਲ ਰਿਪੋਰਟ ਦੇ ਸਿੱਧੇ ਜਵਾਬ ਵਿੱਚ ਇੱਕ ਸਬ-ਕਮੇਟੀ ਬਣਾਉਣ ਦਾ ਮਤਾ ਪਾਸ ਕੀਤਾ। ਨਵੰਬਰ 1920 ਵਿੱਚ, ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ (ਗੁਰਪੁਰਬ) ਦੇ ਜਸ਼ਨ ਦੌਰਾਨ, ਗੁਰਦੁਆਰਾ ਸਾਹਿਬ ਨੇ ਸੱਤ ਮੈਂਬਰੀ ਵਕਾਲਤ ਕਮੇਟੀ ਨਿਯੁਕਤ ਕੀਤੀ ਜਿਸ ਦੇ ਮੈਂਬਰ ਸੰਤ ਤਾਰਾ ਸਿੰਘ, ਸੰਤੋਖ ਸਿੰਘ, ਹਜ਼ਾਰਾ ਸਿੰਘ, ਧਰਮ ਸਿੰਘ, ਲਹਿਣਾ ਸਿੰਘ, ਲਾਲ ਸਿੰਘ ਅਤੇ ਪਰਦਮਨ ਸਿੰਘ ਸਨ।

ਰਾਜਨੀਤਿਕ ਲਾਮਬੰਦੀ ਦਾ ਇਹ ਕੰਮ ਕੋਈ ਇਕੱਲਾ ਪਲ ਨਹੀਂ ਸੀ, ਸਗੋਂ ਕੈਲੀਫ਼ੋਰਨੀਆ ਵਿੱਚ ਪਰਵਾਸੀ ਅਧਿਕਾਰਾਂ ਲਈ ਸਿੱਖ ਅਤੇ ਗੁਰਦੁਆਰੇ ਦੀ ਅਗਵਾਈ ਵਾਲੀ ਵਕਾਲਤ ਦੀ ਇੱਕ ਲੰਬੀ ਪਰੰਪਰਾ ਦਾ ਹਿੱਸਾ ਸੀ। ਗੁਰਦੁਆਰੇ ਨਾ ਸਿਰਫ਼ ਧਾਰਮਿਕ ਸਥਾਨਾਂ ਵਜੋਂ, ਸਗੋਂ ਭਾਈਚਾਰਕ ਸੰਗਠਨ ਕੇਂਦਰਾਂ ਵਜੋਂ ਵੀ ਕੰਮ ਕਰਦੇ ਸਨ, ਜਿੱਥੇ ਨਸਲੀ ਵਿਤਕਰੇ ਨਾਲ ਲੜਨ, ਜ਼ਮੀਨੀ ਅਧਿਕਾਰਾਂ ਲਈ ਦਬਾਅ ਪਾਉਣ ਅਤੇ ਨਿਰਪੱਖ ਇਮੀਗ੍ਰੇਸ਼ਨ ਕਾਨੂੰਨਾਂ ਦੀ ਵਕਾਲਤ ਕਰਨ ਲਈ ਰਣਨੀਤੀਆਂ ਵਿਕਸਤ ਕੀਤੀਆਂ ਗਈਆਂ ਸਨ। ਸਟਾਕਟਨ ਗੁਰਦੁਆਰੇ ਨੇ ਨਵੇਂ ਪਰਵਾਸੀਆਂ ਨੂੰ ਭੋਜਨ, ਰਿਹਾਇਸ਼, ਕਾਨੂੰਨੀ ਸਹਾਇਤਾ ਅਤੇ ਰਾਜਨੀਤਿਕ ਸਿੱਖਿਆ ਪ੍ਰਦਾਨ ਕੀਤੀ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਮਜ਼ਦੂਰ ਸਨ ਜੋ ਇੱਕ ਡੂੰਘੇ ਨਸਲਵਾਦੀ ਕਾਨੂੰਨੀ ਅਤੇ ਸਮਾਜਿਕ ਦ੍ਰਿਸ਼ਟੀਕੋਣ ਵਿੱਚ ਕੰਮ ਕਰ ਰਹੇ ਸਨ। 1922 ਵਿੱਚ, ਜਦੋਂ ਸਟੇਟ ਬੋਰਡ ਆਫ਼ ਕੰਟਰੋਲ ਨੇ ਆਪਣੀ ਸੋਧੀ ਹੋਈ ਰਿਪੋਰਟ ਪ੍ਰਕਾਸ਼ਤ ਕੀਤੀ, ਤਾਂ ਸਟਾਕਟਨ ਗੁਰਦੁਆਰਾ ਸਾਹਿਬ ਨੇ ਦੁਬਾਰਾ ਜਵਾਬ ਦਿੱਤਾ – ‘ਇਸ ਵਾਰ ਪ੍ਰਦਮਨ ਸਿੰਘ ਦੁਆਰਾ ਪ੍ਰਸ਼ਾਂਤ ਤੱਟ ਦੇ ਹਿੰਦੁਸਤਾਨੀਆਂ ਦੇ ਨਸਲੀ-ਵਿਰੋਧੀ ਐਪੀਟੋਮ ਪ੍ਰਕਾਸ਼ਤ ਕਰਕੇ।’ ਕਿਤਾਬ ਦਾ ਉਦੇਸ਼ ਰਾਜਨੀਤਿਕ ਅਤੇ ਮੀਡੀਆ ਭਾਸ਼ਣ ’ਤੇ ਹਾਵੀ ਦੱਖਣੀ ਏਸ਼ੀਆਈ ਵਿਰੋਧੀ ਬਿਰਤਾਂਤਾਂ ਨੂੰ ਚੁਣੌਤੀ ਦੇਣਾ ਸੀ, ਦੱਖਣੀ ਏਸ਼ੀਆਈ ਪਰਵਾਸੀਆਂ ਦਾ ਇੱਕ ਸਤਿਕਾਰਯੋਗ ਬਚਾਅ ਪ੍ਰਦਾਨ ਕਰਨਾ। ਗੁਰਦੁਆਰਾ ਸਾਹਿਬਾਨ ਵੱਲੋਂ ਪ੍ਰਭਾਵਿਤ ਵਿਅਕਤੀਆਂ ਦਾ ਸਮਰਥਨ ਕਰਨਾ ਜਾਰੀ ਰੱਖਿਆ, ਅਕਸਰ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੇ ਰਹੇ ਅਤੇ ਪ੍ਰਸ਼ਾਂਤ ਤੱਟ ’ਤੇ ਪਰਵਾਸੀਆਂ ਲਈ ਅਜਿਹੇ ਫ਼ੈਸਲਿਆਂ ਦੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਦੇ ਰਹੇ। 20ਵੀਂ ਸਦੀ ਦੇ ਸ਼ੁਰੂ ਤੋਂ ਅੱਜ ਤੱਕ, ਕੈਲੀਫ਼ੋਰਨੀਆ ਦੇ ਗੁਰਦੁਆਰੇ ਪਰਵਾਸੀ ਨਿਆਂ ਦੀ ਲੜਾਈ ਵਿੱਚ ਮਹੱਤਵਪੂਰਨ ਸੰਸਥਾਵਾਂ ਰਹੇ ਹਨ। 1920 ਦੀ ਰਿਪੋਰਟ ਦਾ ਜਵਾਬ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਂਦਾ ਹੈ ਕਿ ਪਰਵਾਸੀ ਵਕਾਲਤ ਸਿੱਖ ਭਾਈਚਾਰੇ ਲਈ ਨਵੀਂ ਨਹੀਂ ਹੈ – ਇਹ ਉਨ੍ਹਾਂ ਦੇ ਇਤਿਹਾਸ ਅਤੇ ਪਛਾਣ ਵਿੱਚ ਸ਼ਾਮਲ ਹੈ। ਪਰਵਾਸੀ ਨਿਆਂ ਲਈ ਲੜਨ ਦੀ ਲਹਿਰ 20ਵੀਂ ਸਦੀ ਦੇ ਸ਼ੁਰੂ ਵਿੱਚ ਖਤਮ ਨਹੀਂ ਹੋਈ ਸੀ। ਲਹਿਰ ਅੱਜ ਵੀ ਜਾਰੀ ਹੈ। ਅਸੀਂ ਲਹਿਰ ਹਾਂ।

ਤੇਜਪਾਲ ਸਿੰਘ
ਜੈਕਾਰਾ ਫ਼ਾਊਂਡੇਸ਼ਨ

# ਜ਼ਿਮਨੀ ਚੋਣ ਦਾ ਮੇਲਾ ਆਮ ਆਦਮੀ ਪਾਰਟੀ ਨੇ ਲੁੱਟਿਆ

## ਪੰਜਾਬ ਅਤੇ ਗੁਜਰਾਤ ਦੀ ਸਿਆਸਤ ਦੀ ਦਿਸ਼ਾ ਅਤੇ ਦਸ਼ਾ ਨੂੰ ਪ੍ਰਭਾਵਿਤ ਕਰਨਗੇ ਜ਼ਿਮਨੀ ਚੋਣਾਂ ਦੇ ਨਤੀਜੇ

ਜਗਮੋਹਨ ਸਿੰਘ
9463819174

## ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀਫ਼ਾਈਨਲ ਮੰਨਿਆ ਜਾ ਰਿਹੈ ਜ਼ਿਮਨੀ ਚੋਣਾਂ ਨੂੰ

## ਕਾਂਗਰਸ, ਭਾਜਪਾ ਤੇ ਅਕਾਲੀ ਦਲ ਬਾਦਲ ਨੂੰ ਵੋਟਰਾਂ ਨੇ ਨਹੀਂ ਭਰਿਆ ਆਸ ਮੁਤਾਬਿਕ ਹੁੰਗਾਰਾ





ਸਾਲ 2027 ਦੌਰਾਨ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਸੈਮੀਫ਼ਾਈਨਲ ਮੰਨੀ ਜਾ ਰਹੀ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ 'ਚ ਹੋਈ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਵੱਡੀ ਜਿੱਤ ਨੇ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਿਆਸੀ ਤਾਕਤ ਨੂੰ ਹੋਰ ਮਜਬੂਤ ਕੀਤਾ ਹੈ, ਉਥੇ ਹੋਰਨਾਂ ਸਿਆਸੀ ਪਾਰਟੀਆਂ ਨੂੰ ਵੀ ਆਪਣੀ ਹਾਰ ਦੇ ਕਾਰਨਾਂ ਬਾਰੇ ਘੋਖ ਪੜਤਾਲ ਕਰਕੇ ਆਪਣੀ ਕਾਰਗੁਜ਼ਾਰੀ ਵਿੱਚ ਹੋਰ ਸੁਧਾਰ ਲਿਆਉਣ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਲੁਧਿਆਣਾ ਨੂੰ 'ਭਾਰਤ ਦਾ ਮਾਨਚੈਸਟਰ' ਵੀ ਕਿਹਾ ਜਾਂਦਾ ਹੈ ਅਤੇ ਇਹ ਸ਼ਹਿਰ ਪੰਜਾਬ ਦਾ ਸਭ ਤੋਂ ਵੱਡਾ ਉਦਯੋਗਿਕ ਅਤੇ ਵਪਾਰਕ ਕੇਂਦਰ ਹੈ। ਜਿਸ ਕਰਕੇ ਇਸ ਸ਼ਹਿਰ ਦੇ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਨੂੰ ਕਾਫ਼ੀ ਮਹੱਤਵਪੂਰਨ ਮੰਨਿਆ ਜਾ ਰਿਹਾ ਸੀ। ਭਾਵੇਂ 19 ਜੂਨ ਨੂੰ ਹੋਈ ਵੋਟਿੰਗ ਵਿੱਚ 51.33 ਫ਼ੀਸਦੀ ਪੋਲਿੰਗ ਹੀ ਦਰਜ ਕੀਤੀ ਗਈ ਸੀ। ਇਸ ਸੀਟ 'ਤੇ ਹੋਏ ਸਖ਼ਤ ਮੁਕਾਬਲੇ ਦੇ ਬਾਵਜੂਦ ਵੱਡੀ ਗਿਣਤੀ ਵੋਟਰ ਵੋਟ ਪਾਉਣ ਲਈ ਨਹੀਂ ਸੀ ਨਿਕਲੇ, ਇਸ ਦੇ ਬਾਵਜੂਦ ਇਸ ਸੀਟ ਤੋਂ ਆਮ ਆਦਮੀ ਪਾਰਟੀ ਦੀ ਜਿੱਤ ਕਾਫ਼ੀ ਅਹਿਮੀਅਤ ਰੱਖਦੀ ਹੈ।

ਇਸ ਚੋਣ ਦੇ ਨਤੀਜੇ ਪੰਜਾਬ ਦੇ ਸਿਆਸੀ ਦ੍ਰਿਸ਼ 'ਚ ਮਹੱਤਵਪੂਰਨ ਤਬਦੀਲੀ ਦਾ ਸੰਕੇਤ ਵੀ ਦਿੰਦੇ ਦਿਖਾਈ ਦੇ ਰਹੇ ਹਨ ਅਤੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਅਤੇ ਹੋਰ ਸਿਆਸੀ ਪਾਰਟੀਆਂ ਦੀਆਂ ਤਿਆਰੀਆਂ ਦਾ ਹੁਣੇ ਤੋਂ ਸੰਕੇਤ ਦੇ ਰਹੇ ਹਨ। ਧੜੇਬੰਦੀ ਦੇ ਬਾਵਜੂਦ ਇਸ ਚੋਣ ਵਿੱਚ ਕਾਂਗਰਸ ਦਾ ਉਮੀਦਵਾਰ ਦੂਜੇ ਸਥਾਨ 'ਤੇ ਰਿਹਾ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਦੇ ਅਨੇਕਾਂ ਲੋਕ ਅਜੇ ਵੀ ਕਾਂਗਰਸ ਵਿਚੋਂ ਸੰਭਾਵਨਾਵਾਂ ਤਲਾਸ਼ ਕਰਨ ਦਾ ਯਤਨ ਕਰ ਰਹੇ ਹਨ। ਕਾਂਗਰਸ ਦੇ ਉਮੀਦਵਾਰ ਅਤੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਮਿਲੀ ਹਾਰ ਕਾਰਨ ਇਸ ਪਾਰਟੀ ਵਿੱਚ ਧੜੇਬੰਦੀ ਹੋਰ ਵੱਧ ਜਾਣ ਦੇ ਆਸਾਰ ਪੈਦਾ ਹੋ ਗਏ ਹਨ। ਇਸ ਚੋਣ ਵਿੱਚ ਭਾਜਪਾ ਉਮੀਦਵਾਰ ਨੇ ਤੀਜੇ ਨੰਬਰ 'ਤੇ ਰਹਿ ਕੇ ਵੀ ਚੰਗੀ ਕਾਰਗੁਜ਼ਾਰੀ ਦਿਖਾਈ। ਭਾਜਪਾ ਨੂੰ ਇਸ ਹਲਕੇ ਵਿੱਚ ਉਮੀਦਵਾਰ ਐਲਾਨਣ 'ਚ ਹੋਈ ਦੇਰੀ ਕਾਰਨ ਵੀ ਹਾਰ ਦਾ ਮੂੰਹ ਵੇਖਣਾ ਪਿਆ। ਇਸ ਹਲਕੇ ਤੋਂ ਭਾਜਪਾ ਸਿਆਸੀ ਤਸਵੀਰ ਬਦਲਣ ਵਿੱਚ ਕਾਮਯਾਬ ਨਹੀਂ ਹੋਈ ਭਾਵੇਂ ਕਿ ਉਸ ਦਾ ਪ੍ਰਦਰਸ਼ਨ ਇਸ ਚੋਣ ਵਿੱਚ ਕੁਝ ਬਿਹਤਰ ਕਿਹਾ ਜਾ ਸਕਦਾ ਹੈ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਅਕਾਲੀ ਦਲ ਬਾਦਲ ਦਾ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਚੌਥੇ ਸਥਾਨ 'ਤੇ ਰਿਹਾ ਹੈ ਅਤੇ ਉਸ ਦੀ ਜ਼ਮਾਨਤ ਹੀ ਜ਼ਬਤ ਹੋ ਗਈ ਹੈ। ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਪੰਜਾਬ ਦੇ ਲੋਕ ਅਜੇ ਵੀ ਅਕਾਲੀ ਦਲ ਬਾਦਲ ਨਾਲ ਨਾਰਾਜ਼ ਹਨ। ਸੁਖਬੀਰ ਬਾਦਲ ਦੇ ਪਾਰਟੀ ਦਾ ਮੁੜ ਪ੍ਰਧਾਨ ਬਣਨ ਤੋਂ ਬਾਅਦ ਇਹ ਪਹਿਲੀ ਚੋਣ ਸੀ ਅਤੇ ਇਸ ਚੋਣ ਦੌਰਾਨ ਸੁਖਬੀਰ ਬਾਦਲ ਨੇ ਲੁਧਿਆਣਾ ਵਿੱਚ ਡੇਰਾ ਲਗਾ ਰੱਖਿਆ ਸੀ ਪਰ ਸੁਖਬੀਰ ਬਾਦਲ ਦਾ ਜਾਦੂ ਨਹੀਂ ਚੱਲ ਸਕਿਆ। ਇਸ ਚੋਣ ਵਿੱਚ ਅਕਾਲੀ ਦਲ ਨੇ ਸਾਲ 2022 ਵਾਲੀ ਹੀ ਕਾਰਗੁਜ਼ਾਰੀ ਦਿਖਾਈ ਹੈ। ਸਾਲ 2022 ਵਿੱਚ ਵੀ ਇਸ ਹਲਕੇ ਤੋਂ ਅਕਾਲੀ ਦਲ ਬਾਦਲ ਦਾ ਉਮੀਦਵਾਰ ਚੌਥੇ ਨੰਬਰ 'ਤੇ ਹੀ ਰਿਹਾ ਸੀ। ਇਸ ਕਰਕੇ ਸਿਆਸੀ ਮਾਹਿਰ ਕਹਿ ਰਹੇ ਹਨ ਕਿ ਅਕਾਲੀ ਦਲ ਬਾਦਲ ਦੀ ਕਾਰਗੁਜ਼ਾਰੀ ਵਿੱਚ ਸਾਲ 2022 ਤੋਂ ਲੈ ਕੇ ਹੁਣ ਤੱਕ ਕੋਈ ਸੁਧਾਰ ਨਹੀਂ ਆਇਆ ਹੈ। ਇਹ ਚੋਣ ਦੌਰਾਨ ਅਕਾਲੀ ਉਮੀਦਵਾਰ ਘੁੰਮਣ ਨੂੰ 8203 ਵੋਟਾਂ ਪਈਆਂ ਹਨ ਜਦੋਂ ਕਿ ਸਾਲ 2022 ਦੀਆਂ ਚੋਣਾਂ ਦੌਰਾਨ ਅਕਾਲੀ ਦਲ ਬਾਦਲ ਦੇ ਉਮੀਦਵਾਰ ਮਹੇਸ਼ ਇੰਦਰ ਸਿੰਘ ਗਰੇਵਾਲ ਨੂੰ 10,072 ਵੋਟਾਂ ਪਈਆਂ ਸਨ। ਇਸ ਤਰ੍ਹਾਂ ਇਸ ਚੋਣ ਵਿੱਚ ਬਾਦਲ ਦਲ ਦੀ ਕਾਰਗੁਜ਼ਾਰੀ ਪਹਿਲਾਂ ਨਾਲੋਂ ਵੀ ਢਿੱਲੀ ਰਹਿ ਗਈ ਹੈ। ਵਿਧਾਨ ਸਭਾ ਦੀਆਂ 1977 ਤੋਂ ਹੁਣ ਤੱਕ ਦਸ ਵਿਧਾਨ ਸਭਾ ਚੋਣਾਂ 'ਤੇ ਨਜ਼ਰ ਮਾਰੀਏ ਤਾਂ ਅਕਾਲੀ ਦਲ ਦੋ ਵਾਰ ਇਸ ਹਲਕੇ ਤੋਂ ਜਿੱਤਿਆ ਹੈ। 2007 ਵਿੱਚ ਪਾਰਟੀ ਉਮੀਦਵਾਰ ਹਰੀਸ਼ ਰਾਏ ਢਾਂਡਾ 57.0 ਫ਼ੀਸਦੀ ਵੋਟਾਂ ਲੈ ਕੇ ਇਸ ਹਲਕੇ ਤੋਂ ਜਿੱਤ ਗਏ ਸਨ।

(ਬਾਕੀ ਸਫ਼ਾ 30 'ਤੇ)

### ਮੋਦੀ ਦੇ ਗੜ੍ਹ ਗੁਜਰਾਤ 'ਚ ਵੀ 'ਆਪ' ਨੇ ਗੱਡੇ ਜਿੱਤ ਦੇ ਝੰਡੇ

ਆਮ ਆਦਮੀ ਪਾਰਟੀ ਇਸ ਸਮੇਂ ਜਿੱਤ ਦੇ ਦੋਹਰੇ ਜਸ਼ਨ ਮਨਾ ਹੈ। ਇੱਕ ਪਾਸੇ ਉਸ ਨੇ ਪੰਜਾਬ ਦੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਜਿੱਤ ਲਈ ਹੈ, ਦੂਜੇ ਪਾਸੇ ਉਸ ਨੇ ਗੁਜਰਾਤ ਵਿੱਚ ਵਿਰੋਧੀ ਧਿਰ ਵਿੱਚ ਹੋਣ ਦੇ ਬਾਵਜੂਦ 'ਵਿਸਾਵਦਰ' ਅਸੈਂਬਲੀ ਹਲਕੇ ਦੀ ਜ਼ਿਮਨੀ ਚੋਣ ਜਿੱਤ ਲਈ ਹੈ। ਇਸ ਹਲਕੇ ਤੋਂ ਹੋਈ ਚੋਣ ਵਿੱਚ 'ਆਪ' ਉਮੀਦਵਾਰ ਇਤਾਲੀਆ ਗੋਪਾਲ ਨੇ ਭਾਜਪਾ ਦੇ ਕਿਰਿਤ ਪਟੇਲ ਨੂੰ 17554 ਵੋਟਾਂ ਨਾਲ ਹਰਾਇਆ। 'ਆਪ' ਉਮੀਦਵਾਰ ਇਤਾਲੀ ਗੋਪਾਲ ਨੂੰ ਕੁੱਲ 75942 ਵੋਟਾਂ ਪਈਆਂ। ਪਟੇਲ 58388 ਵੋਟਾਂ ਨਾਲ ਦੂਜੇ ਜਦੋਂਕਿ ਕਾਂਗਰਸੀ ਉਮੀਦਵਾਰ ਨਿਤਿਨ ਰਣਪਾਰੀਆ 5501 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ। ਵਿਸਾਵਦਰ ਸੀਟ ਦਸੰਬਰ 2023 ਵਿੱਚ ਤਤਕਾਲੀ 'ਆਪ' ਵਿਧਾਇਕ ਭੂਪੇਂਦਰ ਭਯਾਨੀ ਦੇ ਅਸਤੀਫ਼ਾ ਦੇਣ ਅਤੇ ਸੱਤਾਧਾਰੀ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਖਾਲੀ ਹੋ ਗਈ ਸੀ। ਜਿਹੜੇ ਸਿਆਸੀ ਆਗੂ ਕਹਿੰਦੇ ਸਨ ਕਿ ਸੱਤਾਧਾਰੀ ਪਾਰਟੀ ਲਈ ਜ਼ਿਮਨੀ ਚੋਣ ਜਿੱਤਣਾ ਔਖਾ ਨਹੀਂ ਹੁੰਦਾ,

(ਬਾਕੀ ਸਫ਼ਾ 30 'ਤੇ)

### ਸੰਜੀਵ ਅਰੋੜਾ 10, 637 ਵੋਟਾਂ ਦੇ ਫਰਕ ਨਾਲ ਰਹੇ ਜੇਤੂ

ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਕੁੱਲ 35,179 ਵੋਟਾਂ ਮਿਲੀਆਂ। ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ 24,542 ਵੋਟਾਂ ਲੈ ਕੇ ਦੂਜੇ ਸਥਾਨ 'ਤੇ ਰਹੇ। ਭਾਜਪਾ ਉਮੀਦਵਾਰ ਜੀਵਨ ਗੁਪਤਾ ਨੇ 20,323 ਵੋਟਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦੀ ਜ਼ਮਾਨਤ ਜ਼ਬਤ ਹੋ ਗਈ। ਉਨ੍ਹਾਂ ਨੂੰ ਸਿਰਫ਼ 8,203 ਵੋਟਾਂ ਪਈਆਂ। ਜ਼ਿਮਨੀ ਚੋਣ ਵਿੱਚ 793 ਵੋਟਰਾਂ ਨੇ ਨੋਟਾ ਦਾ ਬਟਨ ਦੱਬਿਆ। ਹਲਕੇ 'ਤੇ ਸਿਆਸੀ ਝਾਤ ਮਾਰੀਏ ਤਾਂ ਸਾਲ 2022 ਦੀਆਂ ਚੋਣਾਂ ਵਿੱਚ ਇਸ ਹਲਕੇ ਤੋਂ 'ਆਪ' ਨੂੰ 34.8 ਫ਼ੀਸਦੀ ਵੋਟਾਂ ਮਿਲੀਆਂ ਸਨ ਜਦੋਂ ਕਿ ਹੁਣ 39.02 ਫ਼ੀਸਦੀ ਵੋਟਾਂ ਮਿਲੀਆਂ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਹਲਕੇ ਤੋਂ 'ਆਪ' ਨੂੰ 24.6 ਫ਼ੀਸਦੀ ਵੋਟ ਮਿਲੇ ਸਨ।

# ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਵਿਜੀਲੈਂਸ ਬਿਊਰੋ ਨੇ ਲਿਆ ਹਿਰਾਸਤ ਵਿੱਚ

## ਵਿਜੀਲੈਂਸ ਵੱਲੋਂ ਮਜੀਠੀਆ ਦੀ ਅੰਮ੍ਰਿਤਸਰ ਅਤੇ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਛਾਪੇਮਾਰੀ

ਅੰਮ੍ਰਿਤਸਰ/ਚੰਡੀਗੜ੍ਹ/ਏ.ਟੀ.ਨਿਊਜ਼ :ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਗਰੀਨ ਐਵਨਿਊ ਵਿੱਚਲੀ ਰਿਹਾਇਸ਼ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਉਨ੍ਹਾਂ ਨੂੰ ਅਗਲੇਰੀ ਕਾਰਵਾਈ ਵਾਸਤੇ ਆਪਣੇ ਨਾਲ ਮੁਹਾਲੀ ਲੈ ਗਈ। ਇਸ ਦੌਰਾਨ ਉਨ੍ਹਾਂ ਦੀ ਰਿਹਾਇਸ਼ ਦੇ ਬਾਹਰ ਅਕਾਲੀ ਵਰਕਰਾਂ ਵੱਲੋਂ ਲਗਾਤਾਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਬਿਕਰਮ ਮਜੀਠੀਆ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨੇੜਲੇ ਰਿਸ਼ਤੇਦਾਰ ਹਨ। ਇਸ ਤੋਂ ਪਹਿਲਾਂ ਮਜੀਠੀਆ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਿੱਚ ਸਾਫ਼ ਕਰ ਦਿੱਤਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸਿਆਸੀ ਬਦਲਾਖੋਰੀ ਵਾਲੀ ਕਾਰਵਾਈ ਤੋਂ ਡਰਨ ਵਾਲੇ ਨਹੀਂ ਹਨ।

ਦੱਸ ਦੇਈਏ ਕਿ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਅੰਮ੍ਰਿਤਸਰ ਤੇ ਚੰਡੀਗੜ੍ਹ ਵਿਚਲੀਆਂ ਰਿਹਾਇਸ਼ਾਂ 'ਤੇ ਦਸਤਕ ਦਿੱਤੀ। ਜਾਣਕਾਰੀ ਅਨੁਸਾਰ ਵਿਜੀਲੈਂਸ ਦੀ ਟੀਮ ਨੇ ਨਸ਼ਾ ਤਸਕਰੀ ਤੇ ਇਸ ਨਾਲ ਜੁੜੇ ਕਾਲੇ ਧਨ ਦੀ ਜਾਂਚ ਨੂੰ ਲੈ ਕੇ ਪੰਜਾਬ ਵਿੱਚ 24 ਹੋਰ ਟਿਕਾਣਿਆਂ 'ਤੇ ਛਾਪੇ ਮਾਰੇ ਹਨ। ਵਿਜੀਲੈਂਸ ਦੀ ਟੀਮ ਨੇ ਪਹਿਲਾਂ ਅੰਮ੍ਰਿਤਸਰ ਵਿਚਲੀ ਗ੍ਰੀਨ ਐਵੇਨਿਊ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ। ਟੀਮ ਵਿੱਚ ਵਿਜੀਲੈਂਸ ਦੇ ਅੱਠ ਤੋਂ 10 ਅਧਿਕਾਰੀ ਤੇ ਕਰਮਚਾਰੀ ਸ਼ਾਮਲ ਸਨ।





ਛਾਪਾ ਮਾਰਨ ਆਈ ਇਸ ਟੀਮ ਨੇ ਛਾਪੇ ਦੀ ਕਾਰਵਾਈ ਬਾਰੇ ਕੁਝ ਵੀ ਦੱਸਣ ਤੋਂ ਇਨਕਾਰ ਕੀਤਾ। ਇਸ ਸਬੰਧ ਵਿੱਚ ਪੁਲਿਸ ਅਤੇ ਵਿਜੀਲੈਂਸ ਵਿਭਾਗ ਦੋਵਾਂ ਨੇ ਚੁੱਪ ਧਾਰੀ ਹੋਈ ਹੈ। ਇਹ ਛਾਪੇਮਾਰੀ ਕਿਸ ਸਬੰਧ ਵਿੱਚ ਕੀਤੀ ਗਈ ਹੈ, ਫਿਲਹਾਲ ਇਸ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ ਅਤੇ ਇਹ ਭੇਦ ਬਣਿਆ ਹੋਇਆ ਹੈ। ਦੱਸਣ ਯੋਗ ਹੈ ਕਿ ਮਜੀਠੀਆ ਇਸ ਵੇਲੇ ਨਸ਼ਿਆਂ ਦੇ ਦੋਸ਼ ਹੇਠ ਚੱਲ ਰਹੇ ਇੱਕ ਕੇਸ ਦਾ ਸਾਹਮਣਾ ਕਰ ਰਹੇ ਹਨ।

ਹਿਰਾਸਤ ਵਿੱਚ ਲਏ ਜਾਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਐਕਸ 'ਤੇ ਟਵੀਟ ਰਾਹੀਂ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਘਰ ਵਿੱਚ ਵਿਜੀਲੈਂਸ ਨੇ ਛਾਪੇਮਾਰੀ ਕੀਤੀ ਹੈ। ਉਹ ਖੁਦ ਘਰ ਵਿੱਚ ਹਨ ਅਤੇ ਉਨ੍ਹਾਂ ਨੂੰ ਬਿਨਾਂ ਕੋਈ ਜਾਣਕਾਰੀ ਦਿੱਤੇ ਇਸ ਟੀਮ ਨੇ ਘਰ ਵਿੱਚ ਛਾਪੇਮਾਰੀ ਕੀਤੀ ਹੈ, ਜਿਸ ਦੀ ਅਗਵਾਈ ਵਿਜੀਲੈਂਸ ਵਿਭਾਗ ਦੇ ਐੱਸ.ਐੱਸ.ਪੀ. ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸਬੰਧ ਵਿੱਚ ਦਰਜ ਕੇਸ ਵਿੱਚ ਜਦੋਂ ਉਨ੍ਹਾਂ ਖਿਲਾਫ਼ ਕੁਝ ਨਹੀਂ ਮਿਲਿਆ ਤਾਂ ਸਰਕਾਰ ਉਨ੍ਹਾਂ ਖਿਲਾਫ ਇੱਕ ਹੋਰ ਨਵਾਂ ਮਾਮਲਾ ਦਰਜ ਕਰਨ ਦਾ ਯਤਨ ਕਰ ਰਹੀ ਹੈ।

ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਉਨ੍ਹਾਂ ਨੂੰ ਡਰਾਉਣ ਅਤੇ ਧਮਕਾਉਣ ਦਾ ਯਤਨ ਕਰ ਰਹੀ ਹੈ ਪਰ ਉਹ ਡਰਨ ਵਾਲੇ ਨਹੀਂ ਹਨ। ਉਨ੍ਹਾਂ ਕਿਹਾ, "ਮੈਂ ਹਮੇਸ਼ਾ ਪੰਜਾਬ ਦੇ ਮੁੱਦਿਆਂ 'ਤੇ ਗੱਲ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਗੱਲ ਕਰਦਾ ਰਹਾਂਗਾ। ਮੈਨੂੰ ਅਕਾਲ ਪੁਰਖ ਤੇ ਪੂਰਾ ਭਰੋਸਾ ਹੈ ਅਤੇ ਅੰਤ ਵਿੱਚ ਸੱਚਾਈ ਦੀ ਜਿੱਤ ਹੋਵੇਗੀ।" ਅਕਾਲੀ ਆਗੂ ਨੇ ਐਕਸ 'ਤੇ ਇੱਕ ਵੀਡੀਓ ਵੀ ਅਪਲੋਡ ਕੀਤੀ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਦੇ ਕੱਪੜਿਆਂ ਵਿੱਚ ਪੁਲਿਸ ਕਰਮਚਾਰੀ ਦਿਖਾਈ ਦੇ ਰਹੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਸ਼ਨਾਖਤ ਬਾਰੇ ਪੁੱਛ ਰਹੇ ਹਨ। ਮਜੀਠੀਆ ਆਪਣੇ ਸਹਿਯੋਗੀਆਂ ਨੂੰ ਇਸ ਸਾਰੀ ਕਾਰਵਾਈ ਦੀ ਵੀਡੀਓ ਬਣਾਉਣ ਬਾਰੇ ਵੀ ਆਖ ਰਹੇ ਹਨ।

ਹਲਕਾ ਮਜੀਠਾ ਤੋਂ ਵਿਧਾਇਕ ਬੀਬੀ ਗਨੀਵ ਕੌਰ, ਜੋ ਕਿ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਪਤਨੀ ਹਨ, ਨੇ ਵੀ ਵਿਜੀਲੈਂਸ ਵਿਭਾਗ ਦੀ ਇਸ ਕਾਰਵਾਈ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਇੱਕ ਵੀਡੀਓ ਵਿੱਚ ਉਹ ਵਿਜੀਲੈਂਸ ਦੀ ਟੀਮ ਨਾਲ ਬਹਿਸ ਕਰਦੇ ਹੋਏ ਦਿਖਾਈ ਦੇ ਰਹੇ ਹਨ। ਗਨੀਵ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਘਰ ਵਿੱਚ ਬਿਨਾਂ ਆਗਿਆ ਲਏ 25 ਤੋਂ 30 ਵਿਜੀਲੈਂਸ ਕਰਮਚਾਰੀ ਦਾਖਲ ਹੋਏ ਹਨ, ਜੋ ਕਿ ਸਰਾਸਰ ਨਿਯਮਾਂ ਦੀ ਉਲੰਘਣਾ ਹੈ। ਜੇਕਰ ਕੋਈ ਮਸਲਾ ਹੈ ਤਾਂ ਉਨ੍ਹਾਂ ਨੂੰ ਦੱਸਿਆ ਜਾਵੇ। ਉਨ੍ਹਾਂ ਕਿਹਾ ਕਿ ਬਿਨਾਂ ਪ੍ਰਵਾਨਗੀ ਲਏ ਜਬਰੀ ਘਰ ਵਿੱਚ ਦਾਖਲ ਹੋਣਾ ਕਿੰਨਾ ਕੁ ਜਾਇਜ਼ ਹੈ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅੰਮ੍ਰਿਤਸਰ ਵਿਚਲੀ ਗਰੀਨ ਐਵਨਿਊ ਸਥਿਤ ਰਿਹਾਇਸ਼ ਉੱਤੇ ਛਾਪੇਮਾਰੀ ਤੋਂ ਬਾਅਦ ਵਿਜੀਲੈਂਸ ਦੀ ਟੀਮ ਨੇ ਅਕਾਲੀ ਆਗੂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਵੀ ਦਸਤਕ ਦਿੱਤੀ। ਕੁਝ ਸਮਾਂ ਪਹਿਲਾਂ ਚੰਡੀਗੜ੍ਹ ਸਥਿਤ ਐੱਮ.ਐੱਲ.ਏ. ਹੋਸਟਲ ਵਿੱਚ ਬਿਕਰਮ ਸਿੰਘ ਮਜਿਠੀਆ ਦੀ ਰਿਹਾਇਸ਼ ਉੱਤੇ ਵਿਜੀਲੈਂਸ ਬਿਊਰੋ ਤੇ ਕਈ ਹੋਰ ਮੁਲਾਜ਼ਮ ਪਹੁੰਚੇ ਸਨ। ਇਸ ਦੌਰਾਨ ਵਿਜੀਲੈਂਸ ਬਿਊਰੋ ਦੀ ਟੀਮ ਨੇ ਪੱਤਰਕਾਰਾਂ ਨਾਲ ਕੋਈ ਗੱਲ ਕਰਨ ਤੋਂ ਪਾਸਾ ਵੱਟਿਆ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਲੀਗਲ ਸੈੱਲ ਦੇ ਪ੍ਰਧਾਨ ਐਡਵੋਕੇਟ ਅਰਸ਼ਦੀਪ ਕਲੇਰ ਨੇ ਮੌਕੇ 'ਤੇ ਪਹੁੰਚ ਕੇ ਵਿਜੀਲੈਂਸ ਬਿਊਰੋ ਦੀ ਟੀਮ ਨੂੰ ਸਰਚ ਵਾਰੰਟ ਦਿਖਾਉਣ ਦੀ ਗੱਲ ਆਖੀ। ਹਾਲਾਂਕਿ ਵਿਜੀਲੈਂਸ ਬਿਊਰੋ ਨੇ ਕੋਈ ਗੱਲ ਕੀਤੇ ਬਿਨਾਂ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਰਾਹੀਂ ਆਖਿਆ ਹੈ ਕਿ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਦੇ ਨਾਲ ਡੱਟ ਕੇ ਖੜਾ ਹੈ।

# ਅਮਰੀਕਾ ਦੇਵੇਗਾ ਵੱਡੀ ਗਿਣਤੀ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲਾ

## ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਹੁਕਮ ਨੂੰ ਬਰਕਰਾਰ ਰੱਖਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਤੋਂ ਵੱਡੀ ਗਿਣਤੀ ਵਿੱਚ ਗ਼ੈਰ ਕਾਨੂੰਨੀ ਪਰਵਾਸੀ ਡਿਪੋਰਟ ਕੀਤੇ ਜਾਣਗੇ। ਬੀਤੇ ਦਿਨ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਹੁਕਮ ਨੂੰ ਬਰਕਰਾਰ ਰੱਖਿਆ। ਇਹ ਫੈਸਲਾ ਬਹੁਗਿਣਤੀ ਜੱਜਾਂ ਨੇ ਦਿੱਤਾ। ਇਸ ਤੋਂ ਪਹਿਲਾਂ ਬੋਸਟਨ ਜ਼ਿਲ੍ਹਾ ਜੱਜ ਬ੍ਰਾਇਨ ਮਰਫੀ ਨੇ ਟਰੰਪ ਪ੍ਰਸ਼ਾਸਨ ਦੇ ਹੁਕਮ 'ਤੇ 'ਰੋਕ' ਲਗਾਉਂਦਿਆਂ ਕਿਹਾ ਸੀ ਕਿ ਭਾਵੇਂ ਉਹ ਪਰਵਾਸੀ ਗ਼ੈਰ-ਕਾਨੂੰਨੀ ਤੌਰ 'ਤੇ ਆਏ ਹੋਣ, ਉਨ੍ਹਾਂ ਨੂੰ ਆਪਣਾ ਬਚਾਅ ਕਰਨ ਦਾ ਅਧਿਕਾਰ ਹੈ। ਸੁਪਰੀਮ ਕੋਰਟ ਨੇ ਇਸਨੂੰ ਅਸਵੀਕਾਰਨਯੋਗ ਮੰਨਿਆ ਅਤੇ ਟਰੰਪ ਪ੍ਰਸ਼ਾਸਨ ਦੇ ਹੁਕਮ ਨੂੰ ਬਰਕਰਾਰ ਰੱਖਿਆ।



ਇਸ ਤੋਂ ਬਾਅਦ ਗ੍ਰਹਿ ਸੁਰੱਖਿਆ ਵਿਭਾਗ ਦੇ ਬੁਲਾਰੇ ਟ੍ਰਿਸੀਆ ਮੈਕਲਾਫਲਿਨ ਨੇ ਕਿਹਾ ਕਿ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਭੇਜਣ ਦੀ ਪ੍ਰਕਿਰਿਆ ਹੁਣ ਤੁਰੰਤ ਸ਼ੁਰੂ ਹੋ ਜਾਵੇਗੀ। ਜਸਟਿਸ ਸੋਨੀਆ ਸੋਟੋਮੇਅਰ ਅਤੇ ਸੁਪਰੀਮ ਕੋਰਟ ਦੇ ਬੈਂਚ ਦੇ ਕਈ ਹੋਰ ਜੱਜਾਂ ਨੇ ਬੋਸਟਨ ਅਦਾਲਤ ਦੇ ਫੈਸਲੇ ਨੂੰ ਸਵੀਕਾਰਯੋਗ ਮੰਨਿਆ, ਪਰ ਅੰਤ ਵਿੱਚ ਬਹੁਮਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ। ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਕੁਝ ਮਾਹਰਾਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਆਦੇਸ਼ ਢੁਕਵਾਂ ਹੈ ਕਿਉਂਕਿ 'ਕਿਸੇ ਵੀ ਦੇਸ਼ ਨੂੰ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ।'

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੀ ਬੁਲਾਰਾ ਟ੍ਰਿਸੀਆ ਮੈਕਬੋਡੀਨ ਨੇ ਸੁਪਰੀਮ ਕੋਰਟ ਦੇ ਆਦੇਸ਼ ਨੂੰ ਦੇਸ਼ ਦੀ ਸੁਰੱਖਿਆ ਅਤੇ ਇਸ ਦੇ ਲੋਕਾਂ ਦੀ ਸੁਰੱਖਿਆ ਲਈ ਇੱਕ ਜਿੱਤ ਕਿਹਾ। ਇਸ ਤੋਂ ਪਹਿਲਾਂ ਦੱਖਣੀ ਸੁਡਾਨੀ ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਲੈ ਕੇ ਜਾਣ ਵਾਲੇ ਜਹਾਜ਼ ਨੂੰ ਜਿਬੂਤੀ ਵਿੱਚ ਉਤਾਰਨਾ ਪਿਆ ਕਿਉਂਕਿ ਬੋਸਟਨ ਦੀ ਇੱਕ ਅਦਾਲਤ ਨੇ ਫੈਸਲਾ ਸੁਣਾਇਆ ਸੀ ਕਿ ਉਨ੍ਹਾਂ ਨੂੰ ਵਾਪਸ ਅਮਰੀਕਾ ਲਿਜਾਣਾ ਪੈ ਸਕਦਾ ਹੈ। ਜਹਾਜ਼ ਨੂੰ ਜਿਬੂਤੀ ਵਿੱਚ ਉਨ੍ਹਾਂ ਗਰੀਬ ਸੁਡਾਨੀ ਲੋਕਾਂ ਨੂੰ ਸਟੀਮਰਾਂ ਦੇ ਲੋਹੇ ਦੇ ਡੱਬਿਆਂ ਵਿੱਚ ਰੱਖਣ ਦੇ ਇਰਾਦੇ ਨਾਲ ਰੱਖਿਆ ਗਿਆ ਸੀ ਜਿੱਥੇ ਉਨ੍ਹਾਂ ਨੂੰ ਲਗਭਗ ਤੇਜ਼ ਗਰਮੀ ਵਿੱਚ ਭੁੰਨਿਆ ਜਾ ਰਿਹਾ ਸੀ।

## ਸੰਘੀ ਅਦਾਲਤ ਵੱਲੋਂ ਟਰੰਪ ਪ੍ਰਸਾਸ਼ਨ ਦੀ ਪਾਸਪੋਰਟ ਜਾਰੀ ਕਰਨ ਦੇ ਮਾਮਲੇ ਵਿੱਚ ਟਰਾਂਸਜੈਂਡਰ ਨੀਤੀ 'ਤੇ ਰੋਕ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਬੋਸਟਨ ਦੇ ਇੱਕ ਸੰਘੀ ਜੱਜ ਨੇ ਟਰੰਪ ਪ੍ਰਸ਼ਾਸਨ ਦੀ ਟਰਾਂਸਜੈਂਡਰ ਤੇ ਗ਼ੈਰ ਰਸਮੀ ਅਮਰੀਕਨਾਂ ਨੂੰ ਪਾਸਪੋਰਟ ਜਾਰੀ ਨਾ ਕਰਨ ਦੀ ਨੀਤੀ ਉੱਪਰ ਰੋਕ ਲਾ ਦਿੱਤੀ ਹੈ। ਯੂ. ਐਸ. ਡਿਸਟ੍ਰਿਕਟ ਜੱਜ ਜੁਲੀਆ ਕੋਬਿਕ ਨੇ ਮੁੱਢਲਾ ਆਦੇਸ਼ ਜਾਰੀ ਕਰਦਿਆਂ ਆਪਣੇ ਅਪ੍ਰੈਲ ਵਿੱਚ ਜਾਰੀ ਆਦੇਸ਼ ਵਿੱਚ ਹੀ ਵਾਧਾ ਕੀਤਾ ਹੈ ਜਿਸ ਤਹਿਤ ਉਨ੍ਹਾਂ ਨੇ ਅਮਰੀਕਾ ਦੇ ਵਿਦੇਸ਼ ਵਿਭਾਗ ਨੂੰ 6 ਲੋਕਾਂ ਦੇ ਮਾਮਲੇ ਵਿੱਚ ਨੀਤੀ ਲਾਗੂ ਕਰਨ ਤੋਂ ਮਨਾਂ ਕਰ ਦਿੱਤਾ ਸੀ। ਡੋਨਾਲਡ ਟਰੰਪ ਨੇ ਅਹੁਦਾ




ਸੰਭਾਲਣ ਉਪਰੰਤ ਤੁਰੰਤ ਜਾਰੀ ਇਕ ਕਾਰਜਕਾਰੀ ਆਦੇਸ਼ ਵਿੱਚ ਕਿਹਾ ਸੀ ਕਿ ਸੰਘੀ ਸਰਕਾਰ ਕੇਵਲ ਦੋ ਲਿੰਗਾਂ ਮਰਦ ਤੇ ਔਰਤ ਨੂੰ ਮਾਨਤਾ ਦਿੰਦੀ ਹੈ ਤੇ ਇਹ ਲਿੰਗ ਬਦਲਣਯੋਗ ਨਹੀਂ ਹਨ। ਇਸ ਤੋਂ ਬਾਅਦ ਵਿਦੇਸ਼ ਵਿਭਾਗ ਨੇ ਟਰਾਂਸਜੈਂਡਰ ਲੋਕਾਂ ਨੂੰ ਪਾਸਪੋਰਟ ਜਾਰੀ ਕਰਨੇ ਬੰਦ ਕਰ ਦਿੱਤੇ ਸਨ।

## ਅਮਰੀਕਾ ਵੱਲੋਂ ਵੀਜ਼ਾ ਸਕ੍ਰੀਨਿੰਗ ਪ੍ਰਕਿਰਿਆਵਾਂ ਨੂੰ ਮਜ਼ਬੂਤ ਕਰਨ ਲਈ ਨਵਾਂ ਨਿਯਮ ਲਾਗੂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਜਾਣ ਲਈ ਵੀਜ਼ਾ ਅਪਲਾਈ ਕਰਨ ਵਾਲਿਆਂ ਲਈ ਮਹੱਤਵਪੂਰਨ ਖ਼ਬਰ ਹੈ।ਅਮਰੀਕੀ ਸਰਕਾਰ ਨੇ ਵੀਜ਼ਾ ਸਕ੍ਰੀਨਿੰਗ ਪ੍ਰਕਿਰਿਆਵਾਂ ਨੂੰ ਮਜ਼ਬੂਤ ? ?ਕਰਨ ਦੇ ਉਦੇਸ਼ ਨਾਲ ਨਵਾਂ ਐਲਾਨ ਕੀਤਾ ਹੈ।ਐਕਸ 'ਤੇ ਇੱਕ ਪੋਸਟ ਵਿੱਚ ਭਾਰਤ ਵਿੱਚ ਅਮਰੀਕੀ ਦੂਤਘਰ ਦੇ ਅਧਿਕਾਰਤ ਹੈਂਡਲ ਨੇ ਇਹ ਐਲਾਨ ਸਾਂਝਾ ਕੀਤਾ ਕਿ ਤੁਰੰਤ ਪ੍ਰਭਾਵ ਨਾਲ, ਐਫ਼, ਐਮ, ਜਾਂ ਜੇ ਗੈਰ-ਪ੍ਰਵਾਸੀ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਸਾਰੇ ਵਿਅਕਤੀਆਂ ਨੂੰ ਆਪਣੇ ਸਾਰੇ ਸੋਸ਼ਲ ਮੀਡੀਆ ਖਾਤਿਆਂ 'ਤੇ ਗੋਪਨੀਯਤਾ ਸੈਟਿੰਗਾਂ ਨੂੰ 'ਜਨਤਕ' ਵਿੱਚ ਐਡਜਸਟ ਕਰਨ ਦੀ ਲੋੜ ਹੋਵੇਗੀ ਤਾਂ ਜੋ ਅਮਰੀਕੀ ਕਾਨੂੰਨ ਤਹਿਤ ਉਸ ਦੀ ਪਛਾਣ ਅਤੇ ਦੇਸ਼ ਵਿੱਚ ਸਵੀਕਾਰਤਾ ਸਥਾਪਤ ਕਰਨ ਲਈ ਜ਼ਰੂਰੀ ਜਾਂਚ ਦੀ ਸਹੂਲਤ ਦਿੱਤੀ ਜਾ ਸਕੇ।




ਇਸ ਨੇ ਇਹ ਵੀ ਦੁਹਰਾਇਆ ਕਿ 2019 ਤੋਂ ਸੰਯੁਕਤ ਰਾਜ ਅਮਰੀਕਾ ਨੇ ਵੀਜ਼ਾ ਬਿਨੈਕਾਰਾਂ ਨੂੰ ਪਰਵਾਸੀ ਅਤੇ ਗੈਰ-ਪਰਵਾਸੀ ਵੀਜ਼ਾ ਅਰਜ਼ੀ ਫਾਰਮਾਂ 'ਤੇ ਸੋਸ਼ਲ ਮੀਡੀਆ ਪਛਾਣਕਰਤਾ ਪ੍ਰਦਾਨ ਕਰਨ ਦੀ ਲੋੜ ਲਾਜ਼ਮੀ ਕੀਤੀ ਹੈ।

ਪੋਸਟ ਵਿੱਚ ਅੱਗੇ ਕਿਹਾ ਗਿਆ ਹੈ, 'ਵੀਜ਼ਾ ਸਕ੍ਰੀਨਿੰਗ ਅਤੇ ਵੈਟਿੰਗ ਵਿੱਚ ਸਾਰੀ ਉਪਲਬਧ ਜਾਣਕਾਰੀ ਦੀ ਵਰਤੋਂ ਉਨ੍ਹਾਂ ਵੀਜ਼ਾ ਬਿਨੈਕਾਰਾਂ ਦੀ ਪਛਾਣ ਕਰਨ ਲਈ ਕੀਤੀ ਜਾਂਦੀ ਹੈ ਜੋ ਅਮਰੀਕਾ ਲਈ ਅਯੋਗ ਹਨ, ਜਿਨ੍ਹਾਂ ਵਿੱਚ ਉਹ ਵੀ ਸ਼ਾਮਲ ਹਨ ਜੋ ਅਮਰੀਕੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ।' ਇਸ ਦੌਰਾਨ ਅਮਰੀਕੀ ਸਰਕਾਰ ਨੇ 2025 ਲਈ ਇੱਕ ਨਵੀਂ ਯਾਤਰਾ ਪਾਬੰਦੀ ਬਾਰੇ ਵੀ ਦੱਸਿਆ, ਜਿਸ ਵਿੱਚ 12 ਦੇਸ਼ਾਂ ਦੇ ਨਾਗਰਿਕਾਂ ਨੂੰ ਪੂਰੀ ਤਰ੍ਹਾਂ ਰੋਕਿਆ ਗਿਆ ਹੈ ਅਤੇ ਸੱਤ ਹੋਰਾਂ ਤੋਂ ਵੀਜ਼ਾ ਪਹੁੰਚ ਨੂੰ ਅੰਸ਼ਕ ਤੌਰ 'ਤੇ ਸੀਮਤ ਕੀਤਾ ਗਿਆ ਹੈ। ਜ਼ਿਆਦਾਤਰ ਪ੍ਰਭਾਵਿਤ ਦੇਸ਼ ਕਥਿਤ ਤੌਰ 'ਤੇ ਮੱਧ ਪੂਰਬ ਅਤੇ ਅਫਰੀਕਾ ਵਿੱਚ ਹਨ।

ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਇਸ ਸੂਚੀ ਵਿੱਚ ਨਹੀਂ ਹੈ। ਅਮਰੀਕਾ ਭਾਰਤੀ ਨਾਗਰਿਕਾਂ ਲਈ ਸਾਰੀਆਂ ਸ਼੍ਰੇਣੀਆਂ ਵਿੱਚ ਅਰਜ਼ੀਆਂ ਦੀ ਪ੍ਰਕਿਰਿਆ ਜਾਰੀ ਰੱਖ ਰਿਹਾ ਹੈ, ਜਿਸ ਵਿੱਚ 21/22 ਟੂਰਿਸਟ ਵੀਜ਼ਾ, 812 ਵਰਕ ਪਰਮਿਟ ਅਤੇ 61 ਵਿਦਿਆਰਥੀ ਵੀਜ਼ਾ ਸ਼ਾਮਲ ਹਨ। ਹਾਲਾਂਕਿ ਭਾਰਤ ਤੋਂ ਵੀਜ਼ਾ ਬਿਨੈਕਾਰਾਂ ਨੂੰ ਅਜੇ ਵੀ ਉੱਚ ਮੰਗ ਅਤੇ ਪ੍ਰਸ਼ਾਸਕੀ ਬੈਕਲਾਗ ਕਾਰਨ ਲੰਬੀ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਹੈ।

## ਡੈਮੋਕਰੈਟਿਕ ਆਗੂ ਬਰਾਡ ਲੈਂਡਰ ਪਰਵਾਸੀ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਦੇ ਮਾਮਲੇ ਵਿੱਚ ਹਿਰਾਸਤ ਵਿੱਚ ਲਿਆ

ਸੈਕਰਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਨਿਊਯਾਰਕ ਸਿਟੀ ਕੰਪਟਰੋਲਰ ਤੇ ਮੇਅਰ ਦੇ ਅਹੁਦੇ ਲਈ ਉਮੀਦਵਾਰ ਡੈਮੋਕਰੈਟਿਕ ਆਗੂ ਬਰਾਡ ਲੈਂਡਰ ਨੂੰ ਮੈਨਹਟਨ ਦੀ ਇਮੀਗ੍ਰੇਸ਼ਨ ਅਦਾਲਤ ਵਿੱਚ ਇਕ ਪਰਵਾਸੀ ਨੂੰ ਬਚਾਉਣ ਦੀ ਕੋਸ਼ਿਸ਼ ਉਪਰੰਤ ਹਿਰਾਸਤ ਵਿੱਚ ਲੈ ਲੈਣ ਦੀ ਖ਼ਬਰ ਹੈ ਹਾਲਾਂਕਿ ਕੁਝ ਘੰਟੇ ਹਿਰਾਸਤ ਵਿੱਚ ਰੱਖਣ ਉਪਰੰਤ ਉਸ ਨੂੰ ਰਿਹਾਅ ਕਰ ਦਿੱਤਾ ਗਿਆ।

ਲੈਂਡਰ ਜੋ ਅਗਲੇ ਹਫ਼ਤੇ ਮੇਅਰ ਦੇ ਅਹੁਦੇ ਲਈ ਹੋ ਰਹੀ ਪਾਰਟੀ ਦੀ ਮੁੱਢਲੀ ਚੋਣ ਲਈ ਉਮੀਦਵਾਰ ਹਨ, ਇਮੀਗ੍ਰੇਸ਼ਨ ਅਦਾਲਤ ਦੀਆਂ ਸਰਗਰਮੀਆਂ ਉੱਪਰ ਨਜ਼ਰ ਰਖ ਰਹੇ ਹਨ। ਉਹ ਪਰਵਾਸੀਆਂ ਦੇ ਹੱਕਾਂ ਲਈ ਲੜ ਰਹੇ ਹਨ। ਤਕਰੀਬਨ 4 ਘੰਟੇ ਹਿਰਾਸਤ ਵਿੱਚ ਰੱਖਣ ਉਪਰੰਤ ਲੈਂਡਰ



ਫ਼ੈਡਰਲ ਪਲਾਜ਼ਾ ਜਿਥੇ ਨਿਊਯਾਰਕ ਆਈ. ਸੀ. ਈ. ਦਾ ਫ਼ੀਲਡ ਦਫ਼ਤਰ ਹੈ, ਵਿੱਚੋਂ ਬਾਹਰ ਆਏ। ਇਸ ਮੌਕੇ ਉਨ੍ਹਾਂ ਦੀ ਪਤਨੀ ਤੇ ਗਵਰਨਰ ਕੈਥੀ ਹੋਸ਼ਲ ਵੀ ਉਨ੍ਹਾਂ ਦੇ ਨਾਲ ਸੀ।

(ਬਾਕੀ ਸਫ਼ਾ 31 'ਤੇ)

## ਭਾਰਤੀ ਮੂਲ ਦੀ ਗਾਜ਼ਲਾ ਹਾਸ਼ਮੀ ਨੇ ਲੈਫ਼ਟੀਨੈਂਟ ਗਵਰਨਰ ਦੀ ਨਾਮਜ਼ਦਗੀ ਚੋਣ ਜਿੱਤੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਭਾਰਤੀ ਮੂਲ ਦੀ ਸਟੇਟ ਸੈਨਟ ਮੈਂਬਰ ਗਾਜ਼ਲਾ ਹਾਸ਼ਮੀ ਨੇ ਰਿਚਮੰਡ, ਵਰਜੀਨੀਆ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਡੈਮੋਕਰੈਟਿਕ ਉਮੀਦਵਾਰ ਵਜੋਂ ਨਾਮਜ਼ਦਗੀ ਚੋਣ ਜਿੱਤ ਲਈ ਹੈ। 60 ਸਾਲਾ ਵਿਧਾਇਕਾ ਪਹਿਲੀ ਸਾਊਥ ਏਸ਼ੀਅਨ ਮੁਸਲਮਾਨ ਔਰਤ ਹੈ ਜੋ



ਲੈਫ਼ਟੀਨੈਂਟ ਗਵਰਨਰ ਦੇ ਅਹੁਦੇ ਲਈ ਨਾਮਜ਼ਦ ਹੋਈ ਹੈ। ਉਹ 2019 ਵਿੱਚ ਵਿਰਜੀਨੀਆ ਦੀ ਸੈਨੇਟ ਲਈ ਚੁਣੀ ਗਈ ਸੀ। ਹਾਸ਼ਮੀ ਇੱਕ ਸਾਬਕਾ ਪ੍ਰੋਫ਼ੈਸਰ ਹੈ ਤੇ ਵਿਰਜੀਨੀਆ ਦੀ ਰਾਜਨੀਤੀ ਵਿੱਚ ਉਸ ਦੀ ਖਾਸ ਜਗ੍ਹਾ ਹੈ। ਹਾਸ਼ਮੀ ਭਾਰਤ ਵਿੱਚ ਪੈਦਾ ਹੋਈ ਸੀ ਤੇ ਉਹ 4 ਸਾਲ ਦੀ ਉਮਰ ਵਿੱਚ ਆਪਣੇ ਮਾਪਿਆਂ ਨਾਲ ਅਮਰੀਕਾ ਆਈ ਸੀ। ਹਾਸ਼ਮੀ ਨੇ 131000 ਵੋਟਾਂ ਲੈ ਕੇ ਸਾਬਕਾ ਰਿਚਮੰਡ ਮੇਅਰ ਲੀਵਰ ਸਟੋਨੀ ਨੂੰ ਹਰਾਇਆ ਜਿਸ ਨੂੰ 128000 ਤੋਂ ਵਧ ਵੋਟਾਂ ਮਿਲੀਆਂ।

## ਬਜ਼ੁਰਗਾਂ ਨਾਲ ਧੋਖਾਧੜੀ ਮਾਮਲੇ ਵਿੱਚ ਭਾਰਤੀ ਵਿਦਿਆਰਥੀ ਨੂੰ 5 ਸਾਲ ਤੋਂ ਵਧ ਕੈਦ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਬਜ਼ੁਰਗਾਂ ਨਾਲ ਲੱਖਾਂ ਡਾਲਰਾਂ ਦੀ ਧੋਖਾਧੜੀ ਕਰਨ ਦੇ ਮਾਮਲੇ ਵਿੱਚ ਆਸਟਿਨ, ਟੈਕਸਾਸ ਵਿੱਚ ਇੱਕ ਭਾਰਤੀ ਵਿਦਿਆਰਥੀ ਨੂੰ 5 ਸਾਲ ਤੋਂ ਵਧ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖ਼ਬਰ ਹੈ।



ਅਦਾਲਤੀ ਦਸਤਾਵੇਜ਼ਾਂ ਅਨੁਸਾਰ ਕਿਸ਼ਨ ਰਜੇਸ਼ ਕੁਮਾਰ ਪਟੇਲ ਨੇ ਭੇਸ ਬਦਲ ਕੇ ਆਨ ਲਾਈਨ ਤਕਰੀਬਨ 27 ਲੱਖ ਡਾਲਰ ਦਾ ਘੁਟਾਲਾ ਕੀਤਾ। 20 ਸਾਲਾ ਪਟੇਲ ਨਵਸਾਰੀ, ਗੁਜਰਾਤ ਦਾ ਰਹਿਣਾ ਵਾਲਾ ਹੈ ਤੇ ਉਹ ਵਿਦਿਆਰਥੀ ਵੀਜੇ ਉੱਪਰ ਅਮਰੀਕਾ ਆਇਆ ਸੀ। ਉਸ ਨੇ ਸਹਿ ਸਾਜਿਸ਼ਕਾਰ ਧਰੁੱਵ ਰਾਜੇਸ਼ਭਾਈ ਮੰਗੂਕਿਆ ਤੇ ਹੋਰਨਾਂ ਨਾਲ ਮਿਲ ਕੇ ਇੱਕ ਕੌਮਾਂਤਰੀ ਸਕੀਮ ਬਣਾਈ, ਜਿਸ ਤਹਿਤ ਉਨ੍ਹਾਂ ਨੇ ਸਰਕਾਰੀ ਅਫ਼ਸਰਾਂ ਦਾ ਭੇਸ ਧਾਰ ਕੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਇਆ।

ਅਦਾਲਤੀ ਰਿਕਾਰਡ ਅਨੁਸਾਰ ਪਟੇਲ ਨੇ ਖੁਦ ਬਜ਼ੁਰਗਾਂ ਕੋਲੋਂ ਵੱਡੀਆਂ ਰਕਮਾਂ ਲਈਆਂ ਤੇ ਆਪਣਾ ਹਿੱਸਾ ਰੱਖ ਕੇ ਬਾਕੀ ਪੈਸਾ ਸਹਿ ਸਾਜਿਸ਼ਕਾਰਾਂ ਨੂੰ ਦਿੱਤਾ। ਉਸ ਨੇ ਘੱਟੋ ਘੱਟ 25 ਬਜ਼ੁਰਗਾਂ ਨੂੰ ਨਿਸ਼ਾਨਾ ਬਣਾਇਆ। ਪਟੇਲ ਨੂੰ 24 ਅਗਸਤ, 2024 ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਸ ਨੇ ਇੱਕ ਪੀੜਤ ਕੋਲੋਂ

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬੀ.ਸੀ. ਪ੍ਰੀਮੀਅਰ ਨੇ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਣ ਦੀ ਕੀਤੀ ਮੰਗ

## ਗੈਂਗ ਉੱਪਰ ਸਿੱਖ ਕਾਰੋਬਾਰੀਆਂ ਤੇ ਸਿੱਖ ਭਾਈਚਾਰੇ 'ਤੇ ਹਮਲੇ ਅਤੇ ਵਸੂਲੀ ਦੇ ਦੋਸ਼

ਵਿਕਟੋਰੀਆ/ਏ.ਟੀ.ਨਿਊਜ਼: ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਬੀਤੇ ਦਿਨੀਂ ਕੈਨੇਡੀਅਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਾਰਤ ਦੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕੀਤਾ ਜਾਵੇ। ਇਹ ਮੰਗ ਸਾਊਥ ਏਸ਼ੀਆਈ, ਖਾਸਕਰ ਸਿੱਖ ਭਾਈਚਾਰੇ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਜਬਰੀ ਵਸੂਲੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਕੀਤੀ ਗਈ ਹੈ। ਈਬੀ ਨੇ ਕਿਹਾ ਕਿ ਇਹ ਗੈਂਗ ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਿੱਚ ਸਿੱਖ ਭਾਈਚਾਰੇ ਨੂੰ ਡਰਾਉਣ ਅਤੇ ਧਮਕਾਉਣ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੈ, ਜਿਸ ਨਾਲ ਜਨਤਕ ਸੁਰੱਖਿਆ ਅਤੇ ਕਾਨੂੰਨ ਦੀ ਸਾਖ ਨੂੰ ਖਤਰਾ ਪੈਦਾ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਦੇ ਕੁਝ ਗੈਂਗ ਸਾਡੇ ਸੂਬੇ ਅਤੇ ਹੋਰ ਸੂਬਿਆਂ ਵਿੱਚ ਕਾਰਜਸ਼ੀਲ ਹਨ, ਜੋ ਕਿ ਵਪਾਰੀਆਂ ਨੂੰ ਡਰਾ ਕੇ ਪੈਸਾ ਵਸੂਲ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਣਗੇ, ਜਿਸ ਰਾਹੀਂ ਬਿਸ਼ਨੋਈ ਗੈਂਗ ਨੂੰ ਆਤੰਕੀ ਸੰਗਠਨ ਵਜੋਂ ਐਲਾਨਣ ਦੀ ਮੰਗ ਕੀਤੀ ਜਾਵੇਗੀ।

ਇਹ ਦਬਾਅ ਖਾਸ ਕਰਕੇ ਸਰੀ ਵਿੱਚ ਵਧ ਰਹੇ ਵਸੂਲੀ ਮਾਮਲਿਆਂ ਤੋਂ ਬਾਅਦ ਵਧਿਆ ਹੈ। ਸਿਰਫ਼ ਪਿਛਲੇ ਛੇ ਮਹੀਨਿਆਂ ਵਿੱਚ ਸਰੀ ਪੁਲਿਸ ਨੂੰ 10 ਵਸੂਲੀ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਨਵੀਂ ਬਣੀ 'ਐਕਸਟੌਰਸ਼ਨ ਇਨਵੈਸਟੀਗੇਸ਼ਨ ਟੀਮ' ਹੁਣ ਇਹ ਮਾਮਲੇ ਜਾਂਚ ਰਹੀ ਹੈ। ਸਰੀ ਪੁਲਿਸ ਦੇ ਅਨੁਸਾਰ ਇਹ ਧਮਕੀਆਂ ਚਿੱਠੀਆਂ, ਫ਼ੋਨ ਕਾਲਾਂ ਜਾਂ ਸੋਸ਼ਲ ਮੀਡੀਆ ਰਾਹੀਂ ਮਿਲ ਰਹੀਆਂ ਹਨ, ਜਿਨ੍ਹਾਂ ਰਾਹੀਂ ਦੱਖਣੀ ਏਸ਼ੀਆਈ ਭਾਈਚਾਰੇ ਦੇ ਲੋਕਾਂ ਤੋਂ ਲੱਖਾਂ ਡਾਲਰ ਦੀ ਮੰਗ ਕੀਤੀ ਜਾਂਦੀ ਹੈ।

ਸਰੀ ਦੇ ਆਰ.ਸੀ.ਐਮ.ਪੀ. ਦੀ ਲਾਈਜ਼ਨ ਅਧਿਕਾਰੀ ਚੀਫ਼ ਸੁਪਰੀਟੈਂਡੈਂਟ ਵੈਂਡੀ ਮਹਾਤ ਨੇ ਕਿਹਾ





ਕਿ ਅਸੀਂ ਇਨ੍ਹਾਂ ਅਪਰਾਧਿਕ ਸਥਿਤੀਆਂ ਨੂੰ ਰੋਕਣ ਅਤੇ ਜ਼ਿੰਮੇਵਾਰ ਦੋਸ਼ੀਆਂ ਨੂੰ ਕਾਬੂ ਕਰਨ ਲਈ ਕੰਮ ਕਰ ਰਹੇ ਹਾਂ।

ਬੀ.ਸੀ. ਦੇ ਜਨ ਸੁਰੱਖਿਆ ਮੰਤਰੀ ਗੈਰੀ ਬੈਗ ਨੇ ਸਰੀ ਵਿੱਚ ਇੱਕ ਫ਼ੋਰਮ ਦੌਰਾਨ ਦੱਸਿਆ ਕਿ ਬਹੁਤ ਸਾਰੇ ਕਾਰੋਬਾਰੀ ਲੱਖਾਂ ਡਾਲਰ ਦੀ ਵਸੂਲੀ ਦੀਆਂ ਧਮਕੀਆਂ ਦੇ ਕੇਸ ਸਾਹਮਣੇ ਆ ਰਹੇ ਹਨ। ਡੇਵਿਡ ਈਬੀ ਨੇ ਕਿਹਾ ਕਿ ਇਹ ਸਿਰਫ਼ ਕਾਨੂੰਨੀ ਪ੍ਰਣਾਲੀ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਝਟਕਾ ਨਹੀਂ ਹੈ, ਸਗੋਂ ਲੋਕਤੰਤਰ ਅਤੇ ਭਾਈਚਾਰੇ ਦੀ ਸੁਰੱਖਿਆ ਨੂੰ ਵੀ ਖ਼ਤਰੇ ਵਿੱਚ ਪਾ ਰਿਹਾ ਹੈ। ਇਹ ਬਹੁਤ ਗੰਭੀਰ ਮਾਮਲਾ ਹੈ। ਇਸ ਨੂੰ ਨਜਿਠਣਾ ਜ਼ਰੂਰੀ ਹੈ।

ਕੈਨੇਡਾ ਦੇ ਘੱਟੋ ਘੱਟ ਛੇ ਸ਼ਹਿਰਾਂ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਖ਼ਾਸ ਕਰਕੇ ਭਾਰਤੀ ਨਿਵਾਸੀਆਂ ਨੂੰ ਨਿਸ਼ਾਨਾ ਬਣਾਕੇ ਕੀਤੀਆਂ ਜਾ ਰਹੀਆਂ ਵਸੂਲੀਆਂ ਦੀ ਜਾਂਚ ਚੱਲ ਰਹੀ ਹੈ।

ਦਸੰਬਰ 2023 ਵਿੱਚ ਐਬਟਸਫ਼ੋਰਡ (ਬੀ.ਸੀ.) ਪੁਲਿਸ ਨੇ ਵੀ ਦੱਸਿਆ ਸੀ ਕਿ ਉਹ ਦੱਖਣੀ ਏਸ਼ੀਆਈ ਭਾਈਚਾਰੇ ਦੇ ਅਮੀਰ ਲੋਕਾਂ ਨਾਲ ਸੰਬੰਧਤ ਵਸੂਲੀ ਮਾਮਲਿਆਂ ਦੀ ਜਾਂਚ ਕਰ ਰਹੇ ਹਨ, ਅਤੇ ਇਸ ਦੇ ਦੋਸ਼ੀ ਬਿਸ਼ਨੋਈ ਗੈਂਗ ਨਾਲ ਸੰਬੰਧਿਤ ਹਨ।

ਕੈਨੇਡਾ ਦੀ ਰਾਇਲ ਮਾਊਂਟਡ ਪੁਲਿਸ ਨੇ ਵੀ ਬਿਸ਼ਨੋਈ ਗੈਂਗ ਨੂੰ ਕੈਨੇਡਾ ਦੀ ਜ਼ਮੀਨ 'ਤੇ ਹੋ ਰਹੇ ਕੁਝ ਹਿੰਸਕ ਅਪਰਾਧਾਂ ਦੇ ਦੋਸ਼ੀ ਭੂਮਿਕਾ ਦੱਸਿਆ ਹੈ, ਜੋ ਭਾਰਤ-ਕੈਨੇਡਾ ਦੇ ਸਬੰਧਾਂ ਵਿੱਚ ਤਣਾਅ ਪੈਦਾ ਕਰ ਰਹੇ ਹਨ। ਸਿੱਖ ਸੰਗਠਨਾਂ, ਜਿਵੇਂ ਕਿ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ, ਨੇ ਈਬੀ ਦੀ ਮੰਗ ਦਾ ਸਮਰਥਨ ਕੀਤਾ ਹੈ। ਉਹਨਾਂ ਦਾਅਵਾ ਕਰਦਿਆਂ ਕਿਹਾ ਕਿ ਬਿਸ਼ਨੋਈ ਗੈਂਗ ਨੂੰ ਖ਼ਾਲਿਸਤਾਨ ਸਮਰਥਕਾਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਸਰੀ ਵਿੱਚ 15 ਜੂਨ 2025 ਨੂੰ ਹੋਏ ਇੱਕ ਜਨਤਕ ਸੁਰੱਖਿਆ ਫ਼ੋਰਮ ਵਿੱਚ ਸਿੱਖ ਕਾਰੋਬਾਰੀਆਂ ਨੇ ਲੱਖਾਂ ਰੁਪਏ ਦੀਆਂ ਵਸੂਲੀ ਮੰਗਾਂ ਅਤੇ ਸੰਪਤੀਆਂ 'ਤੇ ਹਮਲਿਆਂ ਦੀਆਂ ਸ਼ਿਕਾਇਤਾਂ ਕੀਤੀਆਂ ਸਨ। ਮੁੱਖ ਮੰਤਰੀ ਈਬੀ ਨੇ ਕਿਹਾ ਸੀ ਕਿ ਇਹ ਰਵਾਇਤੀ ਅਪਰਾਧ ਨਹੀਂ, ਇਹ ਆਤੰਕ ਹੈ। ਸਿੱਖ ਭਾਈਚਾਰਾ ਡਰਿਆ ਹੋਇਆ ਹੈ। ਉਮੀਦ ਕਰਦਾ ਹਾਂ ਕਿ ਪ੍ਰਧਾਨ ਮੰਤਰੀ ਸਖ਼ਤ ਕਦਮ ਚੁੱਕਣਗੇ, ਪੁਲਿਸ ਨੂੰ ਅੰਤਰਰਾਸ਼ਟਰੀ ਅਪਰਾਧ ਨਾਲ ਨਜਿੱਠਣ ਲਈ ਹੋਰ ਸਾਧਨ ਮਿਲਣਗੇ।

### ਫ਼ਾਜ਼ਿਕਲਾ ਤੋਂ ਕੌਮਾਂਤਰੀ ਅਪਰਾਧ ਤੱਕ ਲਾਰੈਂਸ ਬਿਸ਼ਨੋਈ

ਲਾਰੈਂਸ ਬਿਸ਼ਨੋਈ ਦਾ ਜਨਮ ਪੰਜਾਬ ਦੇ ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਦੂਤਰਾਂ ਵਾਲੀ ਵਿੱਚ ਹੋਇਆ ਸੀ। ਆਰ.ਸੀ.ਐਮ.ਪੀ. ਵੱਲੋਂ ਦਿੱਤੀ ਜਾਣਕਾਰੀ ਨੇ ਲਾਰੈਂਸ ਬਿਸ਼ਨੋਈ ਗੈਂਗ ਦੀਆਂ ਅਪਰਾਧ ਦੀ ਦੁਨੀਆਂ ਵਿੱਚ ਡੂੰਘੀਆਂ ਜੜ੍ਹਾਂ ਬਾਰੇ ਚਰਚਾ ਛੇੜ ਦਿੱਤੀ ਹੈ। ਪੰਜਾਬ ਪੁਲਿਸ ਰਿਕਾਰਡ ਮੁਤਾਬਕ ਲਾਰੈਂਸ ਬਿਸ਼ਨੋਈ ਦਾ ਅਸਲੀ ਨਾਮ ਸਤਵਿੰਦਰ ਸਿੰਘ ਹੈ। ਹਾਲਾਂਕਿ ਲਾਰੈਂਸ ਵੱਖ-ਵੱਖ ਅਪਰਾਧਕ ਮਾਮਲਿਆਂ ਦੇ ਚੱਲਦਿਆਂ ਬੀਤੇ ਕਈ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੈ ਪਰ ਉਨ੍ਹਾਂ ਦਾ ਨਾਮ ਕਈ 'ਹਾਈ ਪ੍ਰੋਫ਼ਾਈਲ' ਅਪਰਾਧਕ ਕਾਰਵਾਈਆਂ ਨਾਲ ਵਾਰ-ਵਾਰ ਜੁੜਦਾ ਰਿਹਾ ਹੈ।

ਇਨ੍ਹਾਂ ਕੇਸਾਂ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਕਤਲ ਵੀ ਸ਼ਾਮਲ ਹੈ। ਸਿੱਧੂ ਮੂਸੇਵਾਲਾ ਨੂੰ ਮਈ 2022 ਵਿੱਚ ਮਾਨਸਾ ਦੇ ਪਿੰਡ ਜਵਾਹਰ ਕੇ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਅਤੇ ਵਿਦੇਸ਼ ਵਿੱਚ ਰਹਿੰਦੇ ਮੰਨੇ ਜਾਂਦੇ ਉਨ੍ਹਾਂ ਦੇ ਹੀ ਸਾਥੀ ਗੋਲਡੀ ਬਰਾੜ ਵੱਲੋਂ ਲਈ ਗਈ ਸੀ।

(ਬਾਕੀ ਸਫ਼ਾ 30 'ਤੇ)

# ਬ੍ਰਿਟੇਨ 'ਚ ਭਾਰਤੀ ਕੰਪਨੀਆਂ ਦੀ ਸਰਦਾਰੀ ਕਾਇਮ

## ਬ੍ਰਿਟੇਨ 'ਚ ਕੰਮ ਕਰ ਰਹੀਆਂ ਹਨ 1,197 ਭਾਰਤੀ ਮਾਲਕੀ ਵਾਲੀਆਂ ਕੰਪਨੀਆਂ

ਲੰਡਨ/ਏ.ਟੀ.ਨਿਊਜ਼: ਬ੍ਰਿਟੇਨ 'ਚ ਕੰਮ ਕਰ ਰਹੀਆਂ ਭਾਰਤੀ ਮਾਲਕੀ ਵਾਲੀਆਂ ਕੰਪਨੀਆਂ ਦੀ ਗਿਣਤੀ 2025 'ਚ ਸਾਲਾਨਾ ਆਧਾਰ 'ਤੇ 23 ਫੀਸਦੀ ਵਧ ਕੇ 1,197 ਹੋ ਗਈ ਹੈ। ਕਿਸੇ ਇੱਕ ਸਾਲ 'ਚ ਦਰਜ ਇਹ ਸਭ ਤੋਂ ਤੇਜ਼ ਵਾਧਾ ਹੈ।

ਕੌਮਾਂਤਰੀ ਵਿੱਤੀ ਸਲਾਹਕਾਰ ਕੰਪਨੀ ਗ੍ਰਾਂਟ ਥਾਰਨਟਨ ਵੱਲੋਂ ਉਦਯੋਗ ਬਾਡੀ ਸੀ. ਆਈ. ਆਈ. (ਭਾਰਤੀ ਉਦਯੋਗ ਸੰਘ) ਦੇ ਸਹਿਯੋਗ ਨਾਲ ਕੀਤੇ ਵਿਸ਼ਲੇਸ਼ਣ 'ਇੰਡੀਆ ਮੀਟਸ ਬ੍ਰਿਟੇਨ ਟਰੈਕਰ' ਅਨੁਸਾਰ ਬ੍ਰਿਟੇਨ 'ਚ ਭਾਰਤੀ ਮਾਲਕੀ ਵਾਲੀਆਂ ਕੰਪਨੀਆਂ ਵੱਲੋਂ ਦਰਜ ਕੀਤਾ ਸੰਯੁਕਤ ਮਾਲੀਆ 2024 ਦੇ 68.09 ਅਰਬ ਪਾਊਂਡ (ਜੀ. ਬੀ. ਪੀ.) ਤੋਂ ਵਧ ਕੇ 2025 'ਚ 72.14 ਅਰਬ ਜੀ. ਬੀ. ਪੀ. ਹੋ ਗਿਆ। ਵਿਸ਼ਲੇਸ਼ਣ ਦੇ 12ਵੇਂ ਐਡੀਸ਼ਨ 'ਚ ਪਾਇਆ ਗਿਆ ਕਿ ਹੁਣ ਬ੍ਰਿਟੇਨ 'ਚ 1,197 ਭਾਰਤੀ ਮਾਲਕੀ ਵਾਲੀਆਂ ਕੰਪਨੀਆਂ ਕੰਮ ਕਰ ਰਹੀਆਂ ਹਨ, ਜੋ 2024 ਦੇ ਅੰਕੜਿਆਂ ਦੀ ਤੁਲਨਾ 'ਚ 23 ਫੀਸਦੀ ਜ਼ਿਆਦਾ ਹੈ।



'ਇੰਡੀਆ ਮੀਟਸ ਬ੍ਰਿਟੇਨ ਟਰੈਕਰ' ਨੂੰ ਲੰਡਨ 'ਚ 'ਇੰਡੀਆ ਗਲੋਬਲ ਫੋਰਮ (ਆਈ. ਜੀ. ਐੱਫ.) ਯੂ. ਕੇ.-ਇੰਡੀਆ ਵੀਕ' ਦੌਰਾਨ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਅਤੇ ਬ੍ਰਿਟੇਨ ਦੇ ਉਨ੍ਹਾਂ ਦੇ ਹਮਰੁਤਬਾ ਜੋਨਾਥਨ ਰੇਨਾਲਡਸ ਨੇ ਪਿਛਲੇ ਦਿਨੀਂ ਪੇਸ਼ ਕੀਤਾ। ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਬ੍ਰਿਟੇਨ ਅਤੇ ਭਾਰਤ ਵਿਚਾਲੇ ਮੁਕਤ ਵਪਾਰ ਸਮਝੌਤੇ (ਐੱਫ. ਟੀ. ਏ.) ਦੇ ਲਾਗੂਕਰਨ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕਰਨ ਅਤੇ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਅਤੇ ਨਿਵੇਸ਼ ਨੂੰ ਉਤਸ਼ਾਹ ਦੇਣ ਦੇ ਤਰੀਕਿਆਂ ਦਾ ਪਤਾ ਲਾਉਣ ਲਈ 2 ਦਿਨਾ ਆਧਿਕਾਰਕ ਯਾਤਰਾ 'ਤੇ ਲੰਡਨ 'ਚ ਹਨ।

ਬ੍ਰਿਟੇਨ ਦੇ ਕੇਂਦਰੀ ਬੈਂਕ ਨੇ ਇਰਾਨ-ਇਜ਼ਰਾਇਲ ਸੰਘਰਸ਼ ਨਾਲ ਬੇਯਕੀਨੀ ਵਧਣ ਦੇ ਖਦਸ਼ੇ 'ਚ ਨੀਤੀਗਤ ਵਿਆਜ ਦਰ ਨੂੰ 2 ਸਾਲਾਂ ਦੇ ਹੇਠਲੇ ਪੱਧਰ 4.25 ਫੀਸਦੀ 'ਤੇ ਬਰਕਰਾਰ ਰੱਖਿਆ ਹੈ। ਬੈਂਕ ਆਫ ਇੰਗਲੈਂਡ ਦੀ ਕਰੰਸੀ ਨੀਤੀ ਕਮੇਟੀ ਨੇ ਬੈਠਕ 'ਚ ਪ੍ਰਮੁੱਖ ਵਿਆਜ ਦਰ ਨੂੰ ਜਿਉਂ ਦਾ ਤਿਉਂ ਰੱਖਣ ਦਾ ਫੈਸਲਾ ਕੀਤਾ। ਕਮੇਟੀ ਦੇ 9 'ਚੋਂ 6 ਮੈਂਬਰਾਂ ਨੇ ਦਰ ਨੂੰ ਸਥਿਰ ਰੱਖਣ ਦੇ ਪੱਖ 'ਚ ਮਤ ਦਿੱਤਾ, ਜਦੋਂਕਿ 3 ਮੈਂਬਰ 0.25 ਫੀਸਦੀ ਦੀ ਕਟੌਤੀ ਦੇ ਪੱਖ 'ਚ ਸਨ।

ਬ੍ਰਿਟੇਨ 'ਚ ਪ੍ਰਚੂਨ ਮਹਿੰਗਾਈ 3.4 ਫੀਸਦੀ ਹੈ, ਜੋ ਹੁਣ ਵੀ ਕੇਂਦਰੀ ਬੈਂਕ ਦੇ 2 ਫੀਸਦੀ ਦੇ ਟੀਚੇ ਤੋਂ ਜ਼ਿਆਦਾ ਹੈ। ਅਜਿਹੇ 'ਚ ਨੀਤੀ-ਨਿਰਮਾਤਾਵਾਂ ਨੇ ਪੱਛਮ ਏਸ਼ੀਆ 'ਚ ਤਣਾਅ ਵਧਣ ਦੇ ਸੰਭਾਵੀ ਅਸਰ ਨੂੰ ਵੇਖਦੇ ਹੋਏ ਨੀਤੀਗਤ ਦਰ 'ਚ ਕੋਈ ਬਦਲਾਅ ਨਾ ਕਰਨ ਦਾ ਫੈਸਲਾ ਕੀਤਾ।

# ਕੋਪਨਹੇਗਨ ਨੂੰ ਦੁਨੀਆ ਦਾ ਸਭ ਤੋਂ ਵਧੀਆ ਰਹਿਣ ਯੋਗ ਸ਼ਹਿਰ ਐਲਾਨਿਆ

## 'ਦੀ ਇਕਾਨਮਿਸਟ ਇੰਟੈਲ਼ੀਜੈਂਸ ਯੂਨਿਟ' ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ 'ਚ ਕੀਤਾ ਗਿਆ ਦਾਅਵਾ



ਲੰਡਨ/ਏ.ਟੀ.ਨਿਊਜ਼: ਇੰਗਲੈਂਡ ਦੀ ਸੰਸਥਾ 'ਦੀ ਇਕਾਨਮਿਸਟ ਇੰਟੈਲ਼ੀਜੈਂਸ ਯੂਨਿਟ' ਵੱਲੋਂ ਕਰਵਾਏ ਗਏ ਤਾਜ਼ੇ ਸਰਵੇਖਣ ਵਿੱਚ ਯੂਰਪੀ ਦੇਸ਼ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਦੁਨੀਆ ਦਾ ਸਭ ਤੋਂ ਵਧੀਆ ਰਹਿਣ ਯੋਗ ਸ਼ਹਿਰ ਐਲਾਨਿਆ ਗਿਆ ਹੈ। ਯੂਰਪੀ ਦੇਸ਼ ਆਸਟਰੀਆ ਦੇ ਸ਼ਹਿਰ ਵਿਆਨਾ ਅਤੇ ਖੂਬਸੂਰਤ ਦੇਸ਼ ਸਵਿਟਜ਼ਰਲੈਂਡ ਦੇ ਸ਼ਹਿਰ ਜਿਊਰਿਚ ਨੂੰ ਸਾਂਝੇ ਤੌਰ 'ਤੇ ਦੂਜਾ ਦਰਜਾ ਪ੍ਰਾਪਤ ਹੋਇਆ ਹੈ। ਆਸਟ੍ਰੇਲੀਆਈ ਸ਼ਹਿਰ ਮੈਲਬੌਰਨ ਨੂੰ ਇਸ ਦਰਜਾਬੰਦੀ ਵਿੱਚ ਚੌਥਾ ਸਥਾਨ, ਸਿਡਨੀ ਨੂੰ ਛੇਵਾਂ ਅਤੇ ਐਡੀਲੇਡ ਨੂੰ ਨੌਵਾਂ ਸਥਾਨ ਹਾਸਿਲ ਹੋਇਆ ਹੈ।

ਇਹ ਸਰਵੇਖਣ ਵਿਸ਼ਵ ਦੇ 173 ਸ਼ਹਿਰਾਂ ਵਿੱਚ ਕਰਵਾਇਆ ਗਿਆ ਤੇ ਇਹ ਵਧੀਆਂ ਸਿਹਤ ਸਹੂਲਤਾਂ, ਵਾਤਾਵਰਣ, ਉੱਚ ਸਿੱਖਿਆ, ਬੁਨਿਆਦੀ ਢਾਂਚਾ, ਅਤੇ ਸੱਭਿਆਚਾਰ ਤੇ ਆਧਾਰਿਤ ਸੀ। ਇਸ ਦਰਜਾਬੰਦੀ ਵਿੱਚ ਸਵਿਟਜ਼ਰਲੈਂਡ ਦੇ ਸ਼ਹਿਰ ਜਨੇਵਾ ਨੂੰ ਪੰਜਵਾਂ, ਜਾਪਾਨ ਦੇ ਸ਼ਹਿਰ ਉਸਾਕਾ ਅਤੇ ਨਿਊਜ਼ੀਲੈਂਡ ਦੇ ਆਕਲੈਂਡ ਸ਼ਹਿਰ ਨੂੰ ਸਾਂਝੇ ਤੌਰ 'ਤੇ ਸੱਤਵਾਂ ਦਰਜਾ ਹਾਸਿਲ ਹੋਇਆ ਹੈ। ਕੈਨੇਡਾ ਦੇ ਸ਼ਹਿਰ ਵੈਨਕੂਵਰ ਨੇ ਦਸਵਾਂ ਸਥਾਨ ਪ੍ਰਾਪਤ ਕੀਤਾ ਹੈ। ਪਹਿਲਗਾਮ ਹਮਲੇ ਅਤੇ ਭਾਰਤ ਪਾਕਿਸਤਾਨ ਦੇਸ਼ਾਂ ਦਰਮਿਆਨ ਹੋਈ ਜੰਗ ਕਰਕੇ ਭਾਰਤੀ ਸ਼ਹਿਰ ਕੋਈ ਵੀ ਸਨਮਾਨਯੋਗ ਦਰਜਾ ਪ੍ਰਾਪਤ ਕਰਨ ਵਿੱਚ ਨਾਕਾਮ ਰਹੇ ਹਨ। ਸਰਵੇਖਣ ਅਨੁਸਾਰ ਸਭ ਤੋਂ ਘੱਟ ਰਹਿਣਯੋਗ ਸ਼ਹਿਰਾਂ ਵਿੱਚ ਦਮਾਸਸ, ਕੀਵ, ਢਾਕਾ, ਲਾਊਸ, ਕਰਾਚੀ, ਪੋਰਟ ਮੋਰਸਬੀ, ਹਰਾਰੇ, ਤ੍ਰਿਪੋਲੀ ਆਦਿ ਐਲਾਨੇ ਗਏ ਹਨ।

# ਪੁਰਤਗਾਲ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰਨ ਦਾ ਫ਼ੈਸਲਾ

## ਹੁਣ ਪੁਰਤਗਾਲ ਦੀ ਨਾਗਰਿਕਤਾ ਅਪਲਾਈ ਕਰਨ ਲਈ ਸਮਾਂ ਮਿਆਦ 5 ਦੀ ਬਜਾਏ ਹੋਵੇਗੀ 10 ਸਾਲ

ਯੂਰਪੀ ਦੇਸ਼ਾਂ 'ਚ ਦਾਖ਼ਲੇ ਲਈ ਪੁਰਤਗਾਲ ਲੱਖਾਂ ਲੋਕਾਂ ਦੀ ਪਹਿਲੀ ਪਸੰਦ ਹੈ, ਕਿਉਂਕਿ ਇੱਥੇ ਦਾ ਵੀਜ਼ਾ ਅਸਾਨੀ ਨਾਲ ਮਿਲ ਜਾਂਦਾ ਹੈ ਤੇ 3-5 ਸਾਲਾਂ 'ਚ ਵਿਅਕਤੀ ਇੱਥੇ ਦੀ ਨਾਗਰਿਕਤਾ ਹਾਸਲ ਕਰਨ ਲਈ ਅਪਲਾਈ ਕਰ ਸਕਦਾ ਹੈ। ਪਰ ਹੁਣ ਇਹ ਨਿਯਮ ਬਦਲਣ ਜਾ ਰਹੇ ਹਨ। ਦੇਸ਼ 'ਚ ਵਧਦੀ ਜਾ ਰਹੀ ਪਰਵਾਸੀਆਂ ਦੀ ਗਿਣਤੀ ਦੇ ਮੱਦੇਨਜ਼ਰ ਸਰਕਾਰ ਨੇ ਇੱਥੋਂ ਦੇ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰਨ ਦਾ ਫ਼ੈਸਲਾ ਕੀਤਾ ਹੈ।



ਪੁਰਤਗਾਲ ਦੇ ਕੈਬਨਿਟ ਮੰਤਰੀ ਐਂਟੋਨੀਓ ਲੇਤਾਓ ਅਮਾਰੋ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰ ਦੇਸ਼ 'ਚ ਪਰਵਾਸੀਆਂ ਨੂੰ ਲੈ ਕੇ ਨਿਯਮਾਂ ਨੂੰ ਸਖ਼ਤ ਕਰਨ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਰਵਾਸੀ ਨਾਗਰਿਕਾਂ ਨੂੰ ਹੁਣ ਪੁਰਤਗਾਲ ਦੀ ਨਾਗਰਿਕਤਾ ਅਪਲਾਈ ਕਰਨ ਲਈ ਸਮਾਂ ਮਿਆਦ ਹੁਣ 5 ਦੀ ਬਜਾਏ 10 ਸਾਲ ਕਰ ਦਿੱਤੀ ਜਾਵੇਗੀ।

ਇਸ ਦਾ ਮਤਲਬ ਹੈ ਕਿ ਹੁਣ ਪਰਵਾਸੀ ਨਾਗਰਿਕਾਂ ਨੂੰ ਪੁਰਤਗਾਲ ਦੀ ਨਾਗਰਿਕਤਾ ਹਾਸਲ ਕਰਨ ਲਈ 5 ਸਾਲ ਦੀ ਬਜਾਏ 10 ਸਾਲ ਕਾਨੂੰਨੀ ਤੌਰ 'ਤੇ ਉੱਥੇ ਰਹਿਣਾ ਪਵੇਗਾ, ਇਸ ਦੇ ਬਾਅਦ ਹੀ ਉਹ ਨਾਗਰਿਕਤਾ ਲਈ ਅਪਲਾਈ ਕਰ ਸਕਣਗੇ।

ਉਨ੍ਹਾਂ ਇਹ ਵੀ ਕਿਹਾ ਕਿ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਵਾਲੇ ਵੀਜ਼ਾ ਦੇ ਨਿਯਮਾਂ 'ਚ ਵੀ ਸਖ਼ਤੀ ਕੀਤੀ ਜਾਵੇਗੀ ਤੇ ਗੰਭੀਰ ਅਪਰਾਧ ਕਰਨ ਵਾਲੇ ਮੁਲਜ਼ਮਾਂ ਦੀ ਨਾਗਰਿਕਤਾ ਵੀ ਰੱਦ ਕਰ ਦਿੱਤੀ ਜਾ ਸਕਦੀ ਹੈ। ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਨਾਗਰਿਕਤਾ ਲਈ ਅਪਲਾਈ ਕਰਨ ਲਈ 10 ਸਾਲ ਉੱਥੇ ਰਹਿਣ ਦਾ ਨਿਯਮ ਲਗਭਗ ਸਾਰੇ ਪਰਵਾਸੀਆਂ 'ਤੇ ਲਾਗੂ ਹੋਵੇਗਾ। ਪਰ ਅਜਿਹੇ ਦੇਸ਼, ਜਿੱਥੇ ਪੁਰਤਗਾਲੀ ਭਾਸ਼ਾ 'ਪੋਰਤੁਗੀਜ਼' ਬੋਲੀ ਜਾਂਦੀ ਹੈ ਜਿਵੇਂ ਬ੍ਰਾਜ਼ੀਲ, ਅੰਗੋਲਾ, ਮੋਜ਼ਾਂਬੀਕ ਆਦਿ ਦੇਸ਼ਾਂ ਦੇ ਨਾਗਰਿਕ 7 ਸਾਲ 'ਚ ਹੀ ਪੁਰਤਗਾਲ ਦੀ ਨਾਗਰਿਕਤਾ ਲਈ ਅਪਲਾਈ ਕਰ ਸਕਦੇ ਹਨ।

ਇਸ ਤੋਂ ਇਲਾਵਾ ਦੇਸ਼ 'ਚ ਰਹਿਣ ਤੋਂ ਇਲਾਵਾ ਪਰਵਾਸੀਆਂ ਦਾ ਕੋਈ ਕ੍ਰਿਮੀਨਲ ਰਿਕਾਰਡ ਵੀ ਨਹੀਂ ਹੋਣਾ ਚਾਹੀਦਾ, ਜਿਸ ਕਾਰਨ ਉਨ੍ਹਾਂ ਨੂੰ ਜੇਲ੍ਹ ਜਾਣਾ ਪਿਆ ਹੋਵੇ ਤੇ ਨਾ ਹੀ ਉਹ ਕਿਸੇ ਵੀ ਤਰ੍ਹਾਂ ਦੇਸ਼ ਲਈ ਖ਼ਤਰਾ ਪੈਦਾ ਕਰ ਸਕਣ। (ਬਾਕੀ ਸਫ਼ਾ 31 'ਤੇ)

# ਸਵਾਲਾਂ ਦੇ ਘੇਰੇ ’ਚ ਹੈ ਮੀਡੀਆ ਦੀ ਭਰੋਸੇਯੋਗਤਾ




## ‘ਸਰਕਾਰੀ ਤੋਤੇ’ ਬਣੇ ਕੁੱਝ ਰਾਸ਼ਟਰੀ ਤੇ ਖੇਤਰੀ ਨਿਊਜ਼ ਚੈਨਲ

### ਅਜੇ ਵੀ ਕੁਝ ਚੈਨਲ ਅਤੇ ਅਖ਼ਬਾਰ ਪੇਸ਼ ਕਰਦੇ ਹਨ ਸੱਚੀਆਂ ਅਤੇ ਨਿਰਪੱਖ ਖ਼ਬਰਾਂ



**ਮੀਡੀਆ ਨੂੰ ਸਮਾਜ ਦਾ ‘ਸ਼ੀਸ਼ਾ’ ਕਿਹਾ ਜਾਂਦਾ ਹੈ, ਪਰ ਕੁਝ ਸਮੇਂ ਤੋਂ ਇਸ ਸ਼ੀਸ਼ੇ ਦੀ ਭਰੋਸੇਯੋਗਤਾ ’ਤੇ ਹੀ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਭਾਵੇਂ ਕਿ ਅੱਜ ਵੀ ਵੱਡੀ ਗਿਣਤੀ ਅਖ਼ਬਾਰ ਤੇ ਟੀ.ਵੀ. ਨਿਊਜ਼ ਚੈਨਲ ਇਮਾਨਦਾਰੀ, ਸਖ਼ਤ ਮਿਹਨਤ ਅਤੇ ਲਗਨ ਨਾਲ ਖ਼ਬਰਾਂ ਪੇਸ਼ ਕਰਦੇ ਹਨ, ਪਰ ਕੁਝ ਨਿਊਜ਼ ਚੈਨਲ ਅਤੇ ਕੁਝ ਅਖ਼ਬਾਰਾਂ ਵਿੱਚ ਅਕਸਰ ਅਜਿਹੀਆਂ ਖ਼ਬਰਾਂ ਤੇ ਰਿਪੋਰਟਾਂ ਪੇਸ਼ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਕਾਰਨ ਅਕਸਰ ਵਿਵਾਦ ਪੈਦਾ ਹੋ ਜਾਂਦੇ ਹਨ। ਅਨੇਕਾਂ ਨਿਊਜ਼ ਚੈਨਲ ਤਾਂ ਸਿਰਫ਼ ਸਰਕਾਰ ਦਾ ਗੁਣਗਾਣ ਕਰਨ ਤੱਕ ਹੀ ਸੀਮਿਤ ਹੋ ਗਏ ਹਨ। ਕਈ ਸਾਲ ਪਹਿਲਾਂ ਜਦੋਂ ਮਰਹੂਮ ਰਾਜੀਵ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਸਨ ਤਾਂ ਦੂਰਦਰਸ਼ਨ ’ਤੇ ਵਾਰ ਵਾਰ ਉਹਨਾਂ ਦੀਆਂ ਹੀ ਤਸਵੀਰਾਂ ਅਤੇ ਰਿਪੋਰਟਾਂ ਨੂੰ ਪੇਸ਼ ਕੀਤਾ ਜਾਂਦਾ ਸੀ ਜਿਸ ਕਾਰਨ ਕੁਝ ਲੋਕ ਦੂਰਦਰਸ਼ਨ ਨੂੰ ‘ਰਾਜੀਵ ਦਰਸ਼ਨ’ ਹੀ ਕਹਿਣ ਲੱਗ ਪਏ ਸਨ। ਹੁਣ ਅੱਜ ਦੇ ਸਮੇਂ ਵਿੱਚ ਕੁਝ ਨਿਊਜ਼ ਚੈਨਲਾਂ ’ਤੇ ਉਸੇ ਹੀ ਤਰਜ਼ ’ਤੇ ਵਾਰ- ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਸਵੀਰਾਂ ਅਤੇ ਰਿਪੋਰਟਾਂ ਨੂੰ ਦਿਖਾਇਆ ਜਾ ਰਿਹਾ ਹੈ।**

ਇੱਕ ਸਮਾਂ ਅਜਿਹਾ ਵੀ ਸੀ, ਜਦੋਂ ਮੀਡੀਆ ਵਿੱਚ ਆਈਆਂ ਖ਼ਬਰਾਂ ’ਤੇ ਆਮ ਲੋਕ ਅੱਖਾਂ ਬੰਦ ਕਰਕੇ ਵਿਸ਼ਵਾਸ ਕਰ ਲੈਂਦੇ ਸਨ। ਉਸ ਸਮੇਂ ਮੀਡੀਆ ਵੱਲੋਂ ਵੀ ਨਿਰਪੱਖ ਭੂਮਿਕਾ ਨਿਭਾਈ ਜਾਂਦੀ ਸੀ ਅਤੇ ਹਮੇਸ਼ਾ ਹੀ ਸੱਚੀਆਂ ਖ਼ਬਰਾਂ ਪਾਠਕਾਂ/ਦਰਸ਼ਕਾਂ ਸਾਹਮਣੇ ਪੇਸ਼ ਕੀਤੀਆਂ ਜਾਂਦੀਆਂ ਸਨ। ਅਸੀਂ ਗੱਲ ਕਰ ਰਹੇ ਹਾਂ ਪਿਛਲੇ ਕੁਝ ਦਹਾਕਿਆਂ ਦੇ ਸਮੇਂ ਦੀ। ਉਸ ਸਮੇਂ ਭਾਵੇਂ ਵੱਡੀ ਗਿਣਤੀ ਵਿੱਚ ਅਖ਼ਬਾਰ ਛਪਦੇ ਹੁੰਦੇ ਸਨ ਪਰ ਬਿਜਲਈ ਮੀਡੀਆ ਦੇ ਨਾਮ ’ਤੇ ਸਿਰਫ਼ ਆਕਾਸ਼ਵਾਣੀ ਅਤੇ ਦੂਰਦਰਸ਼ਨ ਹੀ ਹੁੰਦੇ ਸਨ। ਉਸ ਸਮੇਂ ਆਕਾਸ਼ਵਾਣੀ ਅਤੇ ਦੂਰਦਰਸ਼ਨ ਪੂਰੀ ਤਰ੍ਹਾਂ ਸਰਕਾਰੀ ਕੰਟਰੋਲ ਵਿੱਚ ਸਨ ਤੇ ਉਦੋਂ ਅੱਜ ਵਾਂਗ ਪ੍ਰਾਈਵੇਟ ਮੀਡੀਆ ਚੈਨਲਾਂ ਅਤੇ ਸੋਸ਼ਲ ਮੀਡੀਆ ਦੀ ਭਰਮਾਰ ਨਹੀਂ ਸੀ। ਸੰਚਾਰ ਦੇ ਸਾਧਨ ਘੱਟ ਸਨ ਪਰ ਖ਼ਬਰਾਂ ਦੀ ਭਰੋਸੇਯੋਗਤਾ ਪੂਰੀ ਹੁੰਦੀ ਸੀ। ਆਮ ਲੋਕਾਂ ਦਾ ਆਕਾਸ਼ਵਾਣੀ ਦੀਆਂ ਰਾਸ਼ਟਰੀ ਅਤੇ ਖੇਤਰੀ ਖ਼ਬਰਾਂ ਵਿੱਚ ਵਿਸ਼ਵਾਸ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਕਿਸੇ ਨੂੰ ਵੀ ਚੌਰਾਹੇ ’ਤੇ ਚਾਹ ਦੀਆਂ ਦੁਕਾਨਾਂ ’ਤੇ ਖੜ੍ਹੇ ਹੋ ਕੇ ਵੀ ਖ਼ਬਰਾਂ ਸੁਣਨ ਵਿੱਚ ਕੋਈ ਝਿਜਕ ਨਹੀਂ ਸੀ ਉਲਟਾ ਮਾਣ ਮਹਿਸੂਸ ਹੁੰਦਾ ਸੀ। ਦੂਰਦਰਸ਼ਨ ਦੇ ਖੇਤਰੀ ਕੇਂਦਰਾਂ ’ਤੇ ਸ਼ਾਮ 7.30 ਵਜੇ ਆਉਂਦੀਆਂ ਖ਼ਬਰਾਂ ਹਰ ਵਿਅਕਤੀ ਦੇਖਦਾ/ਸੁਣਦਾ ਸੀ। ਜਲੰਧਰ ਦੂਰਦਰਸ਼ਨ ਦੀਆਂ ਸਾਢੇ ਸੱਤ ਵਜੇ ਹਰ ਦਿਨ ਪੇਸ਼ ਹੁੰਦੀਆਂ ਪੰਜਾਬੀ ਖ਼ਬਰਾਂ ਵਿੱਚ ਸੱਚਾਈ ਦੀ ਝਲਕ ਹੁੰਦੀ ਸੀ। ਜਲੰਧਰ ਦੂਰਦਰਸ਼ਨ ’ਤੇ ਕਈ ਸਾਲ ਪਹਿਲਾਂ ਸ਼ਾਮ 7.30 ਵਜੇ ਦਿਖਾਈਆਂ ਜਾਂਦੀਆਂ ਖ਼ਬਰਾਂ ਨੂੰ ਬੋਲਣ ਵਾਲੇ ਰਮਨ ਕੁਮਾਰ ਦੀ ਆਵਾਜ਼ ਤਾਂ ਅਜੇ ਵੀ ਕਈ ਪੰਜਾਬੀਆਂ ਨੂੰ ਚੇਤੇ ਹੋਣੀ ਹੈ। ਇਸ ਤੋਂ ਇਲਾਵਾ ਦੂਰਦਰਸ਼ਨ ਦੇ ਰਾਸ਼ਟਰੀ ਚੈਨਲ ’ਤੇ ਰਾਤ 8.40 ਵਜੇ ਪੇਸ਼ ਹੁੰਦੀਆਂ ਖ਼ਬਰਾਂ ਨੂੰ ਪੂਰਾ ਦੇਸ਼ ਵੇਖਦਾ/ਸੁਣਦਾ ਹੁੰਦਾ ਸੀ। ਉਦੋਂ ਦੂਰਦਰਸ਼ਨ ’ਤੇ ਪੇਸ਼ ਕੀਤੀਆਂ ਜਾਂਦੀਆਂ ਖ਼ਬਰਾਂ ’ਤੇ ਹਰ ਕੋਈ ਆਸਾਨੀ ਨਾਲ ਵਿਸ਼ਵਾਸ ਕਰ ਲੈਂਦਾ ਸੀ ਅਤੇ ਮੀਡੀਆ ਕਰਮੀਂ ਵੀ ਸਖ਼ਤ ਮਿਹਨਤ ਤੇ ਲਗਨ ਨਾਲ ਨਿਰਪੱਖ ਰਹਿ ਕੇ ਨਿਊਜ਼ ਰਿਪੋਰਟਾਂ ਤਿਆਰ ਕਰਦੇ ਹੁੰਦੇ ਸਨ। ਫਿਰ ਇਹਨਾਂ ਨੂੰ ਚੁਣ ਚੁਣ ਕੇ ਦੂਰਦਰਸ਼ਨ ’ਤੇ ਪੇਸ਼ ਕੀਤਾ ਜਾਂਦਾ ਸੀ। ਆਕਾਸ਼ਵਾਣੀ ਅਤੇ ਦੂਰਦਰਸ਼ਨ ’ਤੇ ਪੇਸ਼ ਹੁੰਦੀਆਂ ਖ਼ਬਰਾਂ ਦੀ ਮਹੱਤਤਾ ਅਤੇ ਸੱਚਾਈ ਇਥੋਂ ਵੀ ਸਮਝੀ ਜਾ ਸਕਦੀ ਹੈ ਕਿ ਦੋਵਾਂ ’ਤੇ ਸਰਕਾਰੀ ਕੰਟਰੋਲ ਹੋਣ ਦੇ ਬਾਵਜੂਦ ਇਹਨਾਂ ਦੀ ਭਰੋਸੇਯੋਗਤਾ ’ਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂ ਵੀ ਕਿੰਤੂ ਪ੍ਰੰਤੂ ਨਹੀਂ ਸੀ ਕਰਦੇ। ਇਸ ਤੋਂ ਵੱਡਾ ਇਹਨਾਂ ਖ਼ਬਰਾਂ ਦੀ ਭਰੋਸੇਯੋਗਤਾ ਦਾ ਸਬੂਤ ਹੋਰ ਕੀ ਹੋ ਸਕਦਾ ਹੈ। ਉਸ ਸਮੇਂ ਮੀਡੀਆ ਦਾ ਪੇਸ਼ਾ ਇਮਾਨਦਾਰਾਨਾ ਗਿਣਿਆ ਜਾਂਦਾ ਸੀ। ਉਸ ਸਮੇਂ ਆਕਾਸ਼ਵਾਣੀ ਅਤੇ ਦੂਰਦਰਸ਼ਨ ’ਤੇ ਪੇਸ਼ ਹੁੰਦੀਆਂ ਖ਼ਬਰਾਂ ਦੇ ਸਮੇਂ ਨੂੰ ਵੇਖ ਕੇ ਵੱਡੀ ਗਿਣਤੀ ਲੋਕ ਆਪਣੀਆਂ ਘੜੀਆਂ ਦਾ ਸਮਾਂ ਮਿਲਾਉਂਦੇ ਹੁੰਦੇ ਸਨ।

ਤੇ ਫੇਰ ਸਮਾਂ ਬਦਲਿਆ। ਅੱਜ ਦੇ ਆਧੁਨਿਕ ਯੁੱਗ ਵਿੱਚ ਹਰ ਕਿਸਮ ਦੇ ਵਿਕਾਸ ਦੇ ਨਾਲ ਹੀ ਮੀਡੀਆ ਖੇਤਰ ਵਿੱਚ ਵੀ ‘ਕ੍ਰਾਂਤੀ’ ਆ ਗਈ। ਪਿਛਲੇ ਕੁਝ ਸਾਲਾਂ ਦੌਰਾਨ ਅਨੇਕਾਂ ਪ੍ਰਾਈਵੇਟ ਰਾਸ਼ਟਰੀ ਨਿਊਜ਼ ਚੈਨਲ ਹੋਂਦ ਵਿੱਚ ਆ ਗਏ। ਇਸ ਦੇ ਨਾਲ ਹੀ ਖੇਤਰੀ ਅਤੇ ਰਾਜ ਪੱਧਰੀ ਨਿਊਜ਼ ਚੈਨਲਾਂ ਦਾ ਵੀ ਯੁੱਗ ਸ਼ੁਰੂ ਹੋ ਗਿਆ,ਜਿੱਥੇ ਕਿ ਆਪੋ ਆਪਣੇ ਸੂਬੇ ਦੀ ਭਾਸ਼ਾ ਵਿੱਚ ਖ਼ਬਰਾਂ ਪੇਸ਼ ਕੀਤੀਆਂ ਜਾਣ ਲੱਗੀਆਂ। ਜਿਵੇਂ ਜਿਵੇਂ ਰਾਸ਼ਟਰੀ ਤੇ ਖੇਤਰੀ ਨਿਊਜ਼ ਚੈਨਲਾਂ ਦੀ ਗਿਣਤੀ ਵਧਦੀ ਗਈ, ਉਵੇਂ ਹੀ ਇਹਨਾਂ ਚੈਨਲਾਂ ’ਤੇ ਪੇਸ਼ ਕੀਤੀਆਂ ਜਾਂਦੀਆਂ ਖ਼ਬਰਾਂ ਦੀ ਭਰੋਸੇਯੋਗਤਾ ’ਤੇ ਸਵਾਲ ਉੱਠਣੇ ਸ਼ੁਰੂ ਹੋ ਗਏ। ਹੁਣ ਹਾਲ ਇਹ ਹੋ ਗਿਆ ਹੈ ਕਿ ਰਾਸ਼ਟਰੀ ਨਿਊਜ਼ ਚੈਨਲਾਂ ਵੱਲੋਂ ਜੋ ਖ਼ਬਰਾਂ ਜਾਂ ਵੀਡੀਓ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਦੀ ਭਰੋਸੇਯੋਗਤਾ ’ਤੇ ਚੈਨਲਾਂ ਦੇ ਸੰਪਾਦਕਾਂ ਨੂੰ ਵੀ ਸ਼ੱਕ ਰਹਿੰਦਾ ਹੈ। ਇਸੇ ਕਾਰਨ ਅਨੇਕਾਂ ਅਜਿਹੇ ਵੀਡੀਓ ਦੀ ਜ਼ਿੰਮੇਵਾਰੀ ਲੈਣ ਤੋਂ ਨਿਊਜ਼ ਚੈਨਲ ਝਿਜਕ ਜਾਂਦੇ ਹਨ।




ਅੱਜ ਟੀ.ਵੀ. ਨਿਊਜ਼ ਚੈਨਲਾਂ ਦੀ ਭਰਮਾਰ ਹੈ ਅਤੇ ਹਿੰਦੀ ਸਮੇਤ ਵੱਖ- ਵੱਖ ਖੇਤਰੀ ਭਾਸ਼ਾਵਾਂ ਵਿੱਚ ਛਪਦੇ ਅਖ਼ਬਾਰਾਂ ਦੀ ਵੀ ਭਰਮਾਰ ਹੈ। ਪਰ ਵੱਡੀ ਗਿਣਤੀ ਨਿਊਜ਼ ਚੈਨਲਾਂ ਅਤੇ ਕੁਝ ਅਖ਼ਬਾਰਾਂ ਦੀ ਭਰੋਸੇਯੋਗਤਾ ’ਤੇ ਅਕਸਰ ਸਵਾਲ ਉੱਠਦੇ ਰਹਿੰਦੇ ਹਨ। ਹੁਣ ਤਾਂ ਕੁਝ ਅਖ਼ਬਾਰਾਂ ਵਿੱਚ ਛਪਦੀਆਂ ‘ਮੁੱਲ ਦੀਆਂ ਖ਼ਬਰਾਂ’ ਬਾਰੇ ਆਮ ਲੋਕ ਵੀ ਜਾਣੂੰ ਹੋ ਗਏ ਹਨ। ਹਰ ਕਿਸਮ ਦੀਆਂ ਚੋਣਾਂ ਸਮੇਂ ਅਜਿਹੀਆਂ ‘ਮੁੱਲ ਦੀਆਂ ਖ਼ਬਰਾਂ’ ਦੀ ਗਿਣਤੀ ਬਹੁਤ ਹੋ ਜਾਂਦੀ ਹੈ। ਚੋਣਾਂ ਸਮੇਂ ਅਕਸਰ ਸਿਆਸੀ ਪਾਰਟੀਆਂ ਕੁਝ ਅਖ਼ਬਾਰਾਂ ਦੇ ਕੁਝ ਪੰਨੇ ਹੀ ਮੁੱਲ ਖਰੀਦ ਲੈਂਦੀਆਂ ਹਨ ਅਤੇ ਇਹਨਾਂ ਪੰਨਿਆਂ ’ਤੇ ਸਿਰਫ਼ ਆਪਣੀ ਪਾਰਟੀ ਦੇ ਪੱਖ ਵਿੱਚ ਹੀ ਖ਼ਬਰਾਂ ਲਗਵਾਈਆਂ ਜਾਂਦੀਆਂ ਹਨ ਤਾਂ ਕਿ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ ਅਤੇ ਵਧੇਰੇ ਵੋਟਾਂ ਲਈਆਂ ਜਾ ਸਕਣ। ਕੁਝ ਚੈਨਲਾਂ ਅਤੇ ਅਖ਼ਬਾਰਾਂ ਬਾਰੇ ਤਾਂ ਅਕਸਰ ਕਿਹਾ ਜਾਂਦਾ ਹੈ ਕਿ ਇਹ ‘ਸਰਕਾਰੀ ਤੋਤੇ’ ਜਾਂ ‘ਸਰਕਾਰੀ ਭੌਂਪੂ’ ਹਨ। ਇਹਨਾਂ ਨਿਊਜ਼ ਚੈਨਲਾਂ ’ਤੇ ਸਾਰਾ ਦਿਨ ਸਰਕਾਰ ਪੱਖੀ ਖ਼ਬਰਾਂ ਤੇ ਰਿਪੋਰਟਾਂ ਹੀ ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ।

ਹੁਣ ਹਰ ਕਿਸਮ ਦੀਆਂ ਚੋਣਾਂ ਸਮੇਂ ਵੱਖ-ਵੱਖ ਨਿਊਜ਼ ਚੈਨਲਾਂ ਵੱਲੋਂ ਚੋਣ ਸਰਵੇਖਣ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਫਰਜ਼ੀ ਤੇ ਇੱਕਪਾਸੜ ਹੀ ਹੁੰਦੇ ਹਨ। ਅਕਸਰ ਇਹਨਾਂ ਚੋਣ ਸਰਵੇਖਣਾਂ ਵਿੱਚ ਸੱਤਾਧਾਰੀ ਪਾਰਟੀ ਦੇ ਪੱਖ ਵਿੱਚ ਰਿਪੋਰਟਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇੱਕ ਹੀ ਚੋਣ ਸਬੰਧੀ ਵੱਖ- ਵੱਖ ਨਿਊਜ਼ ਚੈਨਲਾਂ ’ਤੇ ਵੱਖ- ਵੱਖ ਚੋਣ ਚੈਨਲਾਂ ਦੇ ਨਤੀਜੇ ਵੱਖ ਵੱਖ ਹੁੰਦੇ ਹਨ। ਅਸਲੀਅਤ ਦਾ ਤਾਂ ਇਹਨਾਂ ਚੈਨਲਾਂ ਵਾਲਿਆਂ ਨੂੰ ਵੀ ਪਤਾ ਨਹੀਂ ਹੁੰਦਾ ਇਹਨਾਂ ਵੱਲੋਂ ਤਾਂ ਸਿਰਫ਼ ਆਪਣੇ ਮਾਲਕਾਂ ਅਤੇ ਇਸ਼ਤਿਹਾਰ ਦੇਣ ਵਾਲੀ ਸਿਆਸੀ ਪਾਰਟੀ ਦੇ ਗੁਣ ਗਾਉਣੇ ਹੁੰਦੇ ਹਨ। ਹਰ ਕਿਸਮ ਦੀਆਂ ਚੋਣਾਂ ਸਮੇਂ ਕੁਝ ਨਿਊਜ਼ ਚੈਨਲਾਂ ਵੱਲੋਂ ਸਿਰਫ਼ ਇੱਕ ਹੀ ਪਾਰਟੀ ਦੇ ਪੱਖ ਵਿੱਚ ਰਿਪੋਰਟਾਂ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਸਰਕਾਰ ਦੇ ਪੱਖ ਵਿੱਚ ਹਵਾ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ।

ਵੱਖ- ਵੱਖ ਰਾਸ਼ਟਰੀ ਤੇ ਖੇਤਰੀ ਨਿਊਜ਼ ਚੈਨਲਾਂ ’ਤੇ ਹਰ ਦਿਨ ਵੱਖ- ਵੱਖ ਵਿਸ਼ਿਆਂ ਸਬੰਧੀ ਹੁੰਦੀਆਂ ਬਹਿਸਾਂ ਵੀ ਕਈ ਵਾਰ ਆਧਾਰਹੀਣ ਅਤੇ ਬੇਤੁਕੀਆਂ ਹੁੰਦੀਆਂ ਹਨ। ਇਹਨਾਂ ਬਹਿਸਾਂ ਵਿੱਚ ਅਕਸਰ ਵੱਖ -ਵੱਖ ਸਿਆਸੀ ਪਾਰਟੀਆਂ ਦੇ ਆਗੂ, ਸਮਾਜ ਸੇਵਕ, ਵਿਦਵਾਨ, ਸਿਆਸੀ ਮਾਹਿਰ ਹਿੱਸਾ ਲੈਂਦੇ ਹਨ। ਕਈ ਵਾਰ ਵੱਖ ਵੱਖ ਧਰਮਾਂ ਦੇ ਆਗੂਆਂ ਨੂੰ ਵੀ ਬਹਿਸਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। (ਬਾਕੀ ਸਫ਼ਾ 30 ’ਤੇ)

## ਗਲੋਬਲ ਪੀਸ ਇੰਡੈਕਸ 2025 ਅਨੁਸਾਰ ਰਿਪੋਰਟ ਆਈ ਸਾਹਮਣੇ

# ਵਿਸ਼ਵ ’ਚ ਫ਼ੈਲੇ ਤਣਾਅ ਦੌਰਾਨ ਸੁਰੱਖਿਅਤ ਤੇ ਅਸੁਰੱਖਿਅਤ ਦੇਸ਼ ਕਿਹੜੇ ਹਨ ?

### ਇਰਾਨ ਤੇ ਇਜ਼ਰਾਇਲ ਝੜਪਾਂ, ਭਾਰਤ ਤੇ ਪਾਕਿ ਵਿੱਚ ਤਣਾਅ ਤੇ ਯੂਕ੍ਰੇਨ ਤੇ ਰੂਸ ਯੁੱਧ ਬਣ ਸਕਦਾ ਵਿਸ਼ਵ ਜੰਗ ਦਾ ਕਾਰਨ

ਦੁਨੀਆ ਵਿੱਚ ਵਿਸ਼ਵ ਯੁੱਧ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਮੱਧ ਪੂਰਬ ਵਿੱਚ ਦੋ ਸਾਲ ਪਹਿਲਾਂ ਗਾਜ਼ਾ ਵਿੱਚ ਸ਼ੁਰੂ ਹੋਈ ਜੰਗ ਹੁਣ ਇਰਾਨ ਤੱਕ ਪਹੁੰਚ ਗਈ ਹੈ। ਇਜ਼ਰਾਇਲ ਅਤੇ ਇਰਾਨ ਇੱਕ ਦੂਜੇ ’ਤੇ ਭਿਆਨਕ ਹਮਲੇ ਕਰ ਰਹੇ ਹਨ। ਇਸ ਜੰਗ ਵਿੱਚ ਅਮਰੀਕਾ ਵੀ ਸ਼ਾਮਲ ਹੋ ਗਿਆ ਹੈ। ਇਸ ਦੇ ਨਾਲ ਹੀ ਰੂਸ ਅਤੇ ਯੂਕ੍ਰੇਨ ਵਿਚਕਾਰ ਜੰਗ ਵੀ ਚੱਲ ਰਹੀ ਹੈ। ਗਲੋਬਲ ਪੀਸ ਇੰਡੈਕਸ 2025 ਦਰਸਾਉਂਦਾ ਹੈ ਕਿ ਦੁਨੀਆ ਵਿੱਚ ਪਹਿਲਾਂ ਨਾਲੋਂ ਘੱਟ ਸ਼ਾਂਤੀ ਹੈ ਅਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸ਼ਾਂਤੀ ਵਿੱਚ ਗਿਰਾਵਟ ਆਪਣੇ ਸਭ ਤੋਂ ਉੱਚੇ ਪੱਧਰ ’ਤੇ ਹੈ।

ਇੰਸਟੀਚਿਊਟ ਫ਼ਾਰ ਇਕਨਾਮਿਕਸ ਐਂਡ ਪੀਸ ਹਰ ਸਾਲ ਗਲੋਬਲ ਪੀਸ ਇੰਡੈਕਸ ਜਾਰੀ ਕਰਦਾ ਹੈ, ਜੋ ਦੱਸਦਾ ਹੈ ਕਿ ਸਾਡੀ ਦੁਨੀਆ ਕਿੰਨੀ ਸੁਰੱਖਿਅਤ ਹੈ। 2025 ਦੇ ਅਧਿਐਨ ਦੇ ਨਤੀਜੇ ਦੁਨੀਆ ਦੇ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਅਸੁਰੱਖਿਅਤ ਦੇਸ਼ਾਂ ਬਾਰੇ ਦੱਸਦੇ ਹਨ। ਸੁਰੱਖਿਅਤ ਦੇਸ਼ਾਂ ਦੀ ਸੂਚੀ ਵਿੱਚ ਸਿਖਰ ’ਤੇ ਰਹਿਣ ਵਾਲੇ ਦੇਸ਼ ਉਹ ਹਨ ਜਿਨ੍ਹਾਂ ਕੋਲ ਲਚਕਦਾਰ ਸੰਸਥਾਵਾਂ, ਘੱਟ ਭ੍ਰਿਸ਼ਟਾਚਾਰ ਅਤੇ ਚੰਗੀ ਤਰ੍ਹਾਂ ਕੰਮ ਕਰਨ ਵਾਲਾ ਬੁਨਿਆਦੀ ਢਾਂਚਾ ਹੈ, ਜੋ ਉਨ੍ਹਾਂ ਨੂੰ ਯਾਤਰਾ ਲਈ ਆਦਰਸ਼ ਸਥਾਨ ਬਣਾਉਂਦਾ ਹੈ।

**10 ਸਭ ਤੋਂ ਸੁਰੱਖਿਅਤ ਦੇਸ਼**

ਦੁਨੀਆ ਦੇ ਸਭ ਤੋਂ ਸੁਰੱਖਿਅਤ ਦੇਸ਼ਾਂ ਦੀ ਸੂਚੀ ਵਿੱਚ ਆਈਸਲੈਂਡ ਨੇ ਆਪਣਾ ਸਿਖਰਲਾ ਸਥਾਨ ਬਰਕਰਾਰ ਰੱਖਿਆ ਹੈ। ਖਾਸ ਗੱਲ ਇਹ ਹੈ ਕਿ ਇਸ ਨੇ 2008 ਤੋਂ ਆਪਣੀ ਸਥਿਤੀ ਬਣਾਈ ਰੱਖੀ ਹੈ। ਇਹ ਸੂਚੀ ਇਸ ਪ੍ਰਕਾਰ ਹੈ :ਆਈਸਲੈਂਡ, ਆਇਰਲੈਂਡ, ਆਸਟਰੀਆ, ਨਿਊਜ਼ੀਲੈਂਡ , ਸਵਿੱਟਜ਼ਰਲੈਂਡ, ਪੁਰਤਗਾਲ, ਡੈਨਮਾਰਕ , ਸਲੋਵੇਨੀਆ,ਮਲੇਸ਼ੀਆ, ਕੈਨੇਡਾ।

ਸਭ ਤੋਂ ਅਸੁਰੱਖਿਅਤ ਦੇਸ਼ 2025 ਅਨੁਸਾਰ ਰੂਸ, ਯੂਕ੍ਰੇਨ, ਸੁਡਾਨ, ਕਾਂਗੋ , ਯਮਨ , ਸੀਰੀਆ, ਇਜ਼ਰਾਇਲ, ਅਫ਼ਗਾਨਿਸਤਾਨ, ਮਾਲੀ, ਦੱਖਣੀ ਸੁਡਾਨ ਹਨ। ਅੱਜ ਦੀ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਵਿਸ਼ਵ ਸ਼ਾਂਤੀ ਇੱਕ ਵੱਡੀ ਚੁਣੌਤੀ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੀ 2024 ਦੀ ਰਿਪੋਰਟ ਮੁਤਾਬਕ, ਦੁਨੀਆ ਵਿੱਚ 12,121 ਪਰਮਾਣੂ ਹਥਿਆਰ ਹਨ, ਜਿਨ੍ਹਾਂ ਵਿੱਚੋਂ 3,904 ਸਰਗਰਮ ਹਨ। ਅਮਰੀਕਾ ਅਤੇ ਰੂਸ ਕੋਲ 8,000 ਤੋਂ ਵੱਧ ਪਰਮਾਣੂ ਹਥਿਆਰ ਹਨ, ਜੋ ਵਿਸ਼ਵ ਯੁੱਧ ਦੇ ਖ਼ਤਰੇ ਨੂੰ ਵਧਾਉਂਦੇ ਹਨ। ਰੂਸ-ਯੂਕ੍ਰੇਨ ਜੰਗ, ਇਜ਼ਰਾਇਲ-ਹਮਾਸ ਸੰਘਰਸ਼ ਅਤੇ ਚੀਨ-ਤਾਈਵਾਨ ਤਣਾਅ ਨੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

(ਬਾਕੀ ਸਫ਼ਾ 30 ’ਤੇ)

### ਵਿਸ਼ਵ ਪਰਮਾਣੂ ਯੁੱਧ ਦਾ ਖ਼ਤਰਾ ਮੰਡਰਾਇਆ

ਸਿਪਰੀ ਮੁਤਾਬਕ, ਭਾਰਤ ਤੇ ਪਾਕਿਸਤਾਨ ਦੋਵਾਂ ਕੋਲ ਲਗਭਗ 170-170 ਪਰਮਾਣੂ ਹਥਿਆਰ ਹਨ ਜੋ ਖ਼ਤਰੇ ਨੂੰ ਹੋਰ ਗੰਭੀਰ ਕਰਦੇ ਹਨ। ਪਾਕਿਸਤਾਨ ਦੀ ਸਿਆਸੀ ਅਸਥਿਰਤਾ, ਅੱਤਵਾਦੀ ਸਮੂਹਾਂ ਦੀ ਮੌਜੂਦਗੀ ਤੇ ਭਾਰਤ-ਵਿਰੋਧੀ ਨੀਤੀਆਂ ਨੇ ਭਾਰਤ ਲਈ ਖ਼ਤਰੇ ਦੀ ਸਥਿਤੀ ਪੈਦਾ ਕਰ ਦਿੱਤੀ ਹੈ।ਚੀਨ ਪਾਕਿਸਤਾਨ ਦਾ ਸਭ ਤੋਂ ਵੱਡਾ ਸਾਥੀ ਹੈ। ਚੀਨ-ਪਾਕਿਸਤਾਨ ਆਰਥਿਕ ਕਾਰੀਡੋਰ ਰਾਹੀਂ ਅਰਬਾਂ ਡਾਲਰ ਦਾ ਨਿਵੇਸ਼ ਕਰ ਰਿਹਾ ਹੈ। ਚੀਨ ਪਾਕਿਸਤਾਨ ਨੂੰ ਹਥਿਆਰ, ਜੰਗੀ ਜਹਾਜ਼ ਤੇ ਮਿਜ਼ਾਇਲ ਤਕਨੀਕ ਦੇ ਰਿਹਾ ਹੈ, ਜਿਸ ਦਾ ਮਕਸਦ ਭਾਰਤ ਨੂੰ ਘੇਰਨਾ ਤੇ ਹਿੰਦ ਮਹਾਸਾਗਰ ਵਿੱਚ ਆਪਣੀ ਧਾਕ ਜਮਾਉਣਾ ਹੈ।ਅਮਰੀਕਾ ਦੀ ਸਹਾਇਤਾ ਸਥਿਤੀ ਅਨੁਸਾਰ ਹੁੰਦੀ ਹੈ। ਅਫ਼ਗਾਨਿਸਤਾਨ ਜੰਗ ਦੌਰਾਨ ਅਮਰੀਕਾ ਨੇ ਪਾਕਿਸਤਾਨ ਨੂੰ ਅਰਬਾਂ ਡਾਲਰ ਦਿੱਤੇ ਹਨ, ਪਰ 2018 ਤੋਂ ਬਾਅਦ ਇਹ ਸਹਾਇਤਾ ਘਟੀ ਸੀ। 2025 ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਪਾਕਿਸਤਾਨੀ ਫ਼ੌਜ ਮੁਖੀ ਆਸਿਮ ਮੁਨੀਰ ਦੀ ਮੁਲਾਕਾਤ ਨੇ ਅਮਰੀਕੀ ਸਹਾਇਤਾ ਦੀਆਂ ਅਟਕਲਾਂ ਨੂੰ ਜਨਮ ਦਿੱਤਾ ਸੀ। ਚੀਨ ਦੇ ਸਬੰਧ ’ਚ ਭਾਰਤ ‘ਸਟ੍ਰੈਟਜਿਕ ਸਵੈ-ਨਿਰਭਰਤਾ’ ਦੀ ਨੀਤੀ ਅਪਣਾਉਂਦਾ ਹੈ। ਅਮਰੀਕਾ, ਜਾਪਾਨ ਤੇ ਆਸਟ੍ਰੇਲੀਆ ਨਾਲ ਕਵਾਡ ਰਾਹੀਂ ਭਾਰਤ ਚੀਨ ਦੀ ਵਧਦੀ ਧੌਂਸ ਨੂੰ ਸੰਤੁਲਿਤ ਕਰ ਰਿਹਾ ਹੈ। ਅਮਰੀਕਾ ਨਾਲ ਸਬੰਧ ਮਜ਼ਬੂਤ ਹਨ, (ਬਾਕੀ ਸਫ਼ਾ 30 ’ਤੇ)

# ਜੰਗ ਤਾਂ ਖ਼ੁਦ ਹੀ ਇੱਕ ਮਸਲਾ ਹੈ . . .




## ਬਲਰਾਜ ਪੰਨੂ

ਦੁਨੀਆ ਨੇ ਥੋੜ੍ਹੇ ਹੀ ਸਮੇਂ ਦੇ ਵਿੱਚ ਤਿੰਨ ਯੁੱਧ ਜਾਂ ਜੰਗ ਲੱਗਣ ਵਰਗਾ ਮਾਹੌਲ ਵੇਖਿਆ ਹੈ। ਯੂਕ੍ਰੇਨ ਅਤੇ ਰੂਸ ਦੇ ਵਿੱਚ ਜੰਗ, ਭਾਰਤ ਤੇ ਪਾਕਿਸਤਾਨ ਦੇ ਵਿੱਚ ਤੇ ਹੁਣ ਮਿਡਲ ਈਸਟ ਵਿੱਚ। ਆਪਣੀ ਪਰਮਾਣੂ ਤਾਕਤ, ਵੱਡੀ ਫ਼ੌਜ ਤੇ ਆਪਣੀ ਕੁਸ਼ਲਤਾ ਨਾਲ ਮਗਰੂਰ ਰੂਸ ਨੇ ਯੂਕ੍ਰੇਨ 'ਤੇ ਹਮਲਾ ਕਰ ਦਿੱਤਾ। ਕੁਝ ਹੀ ਹਫ਼ਤਿਆਂ ਦੇ ਵਿੱਚ ਪੂਤਿਨ ਨੇ ਕੀਵ 'ਤੇ ਕਬਜ਼ਾ ਕੀਤਾ ਤੇ ਕਿਹਾ ਕਿ ਯੂਕ੍ਰੇਨ ਸਰਕਾਰ ਨੂੰ ਮੈਂ ਪੈਰਾਂ 'ਤੇ ਬੈਠਾ ਦਿੱਤਾ ਹੈ ਪਰ ਉਸ ਦਾ ਸਾਹਮਣਾ ਕੀਤਾ ਇੱਕ ਕਾਮੇਡੀਅਨ ਨੇ, ਜੋ ਕਿ ਟੀ.ਵੀ. ਸ਼ੋਅ ਦੇ ਵਿੱਚ ਕਾਮੇਡੀ ਕਰ ਕੇ ਮਸ਼ਹੂਰ ਹੋਇਆ ਸੀ ਤੇ ਫਿਰ ਚੋਣਾਂ ਜਿੱਤ ਕੇ ਰਾਸ਼ਟਰਪਤੀ ਬਣ ਬੈਠਾ। ਜੈਲੇਂਸ਼ਕੀ ਨੇ ਪੂਤਿਨ ਦੀ ਤਰ੍ਹਾਂ ਕੋਈ ਦਾਅਵਾ ਨਹੀਂ ਕੀਤਾ ਬਸ ਅੜਿਆ ਰਿਹਾ। ਉਹ ਭੱਜਿਆ ਨਹੀਂ, ਦੱਬਿਆ ਨਹੀਂ, ਤੇ ਅੱਜ ਵੀ ਸੀਨਾ ਤਾਨ ਕੇ ਆਪਣੇ ਦੇਸ਼ ਨਾਲ ਖੜਾ ਹੈ। ਦੂਜਾ ਯੁੱਧ ਹੋਇਆ 'ਅਪਰੇਸ਼ਨ ਸੰਧੂਰ'। ਇਸ ਯੁੱਧ ਦੇ ਵਿੱਚ ਸੱਤਰ ਸਾਲ ਦੇ ਵਿੱਚ ਪਾਕਿਸਤਾਨ ਨੂੰ ਵਾਰ-ਵਾਰ ਮਾਤ ਦੇਣ ਦਾ ਗਰੂਰ ਸ਼ਾਮਲ ਸੀ। ਇੱਥੇ ਵੀ ਹਾਕਮ ਨੇ ਇਹ ਭਰਮ ਪਾਲਿਆ ਕਿ ਉਸ ਨੂੰ ਤਬਾਹ ਕਰਨਾ ਇੱਕ ਚੁੱਟਕੀ ਦੀ ਖੇਡ ਹੈ। ਪਿਛਲੇ ਸੱਤਰ ਸਾਲਾਂ ਦੇ ਵਿੱਚ ਸਾਰੇ ਅਪਰੇਸ਼ਨ ਕੋਡ ਨਾਮ ਅੰਗਰੇਜ਼ੀ ਵਿੱਚ ਰੱਖੇ ਜਾਂਦੇ ਸੀ ਪਰ ਇਸ ਵਾਰ ਚੋਣਾਂ ਤੇ ਔਰਤ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਨੀਅਤ ਨਾਲ ਇਸ ਤਮਾਸ਼ੇ ਦਾ ਨਾਮ ਸੰਧੂਰ ਰੱਖ ਦਿੱਤਾ। ਮੁੱਕਦੀ ਗੱਲ, ਆਪਣੇ ਜਹਾਜ਼ ਉਧਰ ਡਿਗਵਾ ਕੇ ਕਰਾਚੀ, ਲਾਹੌਰ, ਇਸਲਾਮਾਬਾਦ ਦੀਆਂ ਫ਼ੇਕ ਨਿਊਜ਼ 'ਤੇ ਕਬਜ਼ਾ ਕਰਵਾਇਆ ਭਾਵ ਅਸੀਂ ਤਮਾਸ਼ਾ ਬਣ ਕੇ ਰਹਿ ਗਏ। ਅਠਾਈ ਬੰਦਿਆਂ ਦਾ ਬਦਲਾ ਲੈਣ ਦੇ ਨਾਮ 'ਤੇ ਅਸੀਂ ਆਪਣੇ ਪੰਜਾਹ ਤੋਂ ਉੱਪਰ ਭਾਰਤੀ ਨਾਗਰਿਕ ਮਰਵਾ ਕੇ ਫ਼ਿਰ ਸੁਪਰ ਪਾਵਰ ਅਮਰੀਕਾ ਦੀ ਇੱਕ ਘੁਰਕੀ ਦੇ ਨਾਲ ਯੁੱਧ 'ਤੇ ਰੋਕ ਲਗਾ ਦਿੱਤੀ।



ਹੁਣ ਗੱਲ ਕਰਦੇ ਹਾਂ 13 ਜੂਨ 2025 ਨੂੰ ਮਿਡਲ ਈਸਟ ਦੇ ਯੁੱਧ ਬਾਰੇ। ਨੇਤਨਯਾਹੂ ਨੂੰ ਗ਼ਾਜ਼ਾ ਦੇ ਨਿਹੱਥੇ ਲੋਕਾਂ ਨੂੰ ਮਾਰ ਕੇ ਏਨਾ ਘੁਮੰਡ ਆਇਆ ਕਿ ਉਸ ਨੇ ਇਰਾਨ 'ਤੇ ਬਿਨਾਂ ਕਿਸੇ ਅੰਤਰਰਾਸ਼ਟਰੀ ਸਹਿਮਤੀ ਦੇ ਸੈਨਿਕ ਕਾਰਵਾਈ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਤੇ ਇਸ ਹਮਲੇ ਦਾ ਨਾਮ ਰੱਖਿਆ 'ਅਪਰੇਸ਼ਨ ਰਾਈਜ਼ਿੰਗ ਲਾਇਨ'। ਸਾਰੀ ਦੁਨੀਆ ਹੈਰਾਨ ਹੋ ਜਾਂਦੀ ਹੈ ਭਲੇ ਹੀ ਇਹ ਸੰਕਟ ਟਲ ਗਿਆ ਹੈ ਪਰ ਨਹੀਂ ਤਾਂ ਇਸ ਦੇ ਨਤੀਜ਼ੇ ਖ਼ਤਰਨਾਕ ਨਿਕਲਣੇ ਸੀ। ਇਜ਼ਰਾਇਲ ਨੇ ਇਰਾਨ ਦੇ ਖ਼ਿਲਾਫ਼ ਜੋ ਵੀ ਕੀਤਾ ਹੈ, ਉਹ ਚਿੰਤਾ ਦੇ ਨਾਲ ਨਾਲ ਕਾਨੂੰਨ ਦੀ ਉਲੰਘਣਾ ਵੀ ਸੀ ਪਰ ਇਰਾਨ ਦੀ ਬਜ਼ੁਰਗੀ ਹਿੰਮਤ ਵੇਖੋ ਕਿ ਕੋਈ ਧਮਕੀ ਨਹੀਂ, ਕੋਈ ਰੌਲਾ ਨਹੀਂ, ਮਾਰਨ-ਕੱਟਣ, ਮਿਟਾ ਦੇਣ ਦਾ ਕੋਈ ਦਾਅਵਾ ਨਹੀਂ, ਬਿਲਕੁਲ ਸਾਦੀ ਭਾਸ਼ਾ ਤੇ ਸੀਨੇ 'ਤੇ ਬੰਬ ਖਾਣ ਦਾ ਦਮ। ਪਰ ਜਦੋਂ ਪਲਟ ਕੇ ਮਾਰਿਆ ਤੇ ਰੁਕਿਆ ਵੀ ਨਹੀਂ। ਤਾਬੜਤੋੜ ਜਵਾਬੀ ਕਾਰਵਾਈ ਕੀਤੀ। ਇਸ ਯੁੱਧ ਦੇ ਵਿੱਚ ਇਜ਼ਰਾਇਲ ਆਮ ਲੋਕਾਂ ਦੀ ਨਜ਼ਰ ਦੇ ਵਿੱਚ ਇੱਕ ਹਤਿਆਰਾ ਦੇਸ਼ ਬਣ ਗਿਆ ਤੇ ਇਰਾਨ ਦੀਆਂ ਬਲੈਸਟਿਕ ਮਿਜ਼ਾਇਲਾਂ ਵੀ ਨਿਆਂ ਦੀਆਂ ਪ੍ਰਤੀਕ ਹੋ ਨਿਬੜੀਆਂ। ਇਰਾਨ ਨੇ 9 ਦਿਨ ਬਲੈਸਟਿਕ ਮਿਜ਼ਾਇਲਾਂ ਦੇ ਨਾਲ ਇਜ਼ਰਾਇਲ ਦੇ ਨੱਕ ਵਿੱਚ ਦਮ ਕਰ ਦਿੱਤਾ। ਫ਼ਿਰ ਅਮਰੀਕਾ ਨੇ ਦਾਅਵਾ ਕੀਤਾ ਕਿ ਅਸੀਂ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਤਬਾਹ ਕਰ ਦਿੱਤਾ ਹੈ। ਪਰ ਫਿਰ ਇੱਕ ਦਿਨ ਬਾਅਦ ਪਤਾ ਨਹੀਂ ਕੀ ਹੋਇਆ ਕਿ ਸੀਜ਼ ਫਾਇਰ ਦੀ ਚਰਚਾ ਹੋਣ ਲੱਗੀ। ਤੇ ਉਹ ਵੀ ਅਮਰੀਕਾ ਦੇ ਖੜਪੈਂਚ ਕਹਾਉਣ ਵਾਲੇ ਲੀਡਰ ਵੱਲੋਂ। ਅਜੇ ਇਹ ਗੱਲ ਚੱਲ ਹੀ ਰਹੀ ਸੀ ਕਿ ਕਤਰ ਵਿੱਚ ਅਮਰੀਕਾ ਦੇ ਇੱਕ ਵੱਡਾ ਮਿਲਟਰੀ ਬੇਸ ਤੇ ਏਅਰ ਬੇਸ 'ਤੇ 6 ਬਲੈਸਟਿਕ ਮਿਜ਼ਾਇਲਾਂ ਦਾਗ ਦਿੱਤੀਆਂ। ਪਰ ਪਤਾ ਨਹੀਂ ਵਿਚਲੀ ਕਹਾਣੀ ਕੀ ਹੈ? ਹੈਰਾਨੀ ਇਹ ਹੋਈ ਕਿ ਕਿਸੇ ਦੇਸ਼ ਦੇ ਮਿਲਟਰੀ ਬੇਸ 'ਤੇ ਅਟੈਕ ਕੀਤਾ ਹੋਵੇ ਤੇ ਉਥੋਂ ਦਾ ਪ੍ਰੈਜ਼ੀਡੈਂਟ ਕਹਿ ਰਿਹਾ ਹੋਵੇ ਕਿ " ਜੋ ਹੋਣਾ ਸੀ, ਉਹ ਹੋ ਗਿਆ। ਹੋਰ ਕੋਈ ਨੁਕਸਾਨ ਨਹੀਂ। ਆਓ ਸ਼ਾਂਤੀ ਨਾਲ ਬੈਠ ਕੇ ਗੱਲਬਾਤ ਕਰੀਏ।" ਵੈਸੇ ਇਰਾਨ ਪਹਿਲਾਂ ਦੇਸ਼ ਹੈ ਜਿਸ ਨੇ ਅਮਰੀਕਾ ਦੇ ਮਿਲਟਰੀ ਬੇਸ ਤੇ ਏਅਰ ਬੇਸ 'ਤੇ ਮਿਜ਼ਾਇਲਾਂ ਸੁੱਟੀਆਂ ਹਨ। ਅੱਜ ਤੱਕ ਅਜਿਹੀ ਹਿੰਮਤ ਕਿਸੇ ਨੇ ਵੀ ਨਹੀਂ ਕੀਤੀ ਸੀ। ਸਿੱਧੀ ਗੱਲ ਕੀਤੀ ਜਾਵੇ ਤਾਂ ਇਰਾਨ ਨੇ ਦੋ ਧਿਰਾਂ ਦਾ ਗਰੂਰ ਤੋੜਿਆ ਹੈ। ਜਿੱਥੋਂ ਤੱਕ ਇਜ਼ਰਾਇਲ ਦੀ ਗੱਲ ਹੈ ਤਾਂ 1948 ਵਿੱਚ ਇਜ਼ਰਾਇਲ ਵਸਿਆ। ਸੱਤ ਯੁੱਧ ਉਸ ਨੇ ਅਰਬ ਦੇਸ਼ਾਂ ਦੇ ਨਾਲ ਲੜੇ ਤੇ ਜਿੱਤਿਆ। ਚਾਹੇ ਉਹ ਫਲਸਤੀਨ ਹੋਵੇ ਜਾਂ ਜਾਰਡਨ। ਇਜ਼ਰਾਇਲ ਦੇ ਮੂੰਹ ਨੂੰ ਜਿੱਤ ਵਾਲਾ ਲਹੂ ਲੱਗਿਆ ਹੋਇਆ ਸੀ ਜਿਸ ਕਰਕੇ ਉਸ ਨੇ ਇਰਾਨ 'ਤੇ ਹਮਲਾ ਕੀਤਾ ਪਰ ਇਰਾਨ ਨੇ 12 ਦਿਨਾਂ ਦੇ ਵਿੱਚ ਇਜ਼ਰਾਇਲ ਤੇ ਅਮਰੀਕਾ ਨੂੰ ਲੇਲੜੀਆਂ ਕੱਢਣ ਲਗਾ ਦਿੱਤਾ। ਇੱਥੋਂ ਤੱਕ ਕਿ ਜਿਸ ਜਗ੍ਹਾ ਤੋਂ ਤੇਲ ਦੇ ਟੈਂਕ ਲੰਘਦੇ ਹਨ, ਉਸ 'ਤੇ ਰੋਕ ਲਗਾਉਣ ਲਈ ਵੀ ਪਾਰਲੀਮੈਂਟ ਵਿਚੋਂ ਕਾਨੂੰਨ ਪਾਸ ਕਰਵਾ ਲਿਆ। ਇਹੋ ਜਿਹੇ ਚੁੱਕੇ ਕਦਮਾਂ ਨਾਲ ਹੀ ਸੀਜ਼ ਫਾਇਰ ਦੀ ਗੱਲ ਕਰਨ ਦੇ ਲਈ ਅਮਰੀਕਾ ਮਜ਼ਬੂਰ ਹੋ ਗਿਆ। ਤੇ ਟਰੰਪ ਆਪਣੇ ਆਪ ਨੂੰ ਸ਼ਾਂਤੀ ਦਾ ਦੇਵਤਾ ਤੇ ਡੀਲ ਮੇਕਰ ਕਹਾਉਣ ਦੇ ਲਈ ਕਾਹਲਾ ਪੈ ਗਿਆ। ਪਰ ਸਵਾਲ ਇਹ ਹੈ ਕਿ ਜਿੱਤ ਕਿਸ ਦੀ ਹੋਈ ਹੈ? ਇਰਾਨ ਜਾਂ ਇਜ਼ਰਾਇਲ ਦੀ। ਪਰ ਇਸ ਲੜਾਈ ਵਿੱਚ ਟਰੰਪ ਆਪਣੇ ਆਪ ਨੂੰ ਜੇਤੂ ਕਰਾਰ ਦੇ ਰਿਹਾ ਹੈ। ਟਰੰਪ ਨੇ ਕਿਹਾ ਕਿ ਇਹ ਗਲਫ਼ ਦੇਸ਼ਾਂ ਦੀ ਜਿੱਤ ਹੈ ਪਰ ਇਜ਼ਰਾਇਲ ਕਹਿੰਦਾ ਹੈ ਕਿ ਮੈਂ ਇਹ ਗੱਲ ਸੁਣਨੀ ਪਸੰਦ ਨਹੀਂ ਕਰਦਾ। ਤੁਹਾਨੂੰ ਮੇਰੀ ਬਹਾਦਰੀ ਦੀ ਗੱਲ ਕਰਨੀ ਚਾਹੀਦੀ ਹੈ। ਇਜ਼ਰਾਇਲ ਦੇ ਸਾਹਮਣੇ ਅੱਜ ਤੱਕ ਕੋਈ ਦੇਸ਼ ਨਹੀਂ ਟਿਕਿਆ। ਕਈ ਸੰਗਠਨ ਮੁਸਲਮਾਨ ਵੀ ਆਏ ਪਰ ਇਜ਼ਰਾਇਲ ਨੇ ਸਭ ਨੂੰ ਰੋਲ ਦਿੱਤਾ ਪਰ ਇਹ ਪਹਿਲੀ ਵਾਰ ਹੈ ਕਿ ਜਦੋਂ ਇੱਕ ਮੁਸਲਮਾਨ ਦੇਸ਼ ਨੇ ਮੂੰਹ ਤੋੜ ਜਵਾਬ ਦਿੱਤਾ।

ਵੱਡੇ- ਵੱਡੇ ਤਾਕਤਵਰ ਮੁਲਕਾਂ ਦੀ ਗੱਲ ਹੋਵੇ ਤੇ ਉਸ ਵਿੱਚ ਚੀਨ ਦਾ ਜ਼ਿਕਰ ਨਾ ਹੋਵੇ ਤਾਂ ਗੱਲ ਅਧੂਰੀ ਜਾਪਦੀ ਹੈ। ਇਰਾਨ ਦੇ ਪਿੱਛੇ ਚੀਨ ਬਹੁਤ ਵੱਡਾ ਰੋਲ ਪਲੇਅ ਕਰ ਰਿਹਾ ਹੈ। ਚੀਨ ਹੈੱਡਲਾਈਨ ਜਾਂ ਟਵੀਟ ਦੇ ਵਿੱਚ ਵਿਸ਼ਵਾਸ਼ ਨਹੀਂ ਰੱਖਦਾ। ਹਾਲ ਹੀ ਵਿੱਚ ਨਿਊ ਇਰਾਨ-ਚਾਈਨਾ ਰੇਲਵੇ ਲਾਈਨ ਇੱਕ ਕੋਰੀਡੋਰ ਦਾ ਉਦਘਾਟਨ ਕੀਤਾ ਗਿਆ। ਚੀਨ ਨੇ ਯਿਆਨ ਤੋਂ ਤਹਿਰਾਨ ਤੱਕ ਰੇਲਵੇ ਲਾਈਨ ਮਈ 2025 ਨੂੰ ਲਾਂਚ ਕੀਤੀ। 10 ਹਜ਼ਾਰ 400 ਕਿਲੋਮੀਟਰ ਤੱਕ ਲੰਬਾ ਟਰੈਕ ਇਰਾਨ ਤੋਂ ਚੀਨ ਤੱਕ ਆਇਆ। ਚੀਨ ਇਰਾਨ ਤੋਂ ਕਰੀਬਨ 90 ਫ਼ੀਸਦੀ ਤੇਲ ਲੈਂਦਾ ਹੈ। ਇਰਾਨ ਤੇ ਚੀਨ ਦੇ ਵਿੱਚ 400 ਬਿਲੀਅਨ ਡਾਲਰ ਦੀ ਕਾਰਪੋਰੇਸ਼ਨ ਡੀਲ 25 ਸਾਲ ਦੇ ਲਈ ਸਾਈਨ ਹੈ। ਇੱਥੋਂ ਤਕ ਕਿ ਇਰਾਨ ਜੀ.ਪੀ.ਐਸ. ਸਿਸਟਮ ਨਹੀਂ ਵਰਤਦਾ, ਸਗੋਂ ਚੀਨ ਦਾ ਬੀ.ਡੀ.ਐਸ. ਵਰਤਦਾ ਹੈ। ਕੁਲ ਮਿਲਾ ਕੇ ਇਹਨਾਂ ਦੇ ਵਪਾਰਕ ਰਿਸ਼ਤੇ ਏਨੇ ਮਜ਼ਬੂਤ ਨੇ ਕਿ ਅਮਰੀਕਾ ਦੇ ਲਈ ਅਟੈਕ ਕਰਨਾ ਸੌਖਾ ਵੀ ਨਹੀਂ ਹੋਵੇਗਾ।

ਕੁਲ ਮਿਲਾ ਕੇ ਸਭ ਦੇਸ਼ਾਂ ਨੂੰ ਪਤਾ ਹੈ ਕਿ ਇਸ ਯੁੱਧ ਦੇ ਵਿਚੋਂ ਕੁਝ ਵੀ ਨਹੀਂ ਮਿਲੇਗਾ। ਸਾਡਾ ਖ਼ਿਆਲ ਹੈ ਕਿ ਹੁਣ ਇਹਨਾਂ ਤਾਕਤਵਰ ਬਾਸ਼ਿੰਦਿਆਂ ਨੂੰ ਗ਼ਾਜ਼ਾ ਦੇ ਵਿੱਚ ਲਗਾਤਾਰ ਹੋ ਰਹੀਆਂ ਮੌਤਾਂ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਉਹਨਾਂ ਕੋਲ ਕੋਈ ਸੁਪਰ ਪਾਵਰ ਨਹੀਂ ਹੈ। ਉਹਨਾਂ ਲਈ ਕੋਈ ਬੋਲਣ ਵਾਲਾ ਨਹੀਂ ਹੈ। ਗ਼ਾਜ਼ਾ ਵਾਲਿਆਂ ਕੋਲ ਕੋਈ ਮਿਜ਼ਾਇਲ ਨਹੀਂ ਹੈ। ਰਾਸ਼ਨ ਲੈਣ ਆਇਆਂ ਨੂੰ ਸ਼ਰੇਆਮ ਮਾਰ ਦਿੱਤਾ ਜਾਂਦਾ ਹੈ ਪਰ ਬੋਲਦਾ ਕੋਈ ਨਹੀਂ। ਅੰਤਰਰਾਸ਼ਟਰੀ ਭਾਈਚਾਰਾ ਹੋ ਰਹੇ ਮਨੁੱਖਤਾ ਦੇ ਘਾਣ ਨੂੰ ਅੱਖਾਂ ਦੇ ਸਾਹਮਣੇ ਸਿਰਫ਼ ਵੇਖ ਰਿਹਾ ਹੈ, ਪਰ ਕਰ ਕੁੱਝ ਨਹੀਂ ਰਿਹਾ। ਤਾਕਤ ਸਿਰਫ਼ ਯੁੱਧ ਸ਼ੁਰੂ ਕਰਨ ਜਾਂ ਖ਼ਤਮ ਕਰਨ ਨੂੰ ਨਹੀਂ ਕਹਿੰਦੇ ਤੇ ਨਾ ਹੀ ਤਾਕਤ ਵੱਡੇ-ਵੱਡੇ ਨੇਤਾਵਾਂ ਦੇ ਨਾਲ ਫੋਟੋ ਖਿਚਵਾਉਣ ਨੂੰ ਕਿਹਾ ਜਾਂਦਾ ਹੈ। ਤਾਕਤ ਉਹ ਹੁੰਦੀ ਹੈ ਜੋ ਮਾੜੇ ਨੂੰ ਆਪਣੇ ਬਰਾਬਰ ਖੜਾ ਕਰ ਦੇਵੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us





ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital DRUG TESTING

CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com








**ਮਾਹਿਰ ਕਹਿੰਦੇ ਹਨ ਕਿ ਧਰਤੀ ਹੇਠਲਾ ਪਾਣੀ ਲਗਾਤਾਰ ਖ਼ਤਮ ਹੋਣ ਕੰਢੇ ਹੈ। ਇਹ ਸਾਮਰਾਜੀ ਖੇਤੀ ਮਾਡਲ ਤੇ ਕਾਰਪੋਰੇਟ ਪੱਖੀ ਸਨਅਤੀ ਨੀਤੀ ਕਾਰਨ ਵਾਪਰ ਰਿਹਾ ਹੈ। ਇਸ ਲਈ ਕੁਦਰਤ ਪੱਖੀ ਹੰਢਣਸਾਰ ਖੇਤੀ ਮਾਡਲ ਦੀ ਜ਼ਰੂਰਤ ਹੈ। ਪੰਜਾਬ ਨੂੰ ਜ਼ੋਨਾਂ ਦੇ ਆਧਾਰ 'ਤੇ ਖੇਤੀ ਮਾਡਲ ਲਈ ਵਿਕਸਤ ਕੀਤਾ ਜਾਵੇ। ਝੋਨੇ ਦੀ ਥਾਂ ਬਾਕੀ ਫਸਲਾਂ ਦੀ ਸਰਕਾਰੀ ਖਰੀਦ ਦਾ ਪ੍ਰਬੰਧ ਕੀਤਾ ਜਾਵੇ ਅਤੇ ਪੰਜਾਬ 'ਚ ਖੇਤੀ ਆਧਾਰਿਤ ਸਨਅਤ ਵਿਕਸਤ ਕੀਤੀ ਜਾਵੇ। ਗੁਰਮਤਿ ਦੇ ਨਜ਼ਰੀਏ ਤੋਂ ਪਾਣੀ ਨੂੰ ਕੁਦਰਤ ਦਾ ਸੋਮਾ ਸਮਝ ਕੇ ਸਤਿਕਾਰ ਦੇਣ ਦੀ ਲੋੜ ਹੈ।**

ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਲਗਾਤਾਰ ਦੋਹਨ ਕੀਤੇ ਜਾਣ ਕਾਰਨ ਹੁਣ ਪੰਜਾਬ ਦੀ ਧਰਤੀ ਹੇਠਲਾ ਪਾਣੀ ਖ਼ਤਮ ਹੋਣ ਕੰਢੇ ਪਹੁੰਚ ਗਿਆ ਹੈ। ਖੇਤੀ ਅਤੇ ਜਲ ਮਾਹਿਰ ਕਹਿ ਰਹੇ ਹਨ ਕਿ ਪੰਜਾਬ 'ਚ ਧਰਤੀ ਹੇਠਲੇ ਪਾਣੀ ਨੂੰ ਜੇ ਇਸੇ ਤਰ੍ਹਾਂ ਕੱਢਿਆ ਜਾਂਦਾ ਰਿਹਾ ਤਾਂ ਪੰਜਾਬ ਦੀ ਧਰਤੀ ਹੇਠਲਾ ਪਾਣੀ ਬਿਲਕੁਲ ਖ਼ਤਮ ਹੋ ਜਾਵੇਗਾ ਅਤੇ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ। ਅੱਜ ਦੇ ਸਮੇਂ 'ਚ ਪੰਜਾਬ ਲਗਾਤਾਰ ਰੇਗਿਸਤਾਨ ਬਣਨ ਵੱਲ ਵਧਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵੇਲੇ ਪੰਜ ਦਰਿਆਵਾਂ ਵਾਲੇ ਪੰਜਾਬ ਦੇ ਲੋਕ ਬੂੰਦ ਬੂੰਦ ਪਾਣੀ ਨੂੰ ਵੀ ਤਰਸਣਗੇ। ਵਿਗਿਆਨੀਆਂ ਵੱਲੋਂ ਅੰਦਾਜ਼ੇ ਲਾਏ ਜਾ ਰਹੇ ਹਨ ਕਿ 2040 ਤੱਕ ਪੰਜਾਬ ਦਾ ਬਹੁਤਾ ਹਿੱਸਾ ਬੰਜਰ ਹੋ ਜਾਵੇਗਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਭੌਂ-ਵਿਭਾਗ ਨਾਲ ਜੁੜੇ ਵਿਗਿਆਨੀਆਂ ਵੱਲੋਂ ਦੱਸਿਆ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਦੇ ਜ਼ਮੀਨ ਹੇਠਲਾ ਪਾਣੀ ਹਰ ਸਾਲ 25 ਤੋਂ 30 ਸੈਂਟੀਮੀਟਰ ਹੇਠਾਂ ਜਾ ਰਿਹਾ ਹੈ। ਪੰਜਾਬ ਰਾਜ ਦੇ ਜ਼ਮੀਨ ਹੇਠਲੇ ਪਾਣੀ ਦੇ ਮਹਿਕਮੇ ਦੇ ਅੰਕੜੇ ਦੱਸਦੇ ਹਨ ਕਿ 1973 ਤੋਂ ਲੈ ਕੇ 1994 ਤੱਕ ਪੰਜਾਬ ਦੇ ਅੱਧੇ ਇਲਾਕੇ ਦਾ ਜ਼ਮੀਨ ਹੇਠਲਾ ਪਾਣੀ 10 ਮੀਟਰ ਡੂੰਘਾ ਜਾ ਚੁੱਕਾ ਸੀ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਮੌਜੂਦਾ ਸਮੇਂ ਵਿੱਚ ਵੀ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 20 ਜ਼ਿਲ੍ਹਿਆਂ ਦਾ ਜ਼ਮੀਨ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਡਿੱਗ ਰਿਹਾ ਹੈ।

ਪੰਜਾਬ ਦੇ ਲੋਕ ਗੁਣਾਤਮਿਕ ਪੱਖੋਂ ਬੇਹੱਦ ਖ਼ਰਾਬ ਪਾਣੀ-ਪੀਣ ਨੂੰ ਮਜ਼ਬੂਰ ਹੋ ਰਹੇ ਹਨ। ਕਈ ਏਜੰਸੀਆਂ ਜਿਵੇਂ ਭਾਬਾ ਪ੍ਰਮਾਣੂ ਖੋਜ ਕੇਂਦਰ ਮੁੰਬਈ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਜਰਮਨੀ ਦੀ ਸੂਖ਼ਮ ਤੱਤਾਂ ਸਬੰਧੀ ਪ੍ਰਯੋਗਸ਼ਾਲਾ ਵੱਲੋਂ ਪੰਜਾਬ ਦੇ ਪਾਣੀ ਵਿੱਚ ਯੂਰੇਨੀਅਮ ਦੀ ਜਾਂਚ ਕੀਤੀ ਜਾ ਚੁੱਕੀ ਹੈ। ਇਨ੍ਹਾਂ ਸਾਰਿਆਂ ਦੀਆਂ ਹੀ ਰਿਪੋਰਟਾਂ ਅਨੁਸਾਰ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ।

ਪੰਜਾਬ ਵਿੱਚ ਸਭ ਤੋਂ ਵੱਧ ਪਾਣੀ ਦੀ ਵਰਤੋਂ ਖੇਤੀ ਵਿੱਚ ਕੀਤੀ ਜਾਂਦੀ ਹੈ ਜਿਸ ਕਰਕੇ ਪਿਛਲੇ ਕੁਝ ਸਾਲਾਂ ਤੋਂ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਇੱਕ ਰਿਪੋਰਟ ਅਨੁਸਾਰ 114 ਬਲਾਕ ਅਤੇ 3 ਸ਼ਹਿਰੀ ਖੇਤਰ ਗੰਭੀਰ ਸਥਿਤੀ ਵਿੱਚ ਪਹੁੰਚ ਗਏ ਹਨ। ਇਸ ਬਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਝੋਨੇ ਹੇਠ ਰਕਬਾ 1960-61 ਵਿੱਚ 2.27 ਲੱਖ ਹੈਕਟੇਅਰ ਸੀ, ਸਾਲ 2022-23 ਵਿੱਚ ਵਧ ਕੇ 31.68 ਲੱਖ ਹੈਕਟੇਅਰ ਹੋ ਗਿਆ। ਇਸੇ ਤਰ੍ਹਾਂ ਟਿਊਬਵੈੱਲਾਂ ਦੀ ਗਿਣਤੀ ਵੀ 70 ਹਜ਼ਾਰ ਤੋਂ ਵਧ ਕੇ 14.82 ਲੱਖ ਹੋ ਗਈ। ਮਾਹਿਰਾਂ ਅਨੁਸਾਰ ਮੌਜੂਦਾ ਸਮੇਂ ਪਾਣੀ ਦੀ ਸਾਲਾਨਾ ਉਪਲੱਬਧਤਾ 53 ਬਿਲੀਅਨ ਕਿਊਬਿਕ ਮੀਟਰ ਹੈ ਜਦਕਿ ਮੰਗ 60 ਬੀਸੀਐੱਮ ਹੈ। ਇਸ ਫਰਕ ਨੂੰ ਪੂਰਾ ਕਰਨ ਲਈ ਧਰਤੀ ਹੇਠਲੇ ਡੂੰਘੇ ਪਾਣੀ ਦੇ ਸਰੋਤਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸਾਉਣੀ ਸੀਜ਼ਨ ਵਿੱਚ 80 ਫੀਸਦੀ ਪਾਣੀ ਦੀ ਖਪਤ ਝੋਨੇ ਦੀ ਖੇਤੀ ਵਿੱਚ ਹੁੰਦੀ ਹੈ। ਪਾਣੀ ਬਚਾਉਣ ਲਈ ਝੋਨੇ ਹੇਠਲਾਂ ਕੁਝ ਰਕਬਾ ਨਰਮਾ, ਬਾਸਮਤੀ, ਮੱਕੀ, ਦਾਲਾਂ ਹੇਠ ਲਿਆਉਣ ਦੀ ਲੋੜ ਹੈ।

### ਕੁਦਰਤੀ ਸੋਮੇ ਬਚਾਉਣ ਦੀ ਲੋੜ

ਹਾਲਾਤ ਇਹ ਬਣ ਗਏ ਹਨ ਕਿ ਸਰਕਾਰੀ ਤੇ ਗੈਰ ਸਰਕਾਰੀ ਪੱਧਰ 'ਤੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਕੋਈ ਵੀ ਕਾਰਗਰ ਨੀਤੀ ਨਹੀਂ ਬਣਾਈ ਜਾ ਰਹੀ। ਸਤਲੁਜ ਦਰਿਆ ਵਿੱਚ ਪਹਿਲਾਂ ਹਿਮਾਚਲ ਪ੍ਰਦੇਸ਼ ਤੋਂ 'ਏ' ਗ੍ਰੇਡ ਦਾ



ਪਾਣੀ ਦਾਖਲ ਹੁੰਦਾ ਸੀ, ਜੋ ਹੁਣ 'ਬੀ' ਗ੍ਰੇਡ ਦਾ ਹੋ ਗਿਆ ਹੈ। ਮਾਹਿਰ ਕਹਿੰਦੇ ਹਨ ਕਿ ਨਦੀਆਂ ਤੇ ਦਰਿਆ ਪੰਜਾਬ ਦੀਆਂ ਸਾਹ ਰਗਾਂ ਹਨ, ਇਨ੍ਹਾਂ ਨੂੰ ਬਚਾਉਣਾ ਜਿੱਥੇ ਸਰਕਾਰਾਂ ਦੀ ਜ਼ਿੰਮੇਵਾਰੀ ਹੈ, ਉਥੇ ਹੀ ਲੋਕਾਂ ਲਈ ਵੀ ਜ਼ਰੂਰੀ ਹੈ ਕਿ ਉਹ ਇਸ ਕੁਦਰਤੀ ਸੋਮੇ ਨੂੰ ਬਚਾਉਣ ਲਈ ਆਪਣਾ ਪੂਰਾ ਯੋਗਦਾਨ ਪਾਉਣ।

### ਪਾਣੀ ਦੀ ਬਰਬਾਦੀ

ਇਕ ਪਾਸੇ ਪੰਜਾਬ ਸਰਕਾਰ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਈ ਮਹੱਤਵਪੂਰਨ ਫ਼ੈਸਲੇ ਲੈ ਰਹੀ ਹੈ ਪਰ ਦੂਜੇ ਪਾਸੇ ਪੰਜਾਬ ਦੇ ਪਿੰਡਾਂ ਅੰਦਰ ਘਰੇਲੂ ਮੋਟਰਾਂ ਰਾਹੀਂ ਵੱਡੇ ਪੱਧਰ 'ਤੇ ਪਾਣੀ ਦੀ ਬਰਬਾਦੀ ਕੀਤੀ ਜਾਂਦੀ ਹੈ, ਜਿਸ ਦੀ ਮਿਸਾਲ ਪੇਂਡੂ ਲੋਕਾਂ ਵੱਲੋਂ ਆਪਣੇ ਪਾਲਤੂ ਪਸ਼ੂਆਂ ਨੂੰ ਨਹਾਉਣ ਅਤੇ ਉਨ੍ਹਾਂ ਦਾ ਗੋਹਾ ਆਦਿ ਚੁੱਕਣ ਦੀ ਬਜਾਏ ਪਾਣੀ ਨਾਲ ਹੀ ਨਾਲੀਆਂ 'ਚ ਰੋੜ੍ਹੇ ਜਾਣ ਤੋਂ ਮਿਲਦੀ ਹੈ। ਇਸ ਤਰ੍ਹਾਂ ਗੱਡੀਆਂ, ਮੋਟਰ ਸਾਈਕਲਾਂ ਅਤੇ ਟਰੈਕਟਰਾਂ ਆਦਿ ਨੂੰ ਧੋਣ ਲਈ ਇਨ੍ਹਾਂ ਘਰੇਲੂ ਮੋਟਰਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ।

### ਪੰਜਾਬ 'ਚ ਪਾਣੀ ਦੀ ਘਾਟ ਹੋਣ ਦੇ ਕਾਰਨ

ਪੰਜਾਬ 'ਚ ਪਾਣੀ ਦੀ ਘਾਟ ਦਾ ਪਹਿਲਾ ਕਾਰਨ ਤਾਂ ਪੂੰਜੀਵਾਦੀ ਕਾਰਪੋਰੇਟ ਵਿਕਾਸ ਮਾਡਲ ਹੈ। ਗੁਰਮਤਿ ਦੇ ਨਜ਼ਰੀਏ ਤੋਂ ਪਾਣੀ ਨੂੰ ਕੁਦਰਤ ਦਾ ਸੋਮਾ ਸਮਝ ਕੇ ਸਤਿਕਾਰ ਦੇਣ ਦੀ ਬਜਾਏ ਇਸ ਨੂੰ ਸਿਰਫ਼ ਮੁਨਾਫ਼ਾ ਕਮਾਉਣ ਲਈ ਇੱਕ ਵਸਤੂ ਬਣਾ ਦਿੱਤਾ ਗਿਆ ਹੈ। ਪਾਣੀ ਦੀ ਦੁਰਵਰਤੋਂ ਵਧਣ ਕਾਰਨ ਆਲਮੀ ਤਪਸ਼ ਅਤੇ ਮੌਸਮੀ ਤਬਦੀਲੀ ਵਰਗੇ ਸੰਕਟਾਂ ਦਾ ਅੱਜ ਦੁਨੀਆ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜਾ ਕਾਰਨ ਪੰਜਾਬ ਦੇ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਗੈਰ ਰਾਇਪੇਰੀਅਨ ਖਿੱਤਿਆਂ ਨੂੰ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਿਰਫ਼ 27, 82, 500 ਏਕੜ (ਲਗਭਗ 25 ਫੀਸਦੀ) ਦੀ ਸਿੰਚਾਈ ਹੁੰਦੀ ਹੈ। 75, 00, 000 ਏਕੜ (ਲਗਭਗ 74 ਫੀਸਦੀ) ਦੇ ਕਰੀਬ ਰਕਬੇ ਦੀ ਸਿੰਜਾਈ ਲਈ ਪੰਜਾਬ ਜ਼ਮੀਨ ਹੇਠੋਂ ਪਾਣੀ ਕੱਢਣ ਲਈ ਮਜਬੂਰ ਹੈ।

ਤੀਸਰਾ ਕਾਰਨ ਪੰਜਾਬ ਜ਼ਮੀਨੀ ਪਾਣੀ ਦੀ ਗੈਰ ਹੰਢਣਸਾਰ ਵਰਤੋਂ ਦਾ ਹੈ। ਪੰਜਾਬ 'ਚ ਘਰੇਲੂ ਤੇ ਉਦਯੋਗਿਕ ਖੇਤਰ ਦਾ ਪਾਣੀ ਸੋਧ ਕੇ ਮੁੜ ਵਰਤੋਂ ਵਿੱਚ ਲਿਆਉਣ ਦੀ ਔਸਤ 10 ਫੀਸਦੀ ਤੋਂ ਵੀ ਘੱਟ ਹੈ, ਜਦਕਿ ਇਜਰਾਈਲ ਵਿੱਚ ਇਹ ਔਸਤ 80 ਫ਼ੀਸਦੀ ਹੈ, ਜਿਸ ਦੀ ਔਸਤ ਵਧਾਏ ਜਾਣ ਦੀ ਜ਼ਰੂਰਤ ਹੈ।

ਚੌਥਾ ਕਾਰਨ ਪੰਜਾਬ ਦੇ ਰਵਾਇਤੀ ਖੇਤੀ ਮਾਡਲ ਵਿੱਚ ਵਿਗਾੜ ਤੇ ਗੈਰ-ਇਲਾਕਾਈ ਫ਼ਸਲ ਝੋਨਾ ਪੈਦਾ ਕਰਨ ਦੀ ਕਵਾਇਦ ਹੈ, ਜਿਸ ਕਾਰਨ ਆਏ ਸਾਲ 10 ਤੋਂ 15 ਫੁੱਟ ਤੱਕ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਧਰਤੀ ਉੱਤੇ ਪਾਣੀ ਦੀ ਹੋਂਦ ਦੁਆਰਾ ਮਨੁੱਖੀ ਜੀਵਨ ਦੀ ਹੱਦ ਸੰਭਵ ਹੋਈ ਹੈ। ਜਿੱਥੇ ਸਾਰੇ ਧਰਮਾਂ ਵਿੱਚ ਪਾਣੀ ਨੂੰ ਪਵਿੱਤਰ ਮੰਨਿਆ ਜਾਂਦਾ ਹੈ, ਉੱਥੇ ਵਿਗਿਆਨ ਅਨੁਸਾਰ ਵੀ ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ। ਧਰਤੀ ਦੇ 70 ਫ਼ੀਸਦੀ ਹਿੱਸੇ 'ਤੇ ਪਾਣੀ ਹੈ, ਜਿਸ ਵਿੱਚ 97.5 ਫੀਸਦੀ ਸਮੁੰਦਰ ਅਤੇ ਹੋਰ ਖਾਰੇ ਪਾਣੀ ਦੇ ਸੋਮੇ ਹਨ। ਬਾਕੀ 2.5 ਫ਼ੀਸਦੀ ਪਾਣੀ 'ਚ 68.7 ਫੀਸਦੀ ਧਰੁਵਾਂ ਅਤੇ ਗਲੇਸ਼ੀਅਰਾਂ 'ਤੇ ਜੰਮਿਆ ਹੋਇਆ ਹੈ। ਕੇਵਲ 30 ਫੀਸਦੀ ਪਾਣੀ ਭੂਮੀਗਤ ਹੈ, ਬਾਕੀ 1.2 ਫੀਸਦੀ ਸਤਹੀ ਪਾਣੀ ਦੇ ਰੂਪ ਵਿੱਚ ਹੈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਸੰਕਟ ਦਿਨੋਂ ਦਿਨ ਵੱਧ ਰਿਹਾ ਹੈ। ਅਜਿਹੀ ਅਵਸਥਾ ਵਿੱਚ ਆਪਣਾ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਕਿਸਾਨਾਂ ਨੂੰ ਹੁਣੇ ਤੋਂ ਪੰਜਾਬ ਦੀਆਂ ਨਵੀਆਂ ਅਤੇ ਪੁਰਾਣੀਆਂ ਬੀਰਾਨੀ ਜ਼ਮੀਨਾਂ ਵਿੱਚ ਬੀਜੀਆਂ ਜਾਣ ਵਾਲੀਆਂ ਫਸਲਾਂ ਦੀ ਚੋਣ ਕਰਕੇ ਇਨ੍ਹਾਂ ਦੀ ਕਾਸ਼ਤ ਕਰਨ ਲਈ ਮਾਨਸਿਕ ਪੱਖੋਂ ਆਪਣੇ-ਆਪ ਨੂੰ ਤਿਆਰ ਕਰਨਾ ਚਾਹੀਦਾ ਹੈ। ਕਿਸਾਨਾਂ ਨੂੰ ਹੁਣ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਪਣੇ ਅਤੇ ਸਮੁੱਚੇ ਪੰਜਾਬ ਦੇ ਭਵਿੱਖ ਬਾਰੇ ਫੈਸਲਾ ਕਰਨਾ ਹੁਣ ਉਨ੍ਹਾਂ ਦੇ ਹੱਥ ਵਿੱਚ ਹੈ।



## ਧਰਤੀ ਹੇਠਲਾ ਪਾਣੀ ਬਚਾਉਣ ਲਈ ਪੰਜਾਬ ਸਰਕਾਰ ਦੇ ਯਤਨ



ਪੰਜਾਬ 'ਚ ਖੇਤੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਸਾਲ 12,000 ਹੈਕਟੇਅਰ ਝੋਨੇ ਦੀ ਖੇਤੀ ਵਾਲੇ ਰਕਬੇ ਨੂੰ ਸਾਉਣੀ ਦੀ ਫ਼ਸਲ ਮੱਕੀ ਅਧੀਨ ਲਿਆਉਣ ਸਬੰਧੀ ਅਹਿਮ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਝੋਨੇ ਹੇਠਲੇ ਰਕਬੇ ਨੂੰ ਘਟਾ ਕੇ ਮੱਕੀ ਹੇਠ ਲਿਆਉਣ ਲਈ ਸਰਕਾਰ ਵੱਲੋਂ ਇੱਕ ਪਾਇਲਟ ਪ੍ਰਾਜੈਕਟ ਲਿਆਂਦਾ ਗਿਆ ਹੈ। ਇਸ ਪਾਇਲਟ ਪ੍ਰਾਜੈਕਟ ਤਹਿਤ ਪੰਜਾਬ ਦੇ 6 ਜ਼ਿਲ੍ਹਿਆਂ ਸੰਗਰੂਰ, ਬਠਿੰਡਾ, ਪਠਾਨਕੋਟ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ 'ਚ 10000 ਹੈਕਟੇਅਰ ਰਕਬੇ 'ਚ ਕਿਸਾਨਾਂ ਨੂੰ ਝੋਨੇ ਤੋਂ ਬਦਲ ਕੇ ਮੱਕੀ ਦੀ ਕਾਸ਼ਤ ਕਰਵਾਉਣ ਦਾ ਟੀਚਾ ਹੈ। ਇਸ ਬਦਲੇ ਕਿਸਾਨਾਂ ਨੂੰ 17500 ਰੁਪਏ ਪ੍ਰਤੀ ਹੈਕਟੇਅਰ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ ਅਤੇ ਮੱਕੀ ਦੀ 2400 ਰੁਪਏ ਐੱਮ. ਐੱਸ. ਪੀ. 'ਤੇ ਖ਼ਰੀਦ ਯਕੀਨੀ ਬਣਾਈ ਜਾਵੇਗੀ। ਜਿਸ ਦਾ ਉਦੇਸ਼ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ-ਨਾਲ ਵਧੇਰੇ ਟਿਕਾਊ ਤੇ ਵਾਤਾਵਰਣ-ਪੱਖੀ ਖੇਤੀ ਨੂੰ ਉਤਸ਼ਾਹਿਤ ਕਰਨਾ ਹੈ।

ਪੰਜਾਬ ਵਿੱਚ ਨਹਿਰਾਂ ਤੇ ਸੂਇਆਂ ਦਾ ਜਾਲ ਵਿਛਿਆ ਹੋਇਆ ਹੈ ਪਰ ਕਿਸਾਨਾਂ ਵੱਲੋਂ ਜ਼ਿਆਦਾਤਰ ਸੂਇਆਂ ਤੇ ਖਾਲਿਆਂ ਦੀ ਜ਼ਮੀਨ ਆਪਣੇ ਖੇਤਾਂ ਵਿੱਚ ਹੀ ਮਿਲਾ ਲਈ ਗਈ ਸੀ ਜਿਸ ਕਰ ਕੇ ਨਹਿਰੀ ਪਾਣੀ ਸਾਰੇ ਖੇਤਾਂ ਤੱਕ ਨਹੀਂ ਸੀ ਪਹੁੰਚ ਰਿਹਾ। ਸਰਕਾਰ ਨੇ ਜ਼ਿਆਦਾਤਰ ਸੂਏ ਤੇ ਖਾਲੇ ਮੁੜ ਤੋਂ ਪੱਕੇ ਕਰਵਾ ਕੇ ਦੂਰ ਦਰਾਡੇ ਖੇਤਾਂ ਤੱਕ ਪਾਣੀ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਬੋਰਾਂ ਰਾਹੀਂ ਨਿਕਲ ਰਹੇ ਪਾਣੀ ਨੂੰ ਵੀ ਠੱਲ੍ਹ ਪਵੇਗੀ। ਜਦੋਂ ਕਿਸਾਨਾਂ ਨੂੰ ਪਾਣੀ ਦੀ ਜ਼ਿਆਦਾ ਜ਼ਰੂਰਤ ਨਹੀਂ ਹੁੰਦੀ ਪਰ ਨਹਿਰਾਂ ਵਿੱਚ ਪਾਣੀ ਛੱਡਿਆ ਜਾ ਰਿਹਾ ਹੈ, ਇਸ ਨਾਲ ਵੀ ਜ਼ਮੀਨੀ ਪਾਣੀ ਦੇ ਪੱਧਰ ਵਿੱਚ ਥੋੜ੍ਹਾ ਹੀ ਸਹੀ ਪਰ ਵਾਧਾ ਜ਼ਰੂਰ ਹੋਵੇਗਾ।

## ਦਰਪਣ ਝੂਠ ਨਹੀਂ ਬੋਲਦਾ

# ਗਿ. ਗੁਰਮੁਖ ਸਿੰਘ ਦੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਹੋਈ ਮੁੜ ਵਿਵਾਦਮਈ ਨਿਯੁਕਤੀ

## ਸ਼੍ਰੋਮਣੀ ਕਮੇਟੀ ਉੱਪਰ ਉੱਠੇ ਸਵਾਲ, ਕੀ ਪੰਥ ਦੇ ਉਲਟ ਫ਼ੈਸਲਾ ਕਰਨ ਵਾਲਾ ਗ੍ਰੰਥੀ ਨਿਯੁਕਤ ਕਰਨਾ ਸਹੀ ਹੈ ?

### ਗਿ. ਗੁਰਮੁਖ ਸਿੰਘ ਉੱਪਰ ਲੱਗੇ ਸਨ ਸੌਦਾ ਸਾਧ ਨੂੰ ਮਾਫ਼ ਕਰਨ ਦੇ ਦੋਸ਼

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦਾ ਸਰਬਉੱਚ ਧਾਰਮਿਕ ਅਤੇ ਰਾਜਸੀ ਅਸਥਾਨ ਹੈ। ਇਹ ਉਹ ਪਾਵਨ ਥਾਂ ਹੈ, ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਸਥਾਪਿਤ ਕਰਕੇ ਸਿੱਖ ਪੰਥ ਨੂੰ ਸਚਿਆਰੀ, ਅਣਖੀ ਅਤੇ ਨਿਆਂ ਪੱਖੀ ਸੰਸਥਾ ਦਿੱਤੀ। ਪਰ ਬੀਤੇ ਸਮੇਂ ਦੌਰਾਨ ਇਸ ਪਾਵਨ ਅਸਥਾਨ ਦੀ ਮਰਯਾਦਾ ਨੂੰ ਲਗਾਤਾਰ ਠੇਸ ਪਹੁੰਚ ਰਹੀ ਹੈ। ਤਾਜ਼ਾ ਵਿਵਾਦ ਗਿਆਨੀ ਗੁਰਮੁਖ ਸਿੰਘ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਮੁੜ ਨਿਯੁਕਤੀ ਨੂੰ ਲੈ ਕੇ ਉਠਿਆ ਹੈ, ਜਿਸ ਨੇ ਸਿੱਖ ਸੰਗਤ ਦੇ ਮਨਾਂ ਵਿੱਚ ਗੰਭੀਰ ਸਵਾਲ ਖੜੇ ਕੀਤੇ ਹਨ। ਗਿਆਨੀ ਗੁਰਬਚਨ ਸਿੰਘ ਜਥੇਦਾਰ ਅਕਾਲ ਤਖ਼ਤ, ਗਿਆਨੀ ਗੁਰਮੁਖ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਵੱਲੋਂ 2015 ਵਿੱਚ ਡੇਰਾ ਸਿਰਸਾ ਮੁਖੀ ਬਲਾਤਕਾਰੀ ਸਾਧ ਗੁਰਮੀਤ ਰਾਮ ਰਹੀਮ ਨੂੰ ਮਾਫ਼ੀ ਦੇਣ ਦੇ ਮਾਮਲੇ ਕਾਰਨ ਸਿੱਖ ਪੰਥ ਭਾਰੀ ਰੋਸ ਪੈਦਾ ਹੋਇਆ ਸੀ, ਕਿਉਂਕਿ ਡੇਰਾ ਮੁਖੀ 'ਤੇ ਸਿੱਖ ਧਰਮ ਦੀ ਮਰਯਾਦਾ ਨਾਲ ਖਿਲਵਾੜ ਕਰਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਉਤਾਰਨ ਦੇ ਗੰਭੀਰ ਦੋਸ਼ ਸਨ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਨੇ 2 ਦਸੰਬਰ 2024 ਨੂੰ ਗਿਆਨੀ ਗੁਰਮੁਖ ਸਿੰਘ ਦੇ ਸਪਸ਼ਟੀਕਰਨ ਨੂੰ ਅਸੰਤੁਸ਼ਟੀਜਨਕ ਮੰਨਿਆ ਗਿਆ ਸੀ ਅਤੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਤੋਂ ਹਟਾ ਕੇ ਸ੍ਰੀ ਮੁਕਤਸਰ ਸਾਹਿਬ ਭੇਜ ਦਿੱਤਾ ਸੀ। ਨਾਲ ਹੀ, ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਉਨ੍ਹਾਂ ਨੂੰ 11 ਦਿਨਾਂ ਦੀ ਧਾਰਮਿਕ ਸਜ਼ਾ ਸੁਣਾਈ ਗਈ ਸੀ, ਜਿਸ ਵਿੱਚ ਵੱਖ-ਵੱਖ ਸੇਵਾਵਾਂ ਨਿਭਾਉਣ ਦਾ ਹੁਕਮ ਸੀ।

ਹੁਣ, ਗਿਆਨੀ ਗੁਰਮੁਖ ਸਿੰਘ ਵੱਲੋਂ ਸੇਵਾ ਪੂਰੀ ਕਰਨ ਬਾਅਦ 21 ਜੂਨ 2025 ਨੂੰ ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਮੁਖ ਸਿੰਘ ਨੂੰ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਨਿਯੁਕਤ ਕਰ ਦਿੱਤਾ ਹੈ। ਇਹ ਫ਼ੈਸਲਾ ਸਿੱਖ ਸੰਗਤ ਵਿੱਚ ਵਿਵਾਦ ਦਾ ਕਾਰਨ ਬਣਿਆ ਹੈ। ਸਵਾਲ ਇਹ ਹੈ ਕਿ ਕੀ ਇੱਕ ਅਜਿਹਾ ਵਿਅਕਤੀ, ਜਿਸ ਨੂੰ ਪੰਜ ਸਿੰਘ ਸਾਹਿਬਾਨ ਨੇ ਪੰਥ ਵਿਰੁੱਧ ਫ਼ੈਸਲੇ ਦਾ ਦੋਸ਼ੀ ਮੰਨਿਆ, ਉਸੇ ਪਾਵਨ ਅਸਥਾਨ ਦੀ ਸੇਵਾ ਦਾ ਹੱਕਦਾਰ ਹੋ ਸਕਦਾ ਹੈ ? ਕੀ ਸਜ਼ਾ ਪੂਰੀ ਕਰਨ ਨਾਲ ਉਸ ਦੋਸ਼ ਦੀ ਗੰਭੀਰਤਾ ਮੁੱਕ ਜਾਂਦੀ ਹੈ ? ਅਤੇ ਸਭ ਤੋਂ ਵੱਡਾ ਸਵਾਲ—ਕੀ ਸ਼੍ਰੋਮਣੀ ਕਮੇਟੀ ਦਾ ਇਹ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਪਵਿੱਤਰਤਾ ਨੂੰ ਢਾਹ ਨਹੀਂ ਲਗਾਉਂਦਾ ?



ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਾਂਝੀ ਆਵਾਜ਼ ਅਤੇ ਨਿਆਂ ਦਾ ਪ੍ਰਤੀਕ ਹੈ। ਇਹ ਉਹ ਅਸਥਾਨ ਹੈ, ਜਿੱਥੋਂ ਪੰਥਕ ਫ਼ੈਸਲੇ ਸੰਗਤ ਦੀ ਸਹਿਮਤੀ ਅਤੇ ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿੱਚ ਲਏ ਜਾਂਦੇ ਹਨ। ਪਰ 2015 ਦੇ ਮਾਫ਼ੀ ਵਿਵਾਦ ਨੇ ਪਹਿਲਾਂ ਹੀ ਇਸ ਅਸਥਾਨ ਦੀ ਸਰਬਉੱਚਤਾ 'ਤੇ ਸਵਾਲ ਖੜੇ ਕਰ ਦਿੱਤੇ ਸਨ। ਉਸ ਸਮੇਂ ਸੰਗਤ ਨੇ ਇਹ ਮਹਿਸੂਸ ਕੀਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ 'ਤੇ ਰਾਜਨੀਤਕ ਦਬਾਅ ਹਾਵੀ ਹੋ ਰਿਹਾ ਹੈ। ਖਾਸ ਕਰਕੇ, ਸੁਖਬੀਰ ਸਿੰਘ ਬਾਦਲ ਅਤੇ ਬਾਦਲ ਅਕਾਲੀ ਦਲ 'ਤੇ ਇਹ ਦੋਸ਼ ਲੱਗੇ ਸਨ ਕਿ ਉਨ੍ਹਾਂ ਨੇ ਡੇਰਾ ਸਿਰਸਾ ਮੁਖੀ ਨੂੰ ਮਾਫ਼ੀ ਦਿਵਾਉਣ ਲਈ ਧਾਰਮਿਕ ਸੰਸਥਾਵਾਂ 'ਤੇ ਦਬਾਅ ਪਾਇਆ ਸੀ। ਗਿਆਨੀ ਗੁਰਮੁਖ ਸਿੰਘ ਨੇ ਆਪਣੇ ਸਪਸ਼ਟੀਕਰਨ ਵਿੱਚ ਇਹ ਨਹੀਂ ਦੱਸਿਆ ਕਿ ਮਾਫ਼ੀ ਦੇ ਫ਼ੈਸਲੇ ਪਿੱਛੇ ਕਿਸ ਰਾਜਨੀਤਕ ਸ਼ਕਤੀ ਦਾ ਹੱਥ ਸੀ। ਸੰਗਤ ਨੂੰ ਅੱਜ ਵੀ ਇਸ ਸਵਾਲ ਦਾ ਜਵਾਬ ਨਹੀਂ ਮਿਲਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਦੀ ਇਹ ਨਿਯੁਕਤੀ ਅਜਿਹਾ ਮਸਲਾ ਨਹੀਂ, ਜਿਸ ਨੂੰ ਸਿਰਫ਼ ਪ੍ਰਬੰਧਕੀ ਫ਼ੈਸਲਾ ਮੰਨ ਕੇ ਟਾਲਿਆ ਜਾ ਸਕੇ। ਇਹ ਸਿੱਧੇ ਤੌਰ 'ਤੇ ਪੰਥ ਦੀ ਮਰਯਾਦਾ, ਸੰਗਤ ਦੇ ਵਿਸ਼ਵਾਸ ਅਤੇ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨਾਲ ਜੁੜਿਆ ਮੁੱਦਾ ਹੈ।

ਗਿਆਨੀ ਗੁਰਮੁਖ ਸਿੰਘ ਦੀ ਮੁੜ ਨਿਯੁਕਤੀ ਦਾ ਸਿੱਖ ਸੰਗਤ, ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਨੇ ਸਖ਼ਤ ਵਿਰੋਧ ਕੀਤਾ ਹੈ। ਪੰਥਕ ਆਗੂਆਂ ਨੇ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਅਤੇ ਸੰਗਤ ਦੇ ਵਿਸ਼ਵਾਸ ਨਾਲ ਧੋਖਾ ਮੰਨਿਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖ਼ਾਲਸਾ ਅਤੇ ਹੋਰ ਪੰਥਕ ਜਥੇਬੰਦੀਆਂ ਨੇ ਬਿਆਨ ਜਾਰੀ ਕਰਕੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦੀ ਨਿਖੇਧੀ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਿਸ ਵਿਅਕਤੀ ਨੂੰ ਪੰਥ ਵਿਰੁੱਧ ਫ਼ੈਸਲੇ ਦੀ ਸਜ਼ਾ ਮਿਲੀ, ਉਸ ਨੂੰ ਮੁੜ ਇੰਨੇ ਵੱਡੇ ਅਹੁਦੇ 'ਤੇ ਬਿਠਾਉਣਾ ਸਿੱਖ ਪੰਥ ਦੀ ਸਰਬਉੱਚ ਸੰਸਥਾ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ। ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਤੇਜਾ ਸਿੰਘ ਕਮਾਲਪੁਰ, ਜਸਵੰਤ ਸਿੰਘ ਪੁੜੈਨ ,ਮਲਕੀਤ ਸਿੰਘ ਚੰਗਾਲ, ਬੀਬੀ ਜਗੀਰ ਕੌਰ ਨੇ ਵੀ ਇਸ ਫ਼ੈਸਲੇ 'ਤੇ ਇਤਰਾਜ਼ ਜਤਾਇਆ ਹੈ। ਉਹਨਾਂ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਦੀ ਨਿਯੁਕਤੀ ਲਈ ਕਿਹੜੇ ਮਾਪਦੰਡ ਅਪਣਾਏ ਗਏ ? ਉਨ੍ਹਾਂ ਨੇ ਮੰਗ ਕੀਤੀ ਕਿ ਅਜਿਹੇ ਅਹੁਦਿਆਂ 'ਤੇ ਨਿਯੁਕਤੀ ਤੋਂ ਪਹਿਲਾਂ ਸੰਗਤ ਅਤੇ ਪੰਥਕ ਜਥੇਬੰਦੀਆਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਸਭ ਤੋਂ ਵੱਡੀ ਪ੍ਰਬੰਧਕੀ ਸੰਸਥਾ ਹੈ, ਜਿਸ ਦੀ ਸਥਾਪਨਾ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਸਿੱਖ ਧਰਮ ਦੀ ਮਰਯਾਦਾ ਦੀ ਸੰਭਾਲ ਲਈ ਕੀਤੀ ਗਈ ਸੀ। ਪਰ ਬੀਤੇ ਸਮੇਂ ਵਿੱਚ ਇਸ ਸੰਸਥਾ ਦੇ ਫ਼ੈਸਲਿਆਂ ਨੇ ਸੰਗਤ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਈ ਹੈ। ਗਿਆਨੀ ਗੁਰਮੁਖ ਸਿੰਘ ਦੀ ਮੁੜ ਨਿਯੁਕਤੀ ਵੀ ਅਜਿਹਾ ਹੀ ਇੱਕ ਫ਼ੈਸਲਾ ਹੈ, ਜਿਸ ਨੇ ਸ਼੍ਰੋਮਣੀ ਕਮੇਟੀ ਦੀ ਨੀਅਤ ਅਤੇ ਸਮਰੱਥਾ 'ਤੇ ਸਵਾਲ ਖੜੇ ਕੀਤੇ ਹਨ।

**(ਬਾਕੀ ਸਫ਼ਾ 30 'ਤੇ)**

# ਬੱਚੇ ਪੈਦਾ ਕਰਨ ਵਿੱਚ ਜਰਮਨੀ ਪਛੜਿਆ

## ਜਰਮਨੀ ਦੀ ਆਬਾਦੀ ਵਿੱਚ ਵਾਧਾ ਸਿਰਫ਼ ਪਰਵਾਸੀਆਂ ਕਾਰਨ ਹੋਣ ਲੱਗਾ

ਜਰਮਨੀ ਵਿੱਚ ਬੱਚੇ ਪੈਦਾ ਕਰਨ ਦੀ ਗਿਣਤੀ ਵਿੱਚ ਲਗਾਤਾਰ ਕਮੀ ਦੇਖਣ ਨੂੰ ਮਿਲ ਰਹੀ ਹੈ। 2024 ਵਿੱਚ ਜਰਮਨ ਔਰਤਾਂ ਦੀ ਔਸਤਨ ਬੱਚੇ ਪੈਦਾ ਕਰਨ ਦੀ ਸੰਖਿਆ 1.38 ਹੈ, ਜੋ 2021 ਵਿੱਚ 1.58 ਸੀ। ਪਹਿਲੇ ਬੱਚੇ ਦੇ ਜਨਮ ਸਮੇਂ ਔਰਤਾਂ ਦੀ ਔਸਤ ਉਮਰ 30.3 ਸਾਲ ਹੈ। ਜੀਵਨ ਸ਼ੈਲੀ ਵਿੱਚ ਬਦਲਾਅ ਅਤੇ ਸਮਾਜਿਕ ਢਾਂਚੇ ਦੀਆਂ ਤਬਦੀਲੀਆਂ ਕਾਰਨ ਨੌਜਵਾਨਾਂ ਵਿੱਚ ਵਿਆਹ ਅਤੇ ਬੱਚੇ ਪੈਦਾ ਕਰਨ ਦੀ ਦਿਲਚਸਪੀ ਘਟਦੀ ਜਾ ਰਹੀ ਹੈ। 1971 ਤੋਂ ਬਾਅਦ ਜਰਮਨੀ ਵਿੱਚ ਮਰਨ ਵਾਲਿਆਂ ਦੀ ਗਿਣਤੀ ਜਨਮ ਲੈਣ ਵਾਲਿਆਂ ਨਾਲੋਂ ਵੱਧ ਹੈ। 2024 ਵਿੱਚ ਜਨਮ ਅਤੇ ਮੌਤ ਦਾ ਅੰਤਰ 3.3 ਲੱਖ ਸੀ, ਜੋ ਪਿਛਲੇ ਸਾਲਾਂ ਵਾਂਗ ਹੀ ਹੈ।



ਜਰਮਨੀ ਦੀ ਆਬਾਦੀ ਵਿੱਚ ਵਾਧਾ ਸਿਰਫ਼ ਪਰਵਾਸੀਆਂ ਕਾਰਨ ਹੋ ਰਿਹਾ ਹੈ। 2024 ਵਿੱਚ ਜਰਮਨੀ ਦੀ ਕੁੱਲ ਆਬਾਦੀ 8.36 ਕਰੋੜ ਸੀ, ਜੋ 2023 ਨਾਲੋਂ 1.21 ਲੱਖ (0.1%) ਜ਼ਿਆਦਾ ਹੈ। ਪਰ ਪਰਵਾਸੀਆਂ ਦੀ ਸ਼ੁੱਧ ਗਿਣਤੀ (ਆਉਣ ਅਤੇ ਜਾਣ ਵਾਲਿਆਂ ਦਾ ਅੰਤਰ) 2023 ਵਿੱਚ 6.6 ਲੱਖ ਸੀ, ਜੋ 2024 ਵਿੱਚ ਘਟ ਕੇ 4.2 ਲੱਖ ਰਹਿ ਗਈ। ਇਸ ਦੇ ਨਾਲ ਹੀ, ਹਰ ਚੌਥਾ ਪਰਵਾਸੀ ਜਰਮਨੀ ਛੱਡਣ ਦੀ ਸੋਚ ਰਿਹਾ ਹੈ। ਵਿਦੇਸ਼ੀ ਲੋਕਾਂ ਦੀ ਗਿਣਤੀ 2.3% ਵਧ ਕੇ 1.24 ਕਰੋੜ ਹੋ ਗਈ, ਜੋ ਕੁੱਲ ਆਬਾਦੀ ਦਾ 14.8% ਹੈ।

ਜਰਮਨੀ ਵਿੱਚ ਵਿਦੇਸ਼ੀਆਂ ਦਾ ਸਭ ਤੋਂ ਵੱਡਾ ਸਮੂਹ ਤੁਰਕੀ ਮੂਲ ਦਾ ਹੈ, ਜਿਨ੍ਹਾਂ ਦੀ ਗਿਣਤੀ 1.403 ਕਰੋੜ ਹੈ। ਇਸ ਤੋਂ ਬਾਅਦ ਯੂਕ੍ਰੇਨ (10.85 ਲੱਖ), ਸੀਰੀਆ (8.89 ਲੱਖ), ਪੋਲੈਂਡ (7.23 ਲੱਖ), ਅਫ਼ਰੀਕੀ ਦੇਸ਼ (7 ਲੱਖ), ਅਫ਼ਗਾਨਿਸਤਾਨ (4.4 ਲੱਖ), ਇਰਾਕ (2.6 ਲੱਖ) ਅਤੇ ਭਾਰਤ (2.7 ਲੱਖ) ਦੇ ਲੋਕ ਹਨ। ਜਰਮਨੀ ਵਿੱਚ ਵੱਖ-ਵੱਖ ਨਸਲਾਂ ਅਤੇ ਧਰਮਾਂ ਦੇ ਲੋਕ ਵਸਦੇ ਹਨ, ਜਿਨ੍ਹਾਂ ਵਿੱਚ ਇਸਲਾਮ, ਇਸਾਈ, ਯਹੂਦੀ ਅਤੇ ਹੋਰ ਧਰਮ ਸ਼ਾਮਲ ਹਨ। ਸਿੱਖ ਧਰਮ ਦੀ ਗੱਲ ਕਰੀਏ ਤਾਂ, ਸਿੱਖਾਂ ਦੀ ਅੰਦਾਜ਼ਨ ਗਿਣਤੀ 15,000 ਤੋਂ 25,000 ਦੇ ਵਿਚਕਾਰ ਹੈ, ਪਰ ਸਹੀ ਅੰਕੜੇ ਉਪਲਬਧ ਨਹੀਂ ਹਨ।

# ਟਰੰਪ ਦੇ ਬਿਆਨਾਂ ਸਾਹਮਣੇ ਭਾਰਤ ਦੀ ਖ਼ਾਮੋਸ਼ੀ ਕਿਉਂ ?

## ਅੱਤਵਾਦੀ ਫ਼ੰਡਿੰਗ 'ਚ ਪਾਕਿਸਤਾਨ ਨੂੰ ਕਲੀਨ ਚਿੱਟ, ਅਮਰੀਕਾ ਦਾ ਪਾਕਿ ਵੱਲ ਝੁਕਾਅ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ-ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੇ ਵਾਰ ਵਾਰ ਦਾਅਵੇ ਨੇ ਭਾਰਤ ਦੀ ਚੁੱਪ ਅੱਗੇ ਸਵਾਲ ਖੜੇ ਕੀਤੇ ਹਨ। ਟਰੰਪ ਦਾ ਕਹਿਣਾ ਸੀ ਕਿ ਉਸ ਨੇ ਵਪਾਰ ਅਤੇ ਟੈਰਿਫ਼ ਦਾ ਡਰ ਦਿਖਾ ਕੇ ਭਾਰਤ ਤੇ ਪਾਕਿਸਤਾਨ ਨੂੰ ਜੰਗ ਰੋਕਣ ਲਈ ਮਜਬੂਰ ਕੀਤਾ ਸੀ। ਪਰ ਭਾਰਤ ਦੀ ਚੁੱਪੀ ਅਤੇ ਅਸਪੱਸ਼ਟ ਜਵਾਬ ਨੇ ਕੂਟਨੀਤਕ ਹਲਕਿਆਂ ਵਿੱਚ ਹੈਰਾਨੀ ਪੈਦਾ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ ਨਾਲ 35 ਮਿੰਟ ਫ਼ੋਨ ਉਪਰ ਗੱਲਬਾਤ ਕੀਤੀ ਸੀ, ਪਰ ਇਸ ਦਾ ਵੇਰਵਾ ਨਹੀਂ ਦਿੱਤਾ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਨਾਲ ਗੱਲਬਾਤ ਤੋਂ ਬਾਅਦ ਜੰਗਬੰਦੀ ਕੀਤੀ ਸੀ , ਪਰ ਟਰੰਪ ਨੇ ਆਪਣਾ ਦਾਅਵਾ ਵਾਰ ਵਾਰ ਦੁਹਰਾਇਆ ਕਿ ਭਾਰਤ ਪਾਕਿ ਵਿਚਾਲੇ ਸ਼ਾਂਤੀ ਉਸ ਕਾਰਣ ਬਣੀ ਤੇ ਜੰਗ ਰੁਕੀ। ਸੁਆਲ ਇਹ ਹੈ ਕਿ ਜੇ ਟਰੰਪ ਝੂਠ ਬੋਲ ਰਿਹਾ ਹੈ, ਤਾਂ ਭਾਰਤ ਉਸ ਦਾ ਵਿਰੋਧ ਕਿਉਂ ਨਹੀਂ ਕਰ ਰਿਹਾ ? ਕੀ ਅਮਰੀਕਾ ਨਾਲ ਆਰਥਿਕ ਅਤੇ ਰਣਨੀਤਕ ਨਿਰਭਰਤਾ ਭਾਰਤ ਨੂੰ ਚੁੱਪ ਰਹਿਣ ਲਈ ਮਜਬੂਰ ਕਰ ਰਹੀ ਹੈ ? ਇਹ ਸਵਾਲ ਭਾਰਤ ਦੀ ਕੂਟਨੀਤਕ ਸਾਖ ਉਪਰ ਪ੍ਰਸ਼ਨ ਚਿੰਨ੍ਹ ਹਨ।

# ਸਿੰਧੂ-ਜੇਹਲਮ-ਚਨਾਬ ਦੇ ਪਾਣੀਆਂ ਦੀ ਸਿਆਸਤ: ਹੱਕਾਂ ਦੀ ਲੜਾਈ ਜਾਂ ਕੇਂਦਰੀ ਸਿਆਸਤ ਦੀ ਖੇਡ ?

## ਉਮਰ ਅਬਦੁੱਲਾ ਨੇ ਕਿਹਾ ਕਿ ਸਿੰਧੂ, ਜੇਹਲਮ ਤੇ ਚਨਾਬ ਦਰਿਆਵਾਂ ਦੇ ਪਾਣੀ ਨੂੰ ਹੋਰਨਾਂ ਨਾਲ ਸਾਂਝਾ ਨਹੀਂ ਕਰਾਂਗੇ

### ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਖੇਤਰਵਾਦ ਦੇ ਉਲਟ ਸਟੈਂਡ

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਸਿੰਧੂ, ਜੇਹਲਮ ਅਤੇ ਚਨਾਬ ਦਰਿਆਵਾਂ ਦੇ ਪਾਣੀ ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨਾਲ ਸਾਂਝਾ ਨਾ ਕਰਨ ਦੇ ਬਿਆਨ ਨੇ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਉਮਰ ਦਾ ਕਹਿਣਾ ਸੀ ਕਿ ਪਹਿਲਾਂ ਸਾਡੇ ਰਾਜ ਦੀਆਂ ਲੋੜਾਂ, ਫ਼ਿਰ ਕਿਸੇ ਹੋਰ ਦੀ ਵਾਰੀ। ਇਹ ਬਿਆਨ ਪੰਜਾਬ ਦੇ ਸਿਆਸੀ ਆਗੂਆਂ ਨੂੰ ਚੁਭਿਆ ਹੈ, ਜਿਨ੍ਹਾਂ ਨੇ ਪਾਣੀ ਨੂੰ 'ਰਾਸ਼ਟਰੀ ਜਾਇਦਾਦ' ਦੱਸਦਿਆਂ ਉਮਰ ਦਾ ਵਿਰੋਧ ਕੀਤਾ ਸੀ। ਪਰ ਸਵਾਲ ਇਹ ਹੈ ਕਿ ਪਾਣੀ ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਇਹ ਬਿਆਨਬਾਜ਼ੀ ਕੀ ਸੱਚਮੁੱਚ ਸੂਬਿਆਂ ਦੇ ਹੱਕਾਂ ਦੀ ਗੱਲ ਕਰਦੀ ਹੈ, ਜਾਂ ਇਹ ਰਾਸ਼ਟਰਵਾਦੀ ਸਿਆਸਤ ਹੈ ਜਿਸ ਤਹਿਤ ਪੰਜਾਬ ਦੇ ਪਾਣੀ ਲੁੱਟੇ ਗਏ ਹਨ। ਉਮਰ ਦਾ ਸਟੈਂਡ ਰਿਪੇਰੀਅਨ ਸਿਧਾਂਤ ਦੇ ਨਜ਼ਰੀਏ ਤੋਂ ਜਾਇਜ਼ ਜਾਪਦਾ ਹੈ, ਪਰ ਇਹ ਮੋਦੀ ਸਰਕਾਰ ਦੀ ਕੇਂਦਰੀ ਨੀਤੀ ਅਨੁਸਾਰ ਕਿੰਨਾ ਕੁ



ਵਿਹਾਰਕ ਹੈ, ਇਹ ਵਿਚਾਰਨ ਵਾਲੀ ਗੱਲ ਹੈ।

ਪੰਜਾਬ ਦੀਆਂ ਸਿਆਸੀ ਪਾਰਟੀਆਂ, ਖ਼ਾਸਕਰ 'ਆਮ ਆਦਮੀ ਪਾਰਟੀ' ਅਤੇ ਅਕਾਲੀ ਦਲ, ਨੇ ਉਮਰ ਦੇ ਬਿਆਨ ਨੂੰ ਸਿਰੇ ਤੋਂ ਰੱਦ ਕਰਦਿਆਂ ਪੰਜਾਬ ਦੇ ਪਾਣੀ ਦੇ ਹੱਕ ਦੀ ਗੱਲ ਚੁੱਕੀ ਹੈ। 'ਆਪ' ਦੇ ਨੀਲ ਗਰਗ ਨੇ ਕਿਹਾ ਕਿ ਸਿੰਧੂ ਦਾ ਪਾਣੀ 'ਰਾਸ਼ਟਰੀ ਜਾਇਦਾਦ' ਹੈ ਅਤੇ ਪੰਜਾਬ ਦਾ ਇਸ 'ਤੇ ਬਰਾਬਰ ਦਾ ਹੱਕ ਹੈ। ਅਕਾਲੀ ਦਲ ਦੇ ਦਲਜੀਤ ਸਿੰਘ ਚੀਮਾ ਨੇ ਵੀ ਉਮਰ ਨੂੰ ਸੰਜਮ ਵਾਲੀ ਬੋਲੀ ਬੋਲਣ ਦੀ ਸਲਾਹ ਦਿੱਤੀ, ਇਹ ਯਾਦ ਕਰਵਾਉਂਦੇ ਹੋਏ ਕਿ ਪੰਜਾਬ ਨੇ ਹਮੇਸ਼ਾ ਦੇਸ਼ ਦੀ ਸੁਰੱਖਿਆ ਅਤੇ ਅਨਾਜ ਸਪਲਾਈ ਵਿੱਚ ਅਹਿਮ ਯੋਗਦਾਨ ਪਾਇਆ ਹੈ। ਪਰ ਸਵਾਲ ਇਹ ਹੈ ਕਿ ਪੰਜਾਬ ਦੀਆਂ ਇਹ ਪਾਰਟੀਆਂ ਜੋ ਦਲੀਲਾਂ ਦੇ ਰਹੀਆਂ ਹਨ, ਕੀ ਉਹ ਰਿਪੇਰੀਅਨ ਕਾਨੂੰਨ ਦੇ ਸਿਧਾਂਤਾਂ 'ਤੇ ਟਿਕਦੀਆਂ ਹਨ ? ਰਿਪੇਰੀਅਨ ਸਿਧਾਂਤ ਅਨੁਸਾਰ, ਪਾਣੀ ਦਾ ਹੱਕ ਉਨ੍ਹਾਂ ਖੇਤਰਾਂ ਨੂੰ ਹੁੰਦਾ ਹੈ, ਜਿੱਥੋਂ ਦਰਿਆ ਲੰਘਦਾ ਹੈ। ਸਿੰਧੂ, ਜੇਹਲਮ ਅਤੇ ਚਨਾਬ ਪੰਜਾਬ ਦੇ ਕੁਝ ਹਿੱਸਿਆਂ ਵਿੱਚੋਂ ਨਹੀਂ ਵਗਦੇ, ਫ਼ਿਰ ਪੰਜਾਬ ਦਾ ਦਾਅਵਾ ਕਿੰਨਾ ਮਜ਼ਬੂਤ ਹੈ ?

# ਖ਼ਾਲਿਸਤਾਨੀ ਮੁੱਦਾ: ਕੈਨੇਡਾ ਦੀ ਨਵੀਂ ਖੁਫ਼ੀਆ ਰਿਪੋਰਟ ਨੇ ਫ਼ਿਰ ਲਗਾਏ ਭਾਰਤ ’ਤੇ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਦੋਸ਼

## ਕੀ ਜੀ 7 ਮੋਦੀ-ਕਾਰਨੀ ਦੀ ਗੱਲਬਾਤ ਨਾਲ ਭਾਰਤ-ਕੈਨੇਡਾ ਸਬੰਧ ਸੁਧਰ ਸਕਣਗੇ?

## ਖ਼ਾਲਿਸਤਾਨੀ ਕਿਉਂ ਨਿਰਾਸ਼ ਹਨ ਕਾਰਨੀ ਤੋਂ?

ਜਦੋਂ ਅਸੀਂ ਗੱਲ ਕਰਦੇ ਹਾਂ ਕੈਨੇਡਾ ਅਤੇ ਭਾਰਤ ਦੇ ਸਬੰਧਾਂ ਦੀ, ਤਾਂ ਪਿਛਲੇ ਕੁਝ ਸਾਲਾਂ ਵਿੱਚ ਇਹ ਰਿਸ਼ਤੇ ਕਾਫ਼ੀ ਉਤਰਾਅ-ਚੜ੍ਹਾਅ ਵਾਲੇ ਰਹੇ ਹਨ। ਜੂਨ 2023 ਵਿੱਚ ਵੈਨਕੂਵਰ ਨੇੜੇ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨੇ ਦੋਵਾਂ ਮੁਲਕਾਂ ਵਿਚਕਾਰ ਤਣਾਅ ਨੂੰ ਹੋਰ ਵਧਾ ਦਿੱਤਾ ਸੀ। ਕੈਨੇਡਾ ਨੇ ਭਾਰਤ ’ਤੇ ਨਿੱਜਰ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। ਇਸ ਤੋਂ ਬਾਅਦ ਦੋਵੇਂ ਮੁਲਕ ਆਹਮੋ-ਸਾਹਮਣੇ ਆ ਗਏ ਸਨ। ਹੁਣ, ਜੂਨ 2025 ਵਿੱਚ, ਕੈਨੇਡੀਅਨ ਸਿਕਿਓਰਿਟੀ ਇੰਟੈਲੀਜੈਂਸ ਸਰਵਿਸ ਦੀ ਨਵੀਂ ਰਿਪੋਰਟ ਨੇ ਇਸ ਮੁੱਦੇ ਨੂੰ ਇੱਕ ਵਾਰੀ ਫ਼ਿਰ ਚਰਚਾ ਦਾ ਕੇਂਦਰ ਬਣਾ ਦਿੱਤਾ ਹੈ। ਇਸ ਰਿਪੋਰਟ ਵਿੱਚ ਨਾ ਸਿਰਫ਼ ਕੁਝ ਖ਼ਾਲਿਸਤਾਨੀ ਗਤੀਵਿਧੀਆਂ ਨੂੰ ‘ਹਿੰਸਕ ਚਰਮਪੰਥ’ ਨਾਲ ਜੋੜਿਆ ਗਿਆ ਹੈ, ਸਗੋਂ ਭਾਰਤ ’ਤੇ ਵੀ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਦੋਸ਼ ਲਗਾਏ ਗਏ ਹਨ।

ਸਵਾਲ ਇਹ ਹੈ—ਕੀ ਇਹ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਤੇ ਕੈਨੇਡਾ ਦੇ ਸਬੰਧ ਅਜੇ ਵੀ ਡਾਵਾਂਡੋਲ ਹਨ, ਜਾਂ ਕੋਈ ਸੁਧਾਰ ਦੀ ਸੰਭਾਵਨਾ ਬਣਦੀ ਨਜ਼ਰ ਆ ਰਹੀ ਹੈ?

ਕੈਨੇਡੀਅਨ ਸਿਕਿਓਰਿਟੀ ਇੰਟੈਲੀਜੈਂਸ ਸਰਵਿਸ (ਸੀ.ਐਸ.ਆਈ.ਐਸ.) ਦੀ ਰਿਪੋਰਟ ਨੇ ਕੁਝ ਖ਼ਾਲਿਸਤਾਨੀ ਗਤੀਵਿਧੀਆਂ ਨੂੰ “ਹਿੰਸਕ ਚਰਮਪੰਥ” ਨਾਲ ਜੋੜਦਿਆਂ ਸਾਫ਼ ਕਿਹਾ ਸੀ ਕਿ ਕੁਝ ਖਾਲਿਸਤਾਨੀ ਕੱਟੜਪੰਥੀ ਭਾਰਤ ਵਿੱਚ ਹਿੰਸਾ ਨੂੰ ਹੁਲਾਰਾ ਦੇਣ, ਫ਼ੰਡ ਇਕੱਠੇ ਕਰਨ ਅਤੇ ਯੋਜਨਾਵਾਂ ਬਣਾਉਣ ਲਈ ਕੈਨੇਡਾ ਦੀ ਧਰਤੀ ਦੀ ਵਰਤੋਂ ਕਰ ਰਹੇ ਹਨ। ਪਰ ਇਸ ਦੇ ਨਾਲ ਹੀ, ਰਿਪੋਰਟ ਨੇ ਇਹ ਵੀ ਮੰਨਿਆ ਕਿ ਜ਼ਿਆਦਾਤਰ ਕੈਨੇਡੀਅਨ ਸਿੱਖ ਖ਼ਾਲਿਸਤਾਨ ਲਹਿਰ ਦਾ ਸਮਰਥਨ ਸਿਰਫ਼ ਸ਼ਾਂਤੀਪੂਰਨ ਅਤੇ ਜਾਇਜ਼ ਤਰੀਕਿਆਂ ਨਾਲ ਕਰਦੇ ਹਨ, ਜਿਸ ਨੂੰ ਕੈਨੇਡਾ ਵਿੱਚ ਅੱਤਵਾਦ ਨਹੀਂ ਮੰਨਿਆ ਜਾਂਦਾ।

### ਰਿਪੋਰਟ ਵਿੱਚ ਭਾਰਤ ’ਤੇ ਲਾਏ ਗਏ ਇਲਜ਼ਾਮ

ਇਸ ਖੁਫ਼ੀਆ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਭਾਰਤੀ ਅਧਿਕਾਰੀ ਅਤੇ ਉਨ੍ਹਾਂ ਦੇ ਪ੍ਰੌਕਸੀ ਏਜੰਟ ਕੈਨੇਡਾ ਵਿੱਚ ਸਿੱਖ ਭਾਈਚਾਰੇ ਅਤੇ ਖ਼ਾਲਿਸਤਾਨੀ ਆਗੂਆਂ ਨੂੰ ਧਮਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਖੁਫ਼ੀਆ ਰਿਪੋਰਟ ਅਨੁਸਾਰ ਇਹ ਗਤੀਵਿਧੀਆਂ ਕੈਨੇਡਾ ਦੀ ਸਥਿਤੀ ਨੂੰ ਭਾਰਤ ਦੇ ਹਿੱਤਾਂ ਮੁਤਾਬਕ ਢਾਲਣ ਦੀ ਕੋਸ਼ਿਸ਼ ਦਾ ਹਿੱਸਾ ਦੱਸੀਆਂ ਗਈਆਂ ਹਨ। ਖਾਸ ਕਰਕੇ, ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨੂੰ “ਖ਼ਾਲਿਸਤਾਨ ਅੰਦੋਲਨ ਨੂੰ ਦਬਾਉਣ ਦੀਆਂ ਭਾਰਤੀ ਕੋਸ਼ਿਸ਼ਾਂ ਵਿੱਚ ਮਹੱਤਵਪੂਰਨ ਤੇਜ਼ੀ” ਦਾ ਸੰਕੇਤ ਮੰਨਿਆ ਗਿਆ ਹੈ। ਸੀ.ਐਸ.ਆਈ.ਐਸ. ਨੇ ਇਹ ਵੀ ਕਿਹਾ ਕਿ ਨਿੱਜਰ ਕਤਲ ਮਾਮਲੇ ਦੀ ਜਾਂਚ 2024 ਵਿੱਚ ਜਾਰੀ ਰਹੀ, ਜਿਸ ਵਿੱਚ ਮਈ 2024 ਵਿੱਚ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ’ਤੇ ਪਹਿਲੀ ਡਿਗਰੀ ਕਤਲ ਅਤੇ ਸਾਜ਼ਿਸ਼ ਦੇ ਇਲਜ਼ਾਮ ਹਨ। ਇਸ ਰਿਪੋਰਟ ਨੇ ਇੱਕ ਵਾਰ ਫ਼ਿਰ ਭਾਰਤ-ਕੈਨੇਡਾ ਸਬੰਧਾਂ ਉਪਰ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ।

ਜਿੱਥੇ ਭਾਰਤ ਨੇ ਹਮੇਸ਼ਾ ਇਨ੍ਹਾਂ ਇਲਜ਼ਾਮਾਂ ਨੂੰ “ਬੇਬੁਨਿਆਦ” ਅਤੇ “ਰਾਜਨੀਤੀ ਤੋਂ ਪ੍ਰੇਰਿਤ” ਦੱਸਿਆ ਹੈ, ਉੱਥੇ ਕੈਨੇਡਾ ਨੇ ਇਸ ਮੁੱਦੇ ਨੂੰ “ਕਾਨੂੰਨ ਦੇ ਰਾਜ” ਅਤੇ “ਰਾਸ਼ਟਰੀ ਸੁਰੱਖਿਆ” ਨਾਲ ਜੋੜ ਕੇ ਪੇਸ਼ ਕੀਤਾ।



### ਭਾਰਤ ’ਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਇਲਜ਼ਾਮ

ਸੀ.ਐਸ.ਆਈ.ਐਸ. ਦੀ ਰਿਪੋਰਟ ਨੇ ਸਿਰਫ਼ ਖ਼ਾਲਿਸਤਾਨੀ ਮੁੱਦੇ ’ਤੇ ਹੀ ਨਹੀਂ, ਸਗੋਂ ਭਾਰਤ ’ਤੇ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਗੰਭੀਰ ਇਲਜ਼ਾਮ ਵੀ ਲਾਏ ਹਨ। ਰਿਪੋਰਟ ਮੁਤਾਬਕ, ਭਾਰਤ, ਚੀਨ ਅਤੇ ਰੂਸ ਵਰਗੇ ਮੁਲਕਾਂ ਦੀ ਤਰ੍ਹਾਂ, ਕੈਨੇਡਾ ਦੇ ਨਸਲੀ, ਧਾਰਮਿਕ ਅਤੇ ਸੱਭਿਆਚਾਰਕ ਭਾਈਚਾਰਿਆਂ ਵਿੱਚ ਦਖ਼ਲਅੰਦਾਜ਼ੀ ਕਰ ਰਿਹਾ ਹੈ। ਨਾਲ ਹੀ, ਕੈਨੇਡਾ ਦੀ ਰਾਜਨੀਤਕ ਪ੍ਰਣਾਲੀ ’ਤੇ ਵੀ ਪ੍ਰਭਾਵ ਪਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਸ ਵਿੱਚ ਖਾਸ ਤੌਰ ’ਤੇ ਸਿੱਖ ਭਾਈਚਾਰੇ ਅਤੇ ਖ਼ਾਲਿਸਤਾਨੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਸੀ। ਰਿਪੋਰਟ ਨੇ ਦਾਅਵਾ ਕੀਤਾ ਕਿ ਅਕਤੂਬਰ 2024 ਵਿੱਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਸਬੂਤ ਪੇਸ਼ ਕੀਤੇ ਸਨ, ਜਿਨ੍ਹਾਂ ਮੁਤਾਬਕ ਭਾਰਤ ਸਰਕਾਰ ਦੇ ਏਜੰਟਾਂ ਅਤੇ ਅਪਰਾਧਿਕ ਨੈੱਟਵਰਕ ਵਿਚਕਾਰ ਸਬੰਧ ਹਨ, ਜੋ ਕੈਨੇਡਾ ਵਿੱਚ ਦੱਖਣੀ ਏਸ਼ਿਆਈ ਭਾਈਚਾਰੇ ਵਿੱਚ ਹਿੰਸਕ ਗਤੀਵਿਧੀਆਂ ਨੂੰ ਵਧਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਹ ਇਲਜ਼ਾਮ ਭਾਰਤ ਲਈ ਬਹੁਤ ਗੰਭੀਰ ਹਨ, ਕਿਉਂਕਿ ਇਸ ਨਾਲ ਨਾ ਸਿਰਫ਼ ਉਸ ਦੀ ਅੰਤਰਰਾਸ਼ਟਰੀ ਸਾਖ ’ਤੇ ਅਸਰ ਪੈਂਦਾ ਹੈ, ਸਗੋਂ ਕੈਨੇਡਾ ਨਾਲ ਕੂਟਨੀਤਕ ਸਬੰਧਾਂ ’ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਭਾਰਤ ਨੇ ਹਮੇਸ਼ਾ ਇਹ ਕਿਹਾ ਕਿ ਕੈਨੇਡਾ “ਭਾਰਤ ਵਿਰੋਧੀ” ਖ਼ਾਲਿਸਤਾਨੀ ਗਤੀਵਿਧੀਆਂ ਨੂੰ ਪਨਾਹ ਦੇ ਰਿਹਾ ਹੈ। ਰਿਪੋਰਟ ਵਿੱਚ ਵੀ ਇਸ ਗੱਲ ਦਾ ਜ਼ਿਕਰ ਹੈ ਕਿ ਭਾਰਤ ਕੈਨੇਡਾ ’ਤੇ ਖ਼ਾਲਿਸਤਾਨੀਆਂ ਨੂੰ ਸੁਰੱਖਿਆ ਦੇਣ ਦਾ ਇਲਜ਼ਾਮ ਲਗਾਉਂਦਾ ਰਹਿੰਦਾ ਹੈ। ਪਰ ਸੀ.ਐਸ.ਆਈ.ਐਸ. ਦਾ ਇਹ ਕਹਿਣਾ ਕਿ ਭਾਰਤ ਖੁਦ ਕੈਨੇਡਾ ਦੀ ਸਰਜ਼ਮੀਂ ’ਤੇ “ਦਖਲਅੰਦਾਜ਼ੀ” ਕਰ ਰਿਹਾ ਹੈ, ਨੇ ਮਾਮਲੇ ਨੂੰ ਹੋਰ ਪੇਚੀਦਾ ਕਰ ਦਿੱਤਾ।

### ਜੀ 7 ਮੁਲਾਕਾਤ: ਮੋਦੀ-ਕਾਰਨੀ ਦੀ ਗੱਲਬਾਤ ਨੇ ਜਗਾਈ ਸੁਧਾਰ ਦੀ ਆਸ

ਹੁਣ ਗੱਲ ਕਰੀਏ ਜੂਨ 2025 ਵਿੱਚ ਹੋਏ ਜੀ7 ਸੰਮੇਲਨ ਦੀ, ਜੋ ਕੈਨੇਡਾ ਦੇ ਅਲਬਰਟਾ ਵਿੱਚ ਹੋਇਆ। ਇਸ ਸੰਮੇਲਨ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਮੁਲਾਕਾਤ ਨੇ ਸਭ ਦਾ ਧਿਆਨ ਖਿੱਚਿਆ ਹੈ। ਇਸ ਮੁਲਾਕਾਤ ਨੂੰ “ਇਤਿਹਾਸਕ” ਕਿਹਾ ਗਿਆ, ਕਿਉਂਕਿ ਦੋਵਾਂ ਨੇਤਾਵਾਂ ਨੇ ਆਪਣੇ-ਆਪਣੇ ਹਾਈ ਕਮਿਸ਼ਨਰਾਂ ਨੂੰ ਮੁੜ ਸਥਾਪਤ ਕਰਨ ਅਤੇ ਕੂਟਨੀਤਕ ਸਬੰਧਾਂ ਨੂੰ ਬਹਾਲ ਕਰਨ ਦਾ ਐਲਾਨ ਕੀਤਾ ਹੈ। ਮੋਦੀ ਨੇ ਕਿਹਾ ਕਿ ਭਾਰਤ-ਕੈਨੇਡਾ ਸਬੰਧ ਬਹੁਤ ਮਹੱਤਵਪੂਰਨ ਹਨ, ਅਤੇ ਸਾਨੂੰ ਮਿਲ ਕੇ ਕਈ ਖੇਤਰਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।” ਕਾਰਨੀ ਨੇ ਵੀ “ਕਾਨੂੰਨ ਦੇ ਸਾਂਝੇ ਸਹਿਯੋਗ” ਅਤੇ “ਅੰਤਰਰਾਸ਼ਟਰੀ ਦਮਨ” ਦੇ ਮੁੱਦੇ ’ਤੇ ਗੱਲਬਾਤ ਦੀ ਗੱਲ ਕੀਤੀ। ਇਸ ਮੁਲਾਕਾਤ ਨੇ ਇੱਕ ਪਲ ਲਈ ਅਜਿਹਾ ਲੱਗਿਆ ਕਿ ਦੋਵੇਂ ਮੁਲਕ ਪਿਛਲੇ ਦੋ ਸਾਲਾਂ ਦੀ ਕੁੜੱਤਣ ਨੂੰ ਪਿੱਛੇ ਛੱਡਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਅਗਲੇ ਹੀ ਦਿਨ ਸੀ.ਐਸ.ਆਈ.ਐਸ. ਦੀ ਰਿਪੋਰਟ ਨੇ ਸਾਰੀਆਂ ਆਸਾਂ ’ਤੇ ਪਾਣੀ ਫ਼ੇਰ ਦਿੱਤਾ। ਇਸ ਰਿਪੋਰਟ ਨੇ ਭਾਰਤ ਨੂੰ “ਜ਼ਿੱਦੀ ਵਿਦੇਸ਼ੀ ਦਖਲਅੰਦਾਜ਼ੀ ਦਾ ਖਤਰਾ” ਦੱਸਿਆ, ਜਿਸ ਨਾਲ ਸਬੰਧਾਂ ਦੀ ਗੱਡੀ ਫ਼ਿਰ ਡਗਮਗਾਉਣ ਲੱਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮੁਲਾਕਾਤ ਸੁਧਾਰ ਦੀ ਸੰਭਾਵਨਾ ਦੀ ਇੱਕ ਛੋਟੀ ਜਿਹੀ ਕਿਰਨ ਸੀ, ਪਰ ਰਿਪੋਰਟ ਨੇ ਇਸ ਨੂੰ ਮੱਧਮ ਕਰ ਦਿੱਤਾ।

### ਕੈਨੇਡਾ ਸਰਕਾਰ ਪ੍ਰਤੀ ਸਿੱਖ ਭਾਈਚਾਰੇ ਵਿੱਚ ਰੋਸ ਕਿ ਨਿੱਜਰ ਦਾ ਮਸਲਾ ਕਿਉਂ ਨਹੀਂ ਉਠਾਇਆ?

ਕੈਨੇਡਾ ਦੇ ਸਿੱਖ ਭਾਈਚਾਰੇ ਅਤੇ ਪੰਥਕ ਜਥੇਬੰਦੀਆਂ ਨੇ ਜੀ7 ਸੰਮੇਲਨ ਵਿੱਚ ਮੋਦੀ ਨੂੰ ਸੱਦਾ ਦੇਣ ’ਤੇ ਸਖ਼ਤ ਇਤਰਾਜ਼ ਜਤਾਇਆ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਅਤੇ ਸਿੱਖਸ ਫ਼ਾਰ ਜਸਟਿਸ ਵਰਗੀਆਂ ਜਥੇਬੰਦੀਆਂ ਨੇ ਇਸ ਨੂੰ “ਕੈਨੇਡੀਅਨ ਮੁੱਲਾਂ ਨਾਲ ਧੋਖਾ” ਅਤੇ “ਸਿੱਖ ਭਾਵਨਾਵਾਂ ਦੀ ਤੌਹੀਨ” ਦੱਸਿਆ। ਉਨ੍ਹਾਂ ਦਾ ਕਹਿਣਾ ਹੈ ਕਿ ਨਿੱਜਰ ਦੀ ਹੱਤਿਆ ਭਾਰਤ ਦੀ “ਅੰਤਰਰਾਸ਼ਟਰੀ ਦਮਨ” ਨੀਤੀ ਦਾ ਹਿੱਸਾ ਸੀ ਅਤੇ ਕੈਨੇਡਾ ਵਿੱਚ ਸਿੱਖਾਂ ਨੂੰ ਅਜੇ ਵੀ ਭਾਰਤੀ ਖੁਫ਼ੀਆ ਏਜੰਸੀਆਂ ਤੋਂ ਜਾਨ ਦੇ ਖਤਰੇ ਦੀਆਂ ਚਿਤਾਵਨੀਆਂ ਮਿਲ ਰਹੀਆਂ ਹਨ। ਐਨ.ਡੀ.ਪੀ. ਸੰਸਦ ਮੈਂਬਰ ਜੈਨੀ ਕਵਾਨ ਨੇ ਵੀ ਕਾਰਨੀ ਨੂੰ ਪੱਤਰ ਲਿਖ ਕੇ ਕਿਹਾ ਕਿ ਨਿੱਜਰ ਦੀ ਹੱਤਿਆ ਲਈ ਜਵਾਬਦੇਹੀ ਤੋਂ ਬਿਨਾਂ ਸਬੰਧਾਂ ਨੂੰ ਸਧਾਰਨ ਕਰਨਾ ਸਿੱਖ ਕੈਨੇਡੀਅਨਾਂ ਲਈ “ਬਹੁਤ ਦੁਖਦਾਈ ਸੁਨੇਹਾ” ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਕਾਰਨੀ ਸਪੱਸ਼ਟ ਕਰਨ ਕਿ ਉਨ੍ਹਾਂ ਨੇ ਮੋਦੀ ਨਾਲ ਨਿੱਜਰ ਮਾਮਲੇ ’ਤੇ ਕੀ ਗੱਲਬਾਤ ਕੀਤੀ?

ਜੀ 7 ਸੰਮੇਲਨ ਦੀ ਮੁਲਾਕਾਤ ਨੇ ਸੁਧਾਰ ਦੀ ਇੱਕ ਛੋਟੀ ਜਿਹੀ ਆਸ ਜਗਾਈ ਸੀ, ਪਰ ਸੀ.ਐਸ.ਆਈ.ਐਸ. ਦੀ ਰਿਪੋਰਟ ਅਤੇ ਸਿੱਖ ਜਥੇਬੰਦੀਆਂ ਦੇ ਵਿਰੋਧ ਨੇ ਇਸ ਉੱਪਰ ਪ੍ਰਸ਼ਨਚਿੰਨ੍ਹ ਲਗਾ ਦਿੱਤਾ ਹੈ। ਸਮਾਂ ਹੀ ਦੱਸੇਗਾ ਕਿ ਇਹ ਸਬੰਧ ਕਿਹੜੇ ਮੋੜ ’ਤੇ ਜਾਂਦੇ ਹਨ?

# ਮਾਇਆਵਤੀ ਬਨਾਮ ਚੰਦਰ ਸ਼ੇਖਰ: ਦਲਿਤ ਸਿਆਸਤ ਦਾ ਨਵਾਂ ਟਕਰਾਅ

## ਚੰਦਰ ਸ਼ੇਖਰ ਦਾ ਉਭਾਰ: ਯੂ. ਪੀ. ਅਤੇ ਪੰਜਾਬ ਵਿੱਚ ਜ਼ਮੀਨੀ ਪਕੜ

## ਬਸਪਾ ਨੂੰ ਨੁਕਸਾਨ: ਚੰਦਰ ਸ਼ੇਖਰ ਦੀ ਸਿਆਸਤ ਦਾ ਅਸਰ

ਚੰਦਰ ਸ਼ੇਖਰ ਦੇ ਉਭਾਰ ਨੇ ਬਸਪਾ ਨੂੰ ਕਾਫ਼ੀ ਰਾਜਨੀਤਕ ਨੁਕਸਾਨ ਪਹੁੰਚਾਇਆ ਹੈ, ਖਾਸਕਰ ਯੂ.ਪੀ. ਵਿੱਚ। ਬਸਪਾ, ਜੋ ਕਦੇ ਯੂ.ਪੀ. ਦੀ ਸੱਤਾ ਦੀ ਮੁੱਖ ਦਾਅਵੇਦਾਰ ਸੀ, ਹੁਣ ਆਪਣੀ ਪਕੜ ਗੁਆ ਰਹੀ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਬਸਪਾ ਨੇ ਸਪਾ ਨਾਲ ਗਠਜੋੜ ਕੀਤਾ ਸੀ ਅਤੇ 10 ਸੀਟਾਂ ਜਿੱਤੀਆਂ ਸਨ, ਪਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਸਿਰਫ਼ 1 ਸੀਟ ’ਤੇ ਸਿਮਟ ਗਈ। ਇਸ ਦੇ ਪਿੱਛੇ ਚੰਦਰ ਸ਼ੇਖਰ ਦੀ ਆਜ਼ਾਦ ਸਮਾਜ ਪਾਰਟੀ ਦਾ ਰੋਲ ਵੀ ਮੰਨਿਆ ਜਾਂਦਾ ਹੈ, ਜਿਸ ਨੇ ਕਈ ਸੀਟਾਂ ’ਤੇ ਬਸਪਾ ਦੇ ਵੋਟ ਬੈਂਕ ਨੂੰ ਨੁਕਸਾਨ ਪਹੁੰਚਾਇਆ ਹੈ। ਚੰਦਰ ਸ਼ੇਖਰ ਦੀ ਪਾਰਟੀ ਨੇ 2022 ਵਿੱਚ 100 ਤੋਂ ਵੱਧ ਸੀਟਾਂ ’ਤੇ ਉਮੀਦਵਾਰ ਖੜ੍ਹੇ ਕੀਤੇ, ਅਤੇ ਭਾਵੇਂ ਉਹ ਕੋਈ ਸੀਟ ਨਹੀਂ ਜਿੱਤ ਸਕੀ, ਪਰ ਉਸ ਨੇ ਬਸਪਾ ਅਤੇ ਸਪਾ ਦੇ ਵੋਟਾਂ ਨੂੰ ਵੰਡਣ ਵਿੱਚ ਅਹਿਮ ਰੋਲ ਅਦਾ ਕੀਤਾ। ਮਿਸਾਲ ਵਜੋਂ, ਪੱਛਮੀ ਯੂ.ਪੀ. ਦੀਆਂ ਕਈ ਸੀਟਾਂ ’ਤੇ, ਜਿੱਥੇ ਦਲਿਤ ਵੋਟਰ ਵੱਡੀ ਗਿਣਤੀ ਵਿੱਚ ਹਨ, ਆਜ਼ਾਦ ਸਮਾਜ ਪਾਰਟੀ ਨੇ 5-10% ਵੋਟ ਹਾਸਲ ਕੀਤੇ, ਜੋ ਬਸਪਾ ਦੀ ਹਾਰ ਦਾ ਕਾਰਨ ਬਣੇ। ਇਸ ਤੋਂ ਇਲਾਵਾ, ਚੰਦਰ ਸ਼ੇਖਰ ਦੀ ਸਿਆਸਤ ਨੇ ਬਸਪਾ ਦੀ ਅੰਦਰੂਨੀ ਸੰਗਠਨਾਤਮਕ ਸਮਰੱਥਾ ’ਤੇ ਵੀ ਅਸਰ ਪਾਇਆ। ਬਸਪਾ ਦੇ ਕਈ ਨੌਜਵਾਨ ਵਰਕਰ, ਜੋ ਮਾਇਆਵਤੀ ਦੀ ਸੰਜਮੀ ਸਿਆਸਤ ਤੋਂ ਨਿਰਾਸ਼ ਸਨ, ਚੰਦਰ ਸ਼ੇਖਰ ਦੀ ਭੀਮ ਆਰਮੀ ਵੱਲ ਖਿੱਚੇ ਗਏ ਹਨ। ਇਹ ਨੁਕਸਾਨ ਸਿਰਫ਼ ਵੋਟਾਂ ਦਾ ਨਹੀਂ, ਸਗੋਂ ਪਾਰਟੀ ਦੀ ਜਮੀਨੀ ਪਕੜ ਦਾ ਵੀ ਸੀ।

### ਯੂ.ਪੀ. ਵਿੱਚ ਚੰਦਰ ਸ਼ੇਖਰ ਦੇ ਉਭਾਰ ਦੇ ਕਾਰਨ

ਚੰਦਰ ਸ਼ੇਖਰ ਦੇ ਉਭਾਰ ਦੇ ਪਿੱਛੇ ਕਈ ਕਾਰਨ ਹਨ, ਜਿਨ੍ਹਾਂ ਨੇ ਉਸ ਨੂੰ ਯੂ.ਪੀ. ਦੀ ਸਿਆਸਤ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਬਣਾਇਆ ਹੈ। ਮਾਇਆਵਤੀ ਦੀ ਸਿਆਸਤ, ਜੋ ਸੱਤਾ-ਕੇਂਦਰਿਤ ਅਤੇ ਸੰਜਮੀ ਰਹੀ, ਨੌਜਵਾਨ ਦਲਿਤਾਂ ਨੂੰ ਪੂਰੀ ਤਰ੍ਹਾਂ ਜੋੜ ਨਹੀਂ ਸਕੀ। ਚੰਦਰ ਸ਼ੇਖਰ ਨੇ ਇਸ ਖਾਲੀਪਣ ਨੂੰ ਭਰਿਆ ਹੈ। ਉਸ ਦੀ ਹਮਲਾਵਰ ਸਿਆਸਤ, ਸੜਕੀ ਸੰਘਰਸ਼, ਅਤੇ ਸੋਸ਼ਲ ਮੀਡੀਆ ’ਤੇ ਸਰਗਰਮੀ ਨੇ ਨੌਜਵਾਨਾਂ ਨੂੰ ਆਕਰਸ਼ਿਤ ਕੀਤਾ ਹੈ। 2017 ਵਿੱਚ ਸਹਾਰਨਪੁਰ ਦੇ ਸ਼ਬੀਰਪੁਰ ਵਿੱਚ ਜਾਤੀਗਤ ਹਿੰਸਾ ਅਤੇ 2020 ਵਿੱਚ ਹਾਥਰਸ ਵਿੱਚ ਦਲਿਤ ਲੜਕੀ ਨਾਲ ਹੋਏ ਬਲਾਤਕਾਰ ਦੇ ਮਾਮਲੇ ਵਿੱਚ ਚੰਦਰ ਸ਼ੇਖਰ ਨੇ ਸਿੱਧੇ ਮੈਦਾਨ ਵਿੱਚ ਉੱਤਰ ਕੇ ਦਲਿਤਾਂ ਦੀ ਅਵਾਜ਼ ਬੁਲੰਦ ਕੀਤੀ ਸੀ। ਇਸ ਨੇ ਉਸ ਦੀ ਸਾਖ ਨੂੰ ਵਧਾਇਆ ਹੈ।



ਚੰਦਰ ਸ਼ੇਖਰ ਨੇ ਸੋਸ਼ਲ ਮੀਡੀਆ ਦੀ ਵਰਤੋਂ ਨਾਲ ਨੌਜਵਾਨਾਂ ਤੱਕ ਪਹੁੰਚਣ ਵਿੱਚ ਸਫ਼ਲਤਾ ਹਾਸਲ ਕੀਤੀ। ਉਸ ਦੀਆਂ ਵੀਡੀਓਜ਼, ਭਾਸ਼ਣ ਅਤੇ ਨਾਅਰੇ ਸੋਸ਼ਲ ਮੀਡੀਆ ’ਤੇ ਵਾਇਰਲ ਹੁੰਦੇ ਹਨ, ਜੋ ਉਸ ਦੀ ਪਹੁੰਚ ਨੂੰ ਵਧਾਉਂਦੇ ਹਨ।

ਮਾਇਆਵਤੀ ਜਿੱਥੇ ਸੰਜਮੀ ਢੰਗ ਨਾਲ ਜਾਤੀਗਤ ਮੁੱਦਿਆਂ ’ਤੇ ਗੱਲ ਕਰਦੀ ਹੈ, ਉੱਥੇ ਚੰਦਰ ਸ਼ੇਖਰ ਸਿੱਧੇ ਅਤੇ ਤਿੱਖੇ ਅੰਦਾਜ਼ ਵਿੱਚ ਉਚ ਜਾਤੀਆਂ ਅਤੇ ਸਰਕਾਰੀ ਨੀਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਇਹ ਅੰਦਾਜ਼ ਨੌਜਵਾਨਾਂ ਨੂੰ ਪਸੰਦ ਆਉਂਦਾ ਹੈ।

ਚੰਦਰ ਸ਼ੇਖਰ ਨੇ ਸਪਾ ਅਤੇ ਹੋਰ ਪਾਰਟੀਆਂ ਨਾਲ ਗੱਲਬਾਤ ਕਰਕੇ ਆਪਣੀ ਸਿਆਸੀ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਨਗੀਨਾ ਸੀਟ ਤੋਂ ਉਸ ਦੀ ਜਿੱਤ ਨੇ ਸਾਬਤ ਕੀਤਾ ਕਿ ਉਹ ਸਿਆਸੀ ਗਠਜੋੜ ਦੀ ਮਹੱਤਤਾ ਨੂੰ ਸਮਝਦਾ ਹੈ।

### ਚੰਦਰ ਸ਼ੇਖਰ ਦਾ ਉਭਾਰ ਕਿਹੜੇ ਪ੍ਰਦੇਸ਼ਾਂ ਵਿੱਚ?

ਚੰਦਰ ਸ਼ੇਖਰ ਦਾ ਉਭਾਰ ਮੁੱਖ ਤੌਰ ’ਤੇ ਯੂ.ਪੀ. ਦੇ ਪੱਛਮੀ ਹਿੱਸੇ ਵਿੱਚ ਵਧੇਰੇ ਦਿਖਾਈ ਦਿੰਦਾ ਹੈ, ਜਿਵੇਂ ਸਹਾਰਨਪੁਰ, ਮੁਜ਼ੱਫ਼ਰਨਗਰ, ਮੇਰਠ, ਅਤੇ ਨਗੀਨਾ ਵਰਗੇ ਇਲਾਕੇ ਵਿੱਚ। ਇਹ ਇਲਾਕੇ ਦਲਿਤ ਅਤੇ ਮੁਸਲਮਾਨ ਵੋਟਰਾਂ ਦੀ ਵੱਡੀ ਗਿਣਤੀ ਹੈ। ਨਗੀਨਾ ਲੋਕ ਸਭਾ ਸੀਟ ਤੋਂ 2024 ਵਿੱਚ ਉਸ ਦੀ ਜਿੱਤ ਨੇ ਸਾਬਤ ਕੀਤਾ ਕਿ ਉਸ ਦੀ ਪਕੜ ਪੱਛਮੀ ਯੂ.ਪੀ. ਵਿੱਚ ਮਜ਼ਬੂਤ ਹੋ ਰਹੀ ਹੈ। ਇਸ ਤੋਂ ਇਲਾਵਾ, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਵੀ ਭੀਮ ਆਰਮੀ ਦੀ ਸਰਗਰਮੀ ਵਧੀ ਹੈ।

### ਪੰਜਾਬ ਵਿੱਚ ਚੰਦਰ ਸ਼ੇਖਰ ਦੀ ਪਛਾਣ ਅਤੇ ਉਭਾਰ

ਪੰਜਾਬ ਵਿੱਚ ਚੰਦਰਸ਼ੇਖਰ ਦੀ ਪਛਾਣ ਅਤੇ ਉਭਾਰ ਹਾਲੇ ਸੀਮਤ ਹੈ, ਪਰ ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਪੰਜਾਬ ਵਿੱਚ ਦਲਿਤ ਆਬਾਦੀ ਕਰੀਬ 32% ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਕਾਰਨ ਬਸਪਾ ਨੇ ਪੰਜਾਬ ਵਿੱਚ ਕਦੇ ਨਾ ਕਦੇ ਚੰਗਾ ਪ੍ਰਦਰਸ਼ਨ ਕੀਤਾ ਸੀ, ਖਾਸਕਰ ਦੋਆਬਾ ਖੇਤਰ ਵਿੱਚ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਬਸਪਾ ਨੇ ਜਲੰਧਰ, ਹੁਸ਼ਿਆਰਪੁਰ ਅਤੇ ਆਨੰਦਪੁਰ ਸਾਹਿਬ ਸੀਟਾਂ ’ਤੇ 4.79 ਲੱਖ ਵੋਟਾਂ ਹਾਸਲ ਕੀਤੀਆਂ ਸਨ। ਚੰਦਰ ਸ਼ੇਖਰ ਦੀ ਭੀਮ ਆਰਮੀ ਨੇ ਪੰਜਾਬ ਦੇ ਦੋਆਬਾ ਅਤੇ ਮਾਝਾ ਖੇਤਰਾਂ ਵਿੱਚ ਆਪਣੀ ਸਰਗਰਮੀ ਵਧਾਈ ਹੈ। 2020 ਦੇ ਕਿਸਾਨ ਅੰਦੋਲਨ ਦੌਰਾਨ ਭੀਮ ਆਰਮੀ ਨੇ ਕਿਸਾਨਾਂ ਦੇ ਸਮਰਥਨ ਵਿੱਚ ਸ਼ੰਭੂ ਸਰਹੱਦ ’ਤੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ, ਜਿਸ ਨਾਲ ਉਸ ਦੀ ਪੰਜਾਬ ਦੇ ਦਲਿਤ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਪਛਾਣ ਵਧੀ ਹੈ। ਹਾਲਾਂਕਿ, ਪੰਜਾਬ ਵਿੱਚ ਉਸ ਦੀ ਸਿਆਸੀ ਪਾਰਟੀ ਦੀ ਜ਼ਮੀਨੀ ਪਕੜ ਅਜੇ ਕਮਜ਼ੋਰ ਹੈ, ਅਤੇ ਉਸ ਨੂੰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵਰਗੀਆਂ ਮੁੱਖ ਪਾਰਟੀਆਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ।

(ਬਾਕੀ ਸ.ਫ਼ਾ 31 ’ਤੇ)

# ਬਾਬਾ ਬਲਬੀਰ ਸਿੰਘ ਵੱਲੋਂ ਮਨਦੀਪ ਕੌਰ ਨੂੰ ਕਰਨਾਟਕ ਦੀ ਘੱਟ ਗਿਣਤੀ ਕਮਿਸ਼ਨ ਦੀ ਮੈਂਬਰ ਬਣਨ 'ਤੇ ਵਧਾਈ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਮਨਦੀਪ ਕੌਰ ਨੂੰ ਕਰਨਾਟਕ ਦੀ ਘੱਟ ਗਿਣਤੀ ਕਮਿਸ਼ਨ ਦੀ ਮੈਂਬਰ ਬਣਨ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਕਰਨਾਟਕ ਸਰਕਾਰ ਨੇ ਇੱਕ ਸਿੱਖ ਔਰਤ ਨੂੰ ਨੁਮਾਇੰਦਗੀ ਦਿੱਤੀ ਹੈ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਰਨਾਟਕ ਦੇ ਘੱਟ ਗਿਣਤੀ ਭਲਾਈ ਮੰਤਰੀ ਜਨਾਬ ਜ਼ਮੀਰ ਅਹਿਮਦ ਖਾਨ ਨੂੰ ਪੱਤਰ ਲਿਖ ਕੇ ਬਿਦਰ ਤੋਂ ਮਨਦੀਪ ਕੌਰ ਨੂੰ ਸੂਬੇ ਦੇ ਘੱਟ ਗਿਣਤੀ ਕਮਿਸ਼ਨ ਦੀ ਮੈਂਬਰ ਨਿਯੁਕਤ ਕਰਨ 'ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਕਰਨਾਟਕ ਸਰਕਾਰ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਮਨਦੀਪ ਕੌਰ ਦੀ ਇਹ ਨਿਯੁਕਤੀ ਔਰਤਾਂ ਅਤੇ ਘੱਟ ਗਿਣਤੀਆਂ ਲਈ ਸ਼ੁਭ ਸ਼ਗਨ ਹੈ। ਕਰਨਾਟਕ ਵਿੱਚ ਪਹਿਲੀ ਵਾਰ ਕਿਸੇ ਔਰਤ ਨੂੰ ਘੱਟ ਗਿਣਤੀ ਕਮਿਸ਼ਨ ਵਿੱਚ ਸ਼ਾਮਲ ਕੀਤਾ ਗਿਆ ਹੈ। ਬਾਬਾ ਬਲਬੀਰ ਸਿੰਘ ਨੇ ਮਨਦੀਪ ਕੌਰ ਨੂੰ ਮੈਂਬਰ ਬਣਨ 'ਤੇ ਵਧਾਈ ਦਿੱਤੀ ਹੈ।

# ਇਰਾਨ-ਇਜ਼ਰਾਇਲ 'ਚ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਢੁੱਕਵੇਂ ਕਦਮ ਚੁੱਕੇ ਜਾਣ: ਐਡਵੋਕੇਟ ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਇਰਾਨ ਅਤੇ ਇਜ਼ਰਾਇਲ ਵਿੱਚ ਚੱਲ ਰਹੀ ਆਪਸੀ ਜੰਗ ਵਾਲੇ ਹਾਲਾਤ ਦੇ ਮੱਦੇਨਜ਼ਰ ਉਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਢੁੱਕਵੇਂ ਕਦਮ ਚੁੱਕਣ ਲਈ ਕਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਕੌਮ ਲਈ ਸਰਵਉੱਚ ਹਨ, ਜਿਨ੍ਹਾਂ ਦਾ ਸਤਿਕਾਰ ਤੇ ਸੁਰੱਖਿਆ ਸਿੱਖ ਪੰਥ ਲਈ ਸਭ ਤੋਂ ਅਹਿਮ ਹੈ ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਇਰਾਨ ਤੇ ਇਜ਼ਰਾਇਲ ਵਿੱਚ ਜੰਗ ਦੇ ਨਾਜ਼ੁਕ ਹਾਲਾਤ ਕਾਰਨ ਉਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਆਪਣੇ ਕੂਟਨੀਤਕ ਸਬੰਧਾਂ ਅਤੇ ਕੌਮਾਂਤਰੀ ਮੰਚਾਂ ਦੀ ਵਰਤੋਂ ਕਰਦਿਆਂ ਇਰਾਨ ਅਤੇ ਇਜ਼ਰਾਇਲ ਦੀਆਂ ਸਰਕਾਰਾਂ ਨਾਲ ਸੰਪਰਕ ਕਰ ਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚੇ ਤੇ ਉਨ੍ਹਾਂ ਦਾ ਸਤਿਕਾਰ ਬਣਿਆ ਰਹੇ।

ਐਡਵੋਕੇਟ ਧਾਮੀ ਨੇ ਇਰਾਨ ਅਤੇ ਇਜ਼ਰਾਇਲ ਵਿਚ ਵੱਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸਥਾਨਕ ਸਰਕਾਰਾਂ ਅਤੇ ਸਬੰਧਿਤ ਅਧਿਕਾਰੀਆਂ ਨਾਲ ਸੰਪਰਕ ਕਰਕੇ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਭਾਰਤ ਸਰਕਾਰ ਤੋਂ ਉਮੀਦ ਕਰਦੀ ਹੈ ਕਿ ਇਸ ਸੰਵੇਦਨਸ਼ੀਲ ਮਾਮਲੇ 'ਤੇ ਤੁਰੰਤ ਕਾਰਵਾਈ ਕਰੇਗੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਇਕੱਠੇ ਹੋਣ ਦੀ ਲੋੜ: ਧਾਮੀ

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪ੍ਰਬੰਧਕੀ ਕੰਪਲੈਕਸ ਅਤੇ ਲਾਇਬ੍ਰੇਰੀ ਦੇ ਨਿਰਮਾਣ ਦਾ ਨੀਂਹ ਪੱਥਰ



ਮਾਨਸਾ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਕੌਮ ਨੂੰ ਇੱਕ ਝੰਡੇ ਥੱਲੇ ਇੱਕਠੇ ਹੋਣ ਦੀ ਲੋੜ ਹੈ ਤਾਂ ਹੀ ਪੰਥਕ ਮਸਲੇ ਹੱਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਆਰੰਭੇ ਸੰਘਰਸ਼ ਨੂੰ ਹੁਣ ਇਕਜੁੱਟ ਹੋ ਕੇ ਲੜਨ ਦੀ ਲੋੜ ਹੈ ਤਾਂ ਜੋ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਨੌਜਵਾਨਾਂ ਨੂੰ ਰਿਹਾਅ ਕਰਵਾਇਆ ਜਾ ਸਕੇ। ਉਹ ਨੇੜਲੇ ਪਿੰਡ ਬਰ੍ਹੇ ਵਿੱਚ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਗੁਰਮਤਿ ਸਮਾਗਮ ਦੌਰਾਨ ਜੁੜੀ ਸੰਗਤ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਇਸ ਵਾਰ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਦਾ 350 ਸਾਲਾ ਸ਼ਹੀਦੀ ਦਿਹਾੜਾ ਅਤੇ ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਦਾ 350 ਸਾਲਾ ਗੁਰਿਆਈ ਦਿਵਸ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਇਸ ਸਬੰਧੀ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾ ਰਹੇ ਹਨ।

ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਅਤੇ ਹਰਜਿੰਦਰ ਸਿੰਘ ਧਾਮੀ ਨੇ ਪ੍ਰਬੰਧਕੀ ਕੰਪਲੈਕਸ ਅਤੇ ਲਾਇਬ੍ਰੇਰੀ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ। ਇਸ ਕੰਪਲੈਕਸ ਦੀ ਕਾਰ ਸੇਵਾ ਬਾਬਾ ਬਚਨ ਸਿੰਘ ਦਿੱਲੀ ਕਾਰ ਸੇਵਾ ਵਾਲਿਆਂ ਦੀ ਅਗਵਾਈ ਹੇਠ ਬਾਬਾ ਬਾਬੂ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਕੀਤੀ ਜਾਵੇਗੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਬੁਢਲਾਡਾ ਦੇ ਇੰਚਾਰਜ ਡਾ. ਨਿਸ਼ਾਨ ਸਿੰਘ ਤੇ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਬੂਟਾ ਸਿੰਘ ਗੁੜਥੜੀ ਆਦਿ ਮੌਜੂਦ ਸਨ।

# ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਸਿਆਸੀ ਪਾਰਟੀਆਂ: ਜਥੇ.ਗੜਗੱਜ

## ਸਮੂਹ ਪੰਜਾਬੀਆਂ ਨੂੰ ਪਹਿਲ ਦੇ ਅਧਾਰ 'ਤੇ ਰੁਜ਼ਗਾਰ ਦੇਣ ਦੀ ਕੀਤੀ ਮੰਗ



ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਕੋਈ ਬਸਤੀ ਨਹੀਂ ਹੈ ਅਤੇ ਸਿਆਸੀ ਜਮਾਤ ਨੂੰ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਗੁਰਾਂ ਦੇ ਨਾਂ 'ਤੇ ਵੱਸਦਾ ਹੈ ਤੇ ਪੰਜਾਬ ਦੀਆਂ ਸਮੂਹ ਸਿਆਸੀ ਪਾਰਟੀਆਂ ਨੂੰ ਪੰਜਾਬ, ਪੰਜਾਬੀਅਤ ਤੇ ਪੰਜਾਬੀ ਲਈ ਇਕਜੁੱਟ ਹੋ ਕੇ ਆਵਾਜ਼ ਚੁੱਕਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਧਰਮਾਂ ਦੇ ਲੋਕ ਜੋ ਮੂਲ ਬਾਸ਼ਿੰਦੇ ਪੰਜਾਬ ਦੇ ਹਨ, ਉਹ ਪੰਜਾਬੀ ਹਨ। ਉਨ੍ਹਾਂ ਕਿਹਾ ਕਿ ਕਿਸੇ ਦੇ ਬਾਹਰੋਂ ਆ ਕੇ ਇੱਥੇ ਕੰਮ ਕਰਨ 'ਤੇ ਇਤਰਾਜ਼ ਨਹੀਂ ਪਰ ਇਥੋਂ ਦੇ ਬਸ਼ਿੰਦਿਆਂ ਨੂੰ ਭਾਵ ਸਮੂਹ ਪੰਜਾਬੀਆਂ ਨੂੰ ਪਹਿਲ ਦੇ ਅਧਾਰ 'ਤੇ ਰੁਜ਼ਗਾਰ ਦਿੱਤਾ ਜਾਣਾ ਚਾਹੀਦਾ ਹੈ। ਜਥੇਦਾਰ ਗੜਗੱਜ ਨੇ ਕਾਰ ਸੇਵਾ (ਬਾਕੀ ਸਫ਼ਾ 30 'ਤੇ)

# ਸ਼੍ਰੋਮਣੀ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਸ੍ਰੀ ਆਨੰਦਪੁਰ ਸਾਹਿਬ ਦਾ 360ਵਾਂ ਸਥਾਪਨਾ ਦਿਵਸ ਮਨਾਇਆ



ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਵਰੋਸਾਈ ਗੁਰੂ ਨਗਰੀ ਸ੍ਰੀ ਆਨੰਦਪੁਰ ਸਾਹਿਬ ਦਾ 360ਵਾਂ ਸਥਾਪਨਾ ਦਿਵਸ ਇਥੋਂ ਦੇ ਇਤਿਹਾਸਕ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਗੁਰਦੁਆਰਾ ਸ਼ਾਹੀ ਟਿੱਬੀ ਸਾਹਿਬ ਵਾਲੇ ਸੰਤ ਅਤਵਾਰ ਸਿੰਘ ਅਤੇ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਇਸ ਨਗਰੀ ਦੇ ਸਭ ਤੋਂ ਪਹਿਲੇ ਘਰ ਅਤੇ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ।

ਉਪਰੰਤ ਸਜਾਏ ਧਾਰਮਿਕ ਦੀਵਾਨ 'ਚ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਮੇਤ ਵੱਡੀ ਗਿਣਤੀ ਸੰਗਤ ਨੇ ਸ਼ਮੂਲੀਅਤ ਕੀਤੀ। ਜਥੇਦਾਰ ਕੁਲਦੀਪ ਸਿੰਘ ਨੇ ਕਿਹਾ ਕਿ ਅੱਜ ਦੇ ਦਿਨ 19 ਜੂਨ 1665 ਨੂੰ ਗੁਰੂ ਤੇਗ ਬਹਾਦਰ ਨੇ ਇਸ ਨਗਰ ਦੀ ਨੀਂਹ ਬਾਬਾ ਗੁਰਦਿੱਤਾ ਤੋਂ ਰਖਵਾਈ ਸੀ। ਗੁਰੂ ਜੀ ਨੇ (ਬਾਕੀ ਸਫ਼ਾ 30 'ਤੇ)

# ਲੱਚਰਤਾ ਤੋਂ ਦੂਰ ਰਹੇ ਨੌਜਵਾਨ ਪੀੜ੍ਹੀ : ਸਰਬਜੀਤ ਸਿੰਘ ਖ਼ਾਲਸਾ

## ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਪਰਿਵਾਰ ਨਾਲ ਕੀਤੀ ਮੁਲਾਕਾਤ



ਮੋਗਾ/ਏ.ਟੀ.ਨਿਊਜ਼: ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਪਿਛਲੇ ਦਿਨੀਂ ਕਮਲ ਭਾਬੀ ਉਰਫ਼ ਕੰਚਨ ਕੁਮਾਰੀ ਦੀ ਹੱਤਿਆ ਮਾਮਲੇ 'ਚ ਕਥਿਤ ਸਾਜ਼ਿਸ਼ਘਾੜੇ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਹ ਉਨ੍ਹਾਂ ਨਾਲ ਖੜ੍ਹੇ ਹਨ। ਇਸ ਦੌਰਾਨ ਸੰਸਦ ਮੈਂਬਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਪਾਲ ਵੱਲੋਂ ਚੁੱਕੇ ਕਦਮ ਨੂੰ ਸਿੱਖ ਕੌਮ ਲਈ ਵੱਡੀ ਕੁਰਬਾਨੀ ਕਰਾਰ ਦਿੱਤਾ।

ਉਨ੍ਹਾਂ ਕਿਹਾ ਕਿ ਜੋ ਸਿੱਖ ਕੌਮ ਲਈ ਕੰਮ ਕਰਦਾ ਹੈ, ਉਸ ਨੂੰ ਡਿਬਰੂਗੜ੍ਹ ਭੇਜ ਦਿੱਤਾ ਜਾਂਦਾ ਹੈ ਅਤੇ ਜੋ ਕੌਮ ਵਿਰੋਧੀ ਹੁੰਦਾ ਹੈ ਸਰਕਾਰ ਵੱਲੋਂ ਉਸ ਨੂੰ ਸੁਰੱਖਿਆ ਮਿਲਦੀ ਹੈ। ਉਨ੍ਹਾਂ ਕਿਹਾ ਕਿ ਉਹ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਪਰਿਵਾਰ ਨਾਲ ਹਨ। ਇਸ ਦੌਰਾਨ ਸਰਬਜੀਤ ਸਿੰਘ ਖ਼ਾਲਸਾ ਨੇ ਨੌਜਵਾਨ ਪੀੜ੍ਹੀ ਨੂੰ ਲੱਚਰਤਾ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਸਮਝਣਾ ਤੇ ਅਮਲ ਕਰਨਾ ਬਹੁਤ ਜ਼ਰੂਰੀ ਹੈ। ਲੱਚਰਤਾ ਫੈਲਾਉਣ ਵਾਲੀ ਸਮੱਗਰੀ ਤਾਂ ਹਰ ਕੋਈ ਸਾਂਝੀ ਕਰ ਦਿੰਦਾ ਹੈ ਪਰ ਸਮਾਜ ਨੂੰ ਸੇਧ ਦੇਣ ਵਾਲੀ ਸਮੱਗਰੀ ਅੱਗੇ ਨਹੀਂ ਪਹੁੰਚਾਈ ਜਾਂਦੀ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਰਾਹੀਂ ਬੱਚਿਆਂ ਅੱਗੇ ਪਰੋਸੀ ਜਾ ਰਹੀ ਗੰਦਗੀ ਨੂੰ ਰੋਕਣਾ ਜ਼ਰੂਰੀ ਹੈ ਤੇ ਇਸ ਲਈ ਲੋਕ ਲਹਿਰ ਸਮੇਂ ਦੀ ਜ਼ਰੂਰਤ ਹੈ।

ਉਨ੍ਹਾਂ ਪੰਜਾਬ ਸਰਕਾਰ ਕੋਲੋਂ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਦਿਆਂ ਕਿਹਾ ਕਿ ਸਮਾਜ ਵਿੱਚ ਫੈਲ ਰਹੀ ਲੱਚਰਤਾ ਰੋਕਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਜਾਵੇ।

# ਸ਼੍ਰੋਮਣੀ ਕਮੇਟੀ ਨੇ ਤਰਨ ਤਾਰਨ 'ਚ ਦਰਬਾਰ ਸਾਹਿਬ ਦੀ ਜ਼ਮੀਨ ਵੇਚਣ 'ਤੇ ਰੋਕ ਲਗਾਈ

ਤਰਨ ਤਾਰਨ/ਏ.ਟੀ.ਨਿਊਜ਼:ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਤਰਨ ਤਾਰਨ ਦੀ ਜ਼ਮੀਨ ਦੇ ਪਲਾਟਾਂ ਦੀ ਵਿਕਰੀ ਕਰਨ ਲਈ ਕੀਤੀ ਜਾ ਰਹੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਇਹ ਰੋਕ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਹੁਕਮਾਂ 'ਤੇ ਲਾਈ ਗਈ ਹੈ। ਸਬ-ਕਮੇਟੀ ਦੀ ਬੀਤੇ ਤਿੰਨ ਮਹੀਨਿਆਂ ਦੀ ਕਾਰਵਾਈ ਵੀ ਰੱਦ ਕਰ ਦਿੱਤੀ ਗਈ ਹੈ।

ਦਰਬਾਰ ਸਾਹਿਬ ਤੋਂ ਜਾਰੀ ਸੂਚਨਾ ਵਿੱਚ ਦੱਸਿਆ ਗਿਆ ਕਿ ਦਰਬਾਰ ਸਾਹਿਬ ਦੀ ਜ਼ਮੀਨ ਦੀ ਵਿਕਰੀ ਕਰਨ ਲਈ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਦੇ ਹੁਕਮਾਂ 'ਤੇ ਸਬ-ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਦੀਆਂ ਬੀਤੇ ਤਿੰਨ ਮਹੀਨਿਆਂ ਅੰਦਰ ਕਈ ਮੀਟਿੰਗਾਂ ਕੀਤੀਆਂ ਗਈਆਂ ਜਿਸ ਦੇ ਆਧਾਰ 'ਤੇ ਵਿਕਰੀ ਕਰਨ ਦੀ ਪ੍ਰਕਿਰਿਆ ਮੁਕੰਮਲ ਕਰ ਲਈ ਗਈ ਸੀ। ਇਸੇ ਦੌਰਾਨ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕੁਝ ਦਿਨ ਪਹਿਲਾਂ ਇਸ ਜ਼ਮੀਨ ਦੀ ਵਿਕਰੀ ਕਰਨ ਪਿੱਛੇ ਜ਼ਮੀਨ ਹੜੱਪਣ ਦੇ ਦੋਸ਼ ਲਗਾਏ ਸਨ। ਦਰਬਾਰ ਸਾਹਿਬ ਵੱਲੋਂ ਜਾਰੀ ਕੀਤੀ ਸੂਚਨਾ ਵਿੱਚ ਦੱਸਿਆ ਗਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਦੇ ਹੁਕਮਾਂ 'ਤੇ ਦਰਬਾਰ ਸਾਹਿਬ ਦੀ ਜ਼ਮੀਨ ਦੀ ਵਿਕਰੀ ਕਰਨ ਲਈ ਸਬ-ਕਮੇਟੀ ਦੀ ਬੀਤੇ ਤਿੰਨ ਮਹੀਨਿਆਂ ਦੀ ਕਾਰਵਾਈ ਵੀ ਰੱਦ ਕਰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਹੁਕਮਾਂ ਮਗਰੋਂ ਇਸ ਜ਼ਮੀਨ ਦੀ ਵਿਕਰੀ ਕੀਤੇ ਜਾਣ ਦੀ ਕਾਰਵਾਈ ਠੱਪ ਹੋ ਗਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਵਿਸ਼ਵ ਸ਼ਾਂਤੀ ਦਾ ਸੁਨੇਹਾ

ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ, ਇਸ ਗੱਲ ਨੂੰ ਦੁਨੀਆ ਦੇ ਸਾਰੇ ਦੇਸ਼ ਸਮਝਦੇ ਹਨ ਪਰ ਫੇਰ ਵੀ ਗੱਲਬਾਤ ਰਾਹੀਂ ਮਸਲੇ ਸੁਲਝਾਉਣ ਦੀ ਥਾਂ ਅਕਸਰ ਵੱਖ- ਵੱਖ ਦੇਸ਼ਾਂ ਵੱਲੋਂ 'ਜੰਗ' ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਸਮੇਂ ਵਿਸ਼ਵ ਦੇ ਅਨੇਕਾਂ ਦੇਸ਼ ਪਰਮਾਣੂ ਹਥਿਆਰਾਂ ਨਾਲ ਲੈਸ ਹਨ, ਜਿਸ ਕਾਰਨ ਉਹਨਾਂ ਨੂੰ ਆਪਣੀ ਪਰਮਾਣੂ ਸਮਰਥਾ ਉੱਪਰ ਘੁਮੰਡ ਵਰਗਾ ਮਾਣ ਹੈ। ਉਹ ਅਕਸਰ ਦੂਜੇ ਦੇਸ਼ਾਂ 'ਤੇ ਰੋਹਬ ਪਾਉਣ ਅਤੇ ਦੂਜੇ ਦੇਸ਼ਾਂ 'ਤੇ ਕਬਜ਼ਾ ਕਰਨ ਲਈ ਆਪਣੀ ਪਰਮਾਣੂ ਸਮਰਥਾ ਨੂੰ ਵਰਤਣਾ ਚਾਹੁੰਦੇ ਹਨ। ਇਸ ਦੇ ਨਾਲ ਹੀ ਉਹ ਚਾਹੁੰਦੇ ਹਨ ਕਿ ਦੁਨੀਆ ਵਿੱਚ ਸਿਰਫ਼ ਉਹਨਾਂ ਕੋਲ ਹੀ ਪਰਮਾਣੂ ਹਥਿਆਰ ਹੋਣ ਤੇ ਹੋਰ ਕੋਈ ਦੇਸ਼ ਪਰਮਾਣੂ ਹਥਿਆਰਾਂ ਦਾ ਨਿਰਮਾਣ ਨਾ ਕਰ ਸਕੇ। ਇਹੋ ਕਾਰਨ ਹੈ ਕਿ ਜਦੋਂ ਇਰਾਨ ਨੇ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਅੱਗੇ ਵਧਾਇਆ ਤਾਂ ਪਹਿਲਾਂ ਤੋਂ ਪਰਮਾਣੂ ਹਥਿਆਰ ਬਣਾਈ ਬੈਠੇ ਇਜ਼ਰਾਇਲ ਅਤੇ ਅਮਰੀਕਾ ਨੂੰ ਵੱਡੀ ਚਿੰਤਾ ਹੋਈ। ਹੁਣ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਅਮਰੀਕਾ ਅਤੇ ਇਜ਼ਰਾਇਲ ਪਰਮਾਣੂ ਹਥਿਆਰ ਬਣਾ ਸਕਦੇ ਹਨ ਤਾਂ ਇਰਾਨ ਕਿਉਂ ਨਹੀਂ ਬਣਾ ਸਕਦਾ ? ਇਰਾਨ ਉੱਪਰ ਪਰਮਾਣੂ ਹਥਿਆਰ ਬਣਾਉਣ ਲਈ ਪਾਬੰਦੀਆਂ ਕਿਉਂ ਲਗਾਈਆਂ ਜਾ ਰਹੀਆਂ ਹਨ ?

ਵਿਸ਼ਵ 'ਚ ਪੱਛਮੀ ਏਸ਼ੀਆ ਅਤੇ ਮੱਧ ਪੂਰਬ ਦਾ ਇਲਾਕਾ ਵੱਡੀ ਮਹੱਤਤਾ ਰੱਖਦਾ ਹੈ, ਪਰ ਇਹ ਖੇਤਰ ਪਿਛਲੇ ਕੁਝ ਦਹਾਕਿਆਂ ਤੋਂ ਸਿਆਸੀ, ਫ਼ੌਜੀ ਅਤੇ ਧਾਰਮਿਕ ਤਨਾਓ ਦਾ ਮੁੱਖ ਕੇਂਦਰ ਬਣਦਾ ਰਿਹਾ ਹੈ। ਇਸ ਸਮੇਂ ਵੀ ਇਰਾਨ, ਇਜ਼ਰਾਇਲ ਜੰਗ ਦੌਰਾਨ ਅਮਰੀਕਾ ਦੇ ਇਸ ਜੰਗ ਵਿੱਚ ਸ਼ਾਮਲ ਹੋਣ ਨਾਲ ਇਹ ਖੇਤਰ ਵੱਡੇ ਤਨਾਓ ਦਾ ਕੇਂਦਰ ਬਣ ਗਿਆ ਹੈ। ਹੁਣ ਭਾਵੇਂ ਅਮਰੀਕਾ ਦੀ ਪਹਿਲ 'ਤੇ ਇਰਾਨ ਅਤੇ ਇਜ਼ਰਾਇਲ ਵਿਚਾਲੇ ਜੰਗਬੰਦੀ ਹੋ ਗਈ ਹੈ ਪਰ ਇਸ ਜੰਗਬੰਦੀ 'ਤੇ ਹੀ ਸਵਾਲ ਉਠ ਰਹੇ ਹਨ ਕਿਉਂਕਿ ਦੋਵੇਂ ਦੇਸ਼ ਹੀ ਇੱਕ ਦੂਜੇ 'ਤੇ ਜੰਗਬੰਦੀ ਦੀ ਉਲੰਘਣਾ ਕਰਨ ਦਾ ਦੋਸ਼ ਲਗਾ ਰਹੇ ਹਨ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਆਪਣੇ ਆਪ ਨੂੰ ਦੁਨੀਆ ਦਾ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਅਤੇ ਸ਼ਾਂਤੀ ਦਾ ਮਸੀਹਾ ਸਮਝਿਆ ਜਾ ਰਿਹਾ ਹੈ। ਟਰੰਪ ਵੱਲੋਂ ਰਾਸ਼ਟਰਪਤੀ ਦੀ ਚੋਣ ਜਿੱਤਣ ਤੋਂ ਪਹਿਲਾਂ ਹੀ ਐਲਾਨ ਕਰ ਦਿੱਤਾ ਗਿਆ ਸੀ ਕਿ ਉਹ ਅਮਰੀਕਾ ਦਾ ਰਾਸ਼ਟਰਪਤੀ ਬਣਨ ਤੋਂ ਬਾਅਦ ਤੁਰੰਤ ਹੀ ਰੂਸ ਅਤੇ ਯੂਕ੍ਰੇਨ ਵਿਚਾਲੇ ਹੋ ਰਹੀ ਜੰਗ ਬੰਦ ਕਰਵਾ ਦੇਣਗੇ। ਰਾਸ਼ਟਰਪਤੀ ਬਣਨ ਤੋਂ ਬਾਅਦ ਟਰੰਪ ਵੱਲੋਂ ਆਪਣਾ ਇਹ ਵਾਅਦਾ ਪੂਰਾ ਕਰਨ ਦੇ ਬਹੁਤ ਯਤਨ ਕੀਤੇ ਗਏ ਪਰ ਉਹਨਾਂ ਨੂੰ ਅਜੇ ਤੱਕ ਸਫ਼ਲਤਾ ਨਹੀਂ ਮਿਲੀ। ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਦੌਰਾਨ ਹੀ ਇਜ਼ਰਾਇਲ ਅਤੇ ਇਰਾਨ ਵਿਚਾਲੇ ਜੰਗ ਸ਼ੁਰੂ ਹੋ ਗਈ, ਜਿਸ ਵਿੱਚ ਅਮਰੀਕਾ ਨੇ ਵੀ ਸ਼ਾਮਲ ਹੋ ਕੇ ਇਰਾਨ ਉੱਪਰ ਹਵਾਈ ਹਮਲੇ ਕੀਤੇ। ਅਮਰੀਕਾ ਵੱਲੋਂ ਇਰਾਨ ਉੱਪਰ ਹਵਾਈ ਹਮਲਿਆਂ ਲਈ ਬਹਾਨਾ ਇਹ ਲਗਾਇਆ ਗਿਆ ਕਿ ਉਸ ਵੱਲੋਂ ਸਿਰਫ਼ ਇਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਬੰਬ ਸੁੱਟੇ ਗਏ ਹਨ ਅਤੇ ਇਰਾਨ ਦੇ ਰਿਹਾਇਸ਼ੀ ਖੇਤਰਾਂ 'ਤੇ ਬੰਬਾਰੀ ਨਹੀਂ ਕੀਤੀ ਗਈ। ਇਸ ਦੇ ਬਾਵਜੂਦ ਇਰਾਨ ਵਿੱਚ ਇਸ ਬੰਬਾਰੀ ਕਾਰਨ ਵੱਡੀ ਗਿਣਤੀ ਲੋਕ ਮਾਰੇ ਗਏ ਅਤੇ ਇਰਾਨ ਦੇ ਅਨੇਕਾਂ ਪਰਮਾਣੂ ਵਿਗਿਆਨੀ ਵੀ ਮਾਰੇ ਗਏ। ਇਰਾਨ ਵੱਲੋਂ ਵੀ ਇਸ ਦਾ ਬਦਲਾ ਲੈਣ ਲਈ ਜਵਾਬੀ ਹਮਲੇ ਕੀਤੇ ਗਏ। ਹੁਣ ਯੂ.ਐਨ.ਓ. ਵੱਲੋਂ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਤੋਂ ਬਾਅਦ ਅਮਰੀਕਾ ਦੀ ਪਹਿਲ 'ਤੇ ਇਜ਼ਰਾਇਲ ਅਤੇ ਇਰਾਨ ਵਿਚਾਲੇ ਜੰਗਬੰਦੀ ਹੋਈ ਹੈ।

ਪਿਛਲੇ ਕੁਝ ਸਮੇਂ ਤੋਂ ਵਿਸ਼ਵ ਵਿੱਚ ਪਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਹੈ, ਜੋ ਕਿ ਵਿਸ਼ਵ ਸ਼ਾਂਤੀ ਲਈ ਵੱਡਾ ਖਤਰਾ ਹੈ। ਹਰ ਦੇਸ਼ ਹੀ ਪਰਮਾਣੂ ਹਥਿਆਰ ਬਣਾਉਣ ਲਈ ਤਰਲੋਮੱਛੀ ਹੋ ਰਿਹਾ ਹੈ। ਭਾਰਤ ਅਤੇ ਪਾਕਿਸਤਾਨ ਵੀ ਪਰਮਾਣੂ ਹਥਿਆਰਾਂ ਨਾਲ ਸੰਪੰਨ ਦੇਸ਼ ਹਨ। ਭਾਰਤ ਨੂੰ ਤਾਂ ਜ਼ਿੰਮੇਵਾਰ ਮੁਲਕ ਸਮਝਿਆ ਜਾਂਦਾ ਹੈ ਅਤੇ ਭਾਰਤ ਵੱਲੋਂ ਕਈ ਵਾਰ ਦੁਹਰਾਇਆ ਵੀ ਗਿਆ ਹੈ ਕਿ ਉਸ ਵੱਲੋਂ ਪਰਮਾਣੂ ਹਥਿਆਰਾਂ ਦੀ ਵਰਤੋ 'ਚ ਪਹਿਲ ਨਹੀਂ ਕੀਤੀ ਜਾਵੇਗੀ ਅਤੇ ਇਹਨਾਂ ਦੀ ਵਰਤੋ ਵਿਸ਼ਵ ਭਲਾਈ ਲਈ ਹੀ ਕੀਤੀ ਜਾਵੇਗੀ। ਇਰਾਨ ਦੀ ਪਰਮਾਣੂ ਯੋਜਨਾ ਬਾਰੇ ਸਾਰੇ ਵਿਸ਼ਵ ਨੂੰ ਪਤਾ ਹੈ, ਉਸ ਵੱਲੋਂ ਪਹਾੜਾਂ ਉਹਲੇ ਪਰਮਾਣੂ ਪਲਾਂਟ ਲਗਾਏ ਹੋਏ ਹਨ। ਕਿਹਾ ਜਾਂਦਾ ਹੈ ਕਿ ਇਹ ਪਰਮਾਣੂ ਪਲਾਂਟ ਏਨੇ ਮਜ਼ਬੂਤ ਹਨ ਕਿ ਇਜ਼ਰਾਇਲ ਦੇ ਜਹਾਜ਼ ਵੀ ਇਹਨਾਂ ਨੂੰ ਭੇਦ ਨਹੀਂ ਸਕਦੇ। ਸਿਰਫ਼ ਅਮਰੀਕਾ ਕੋਲ ਹੀ ਅਜਿਹੇ ਸ਼ਕਤੀਸ਼ਾਲੀ ਜਹਾਜ਼ ਅਤੇ ਬੰਬ ਹਨ ਜੋ ਕਿ ਇਰਾਨ ਦੇ ਪਰਮਾਣੂ ਹਥਿਆਰਾਂ ਦੀ ਮਜ਼ਬੂਤੀ ਨੂੰ ਭੇਦ ਸਕਦੇ ਹਨ। ਇਰਾਨ ਨੂੰ ਪਰਮਾਣੂ ਹਥਿਆਰ ਬਣਾਉਣ ਤੋਂ ਰੋਕਣ ਲਈ ਪਹਿਲਾਂ ਅਮਰੀਕਾ ਅਤੇ ਇਰਾਨ ਵਿਚਾਲੇ ਇੱਕ ਸਮਝੌਤਾ ਵੀ ਹੋਇਆ ਸੀ ਪਰ ਬਾਅਦ ਵਿੱਚ ਇਹ ਸਮਝੌਤਾ ਟੁੱਟ ਗਿਆ, ਜਿਸ ਦਾ ਨਤੀਜਾ ਮੌਜੂਦਾ ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚਾਲੇ ਜੰਗ ਦੇ ਰੂਪ ਵਿੱਚ ਵੇਖਣ ਨੂੰ ਮਿਲਿਆ।

ਇਸ ਸਮੇਂ ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚਾਲੇ ਜੋ ਜੰਗਬੰਦੀ ਹੋਈ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਭਾਵੇਂ ਕਿ ਹੁਣ ਇਹ ਵੇਖਣ ਵਾਲੀ ਗੱਲ ਹੋਵੇਗੀ ਕਿ ਇਹ ਜੰਗਬੰਦੀ ਕਿੰਨਾ ਸਮਾਂ ਕਾਇਮ ਰਹਿੰਦੀ ਹੈ। ਇਸ ਜੰਗਬੰਦੀ ਨੂੰ ਲੰਬਾ ਸਮਾਂ ਕਾਇਮ ਰੱਖਣ ਲਈ ਸਾਰੀਆਂ ਧਿਰਾਂ ਨੂੰ ਸੰਜਮ ਵਰਤ ਕੇ ਆਪਸੀ ਮਸਲੇ ਗੱਲਬਾਤ ਰਾਹੀਂ ਹੱਲ ਕਰਨ ਦਾ ਰਾਹ ਅਪਨਾਉਣਾ ਚਾਹੀਦਾ ਹੈ ਅਤੇ ਪੂਰੀ ਦੁਨੀਆ ਵਿੱਚ 'ਵਿਸ਼ਵ ਸ਼ਾਂਤੀ' ਲਈ ਯਤਨ ਕਰਨੇ ਚਾਹੀਦੇ ਹਨ। ਯੂ.ਐਨ.ਓ. ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਨੂੰ 'ਵਿਸ਼ਵ ਨੂੰ ਜੰਗ ਦਾ ਅਖਾੜਾ' ਬਣਨ ਤੋਂ ਰੋਕਣ ਲਈ ਆਪਣੇ ਯਤਨ ਤੇਜ਼ ਕਰਨੇ ਚਾਹੀਦੇ ਹਨ ਤਾਂਕਿ ਦੁਨੀਆ ਭਰ ਦੇ ਲੋਕ ਸੁੱਖ ਸ਼ਾਂਤੀ ਨਾਲ ਰਹਿ ਸਕਣ।

# ਗਿਆਰਾਂ ਸਾਲ, ਗਿਆਰਾਂ ਦਿਨ ਕਾਰਗੁਜ਼ਾਰੀ ਕੀ ?





ਗੁਰਮੀਤ ਸਿੰਘ ਪਲਾਹੀ

**ਇੱਕ ਵਿਕਾਸਸ਼ੀਲ ਦੇਸ਼ ਆਪਣੀ ਤਰੱਕੀ ਦੀ ਵਾਰਤਾ ਵੱਡੇ ਅੰਕੜਿਆਂ 'ਚ ਦਿਖਾਉਂਦੇ ਹਨ। ਦੱਸਦੇ ਹਨ ਕਿ ਵੱਡੀ ਮਾਤਰਾ 'ਚ ਸਕੂਲ ਖੋਲੇ, ਸੜਕਾਂ ਦਾ ਨਿਰਮਾਣ ਹੋਇਆ ਹੈ। ਪਰ ਕੀ ਮਾਤਰਾ ਵਿੱਚ ਵਾਧਾ ਦੇਸ਼ ਦੀ ਤਰੱਕੀ ਹੈ ? ਕੀ ਚੰਗਾ ਰਾਜ ਪ੍ਰਬੰਧ ਹੈ ?**

26 ਮਈ 2014 ਨੂੰ ਭਾਜਪਾ ਆਗੂ ਨਰਿੰਦਰ ਮੋਦੀ ਨੇ ਦੇਸ਼ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ। ਗਿਆਰਾਂ ਸਾਲ, ਗਿਆਰਾਂ ਦਿਨ ਬੀਤ ਗਏ ਹਨ, ਉਹਨਾਂ ਨੂੰ ਇਹ ਸ਼ਕਤੀਸ਼ਾਲੀ ਅਹੁਦਾ ਸੰਭਾਲਿਆਂ।

ਮੋਦੀ ਦੇ ਸ਼ਬਦਾਂ ਦਾ ਸੰਖੇਪ ਜਾਣੀਏ ਤਾਂ ਉਹ ਇਹ ਕਹਿੰਦੇ ਹਨ ਕਿ ਇਸ ਸਮੇਂ ਵਿੱਚ ਉਹਨਾਂ ਉਹ ਕੰਮ ਕੀਤੇ ਹਨ, ਜਿਹੜੇ (ਆਜ਼ਾਦੀ ਦਿਹਾੜੇ) 15 ਅਗਸਤ 1947 ਜਾਂ (ਗਣਤੰਤਰ ਦਿਹਾੜੇ) 26 ਜਨਵਰੀ 1950 ਤੋਂ ਬਾਅਦ 2014 ਤੱਕ ਕਿਸੇ ਪ੍ਰਧਾਨ ਮੰਤਰੀ ਜਾਂ ਕਿਸੇ ਸਰਕਾਰ ਨੇ ਨਹੀਂ ਕੀਤੇ। ਉਹਨਾਂ ਤੋਂ ਪਹਿਲਾਂ ਸਾਰੇ ਪ੍ਰਧਾਨ ਮੰਤਰੀਆਂ ਨੇ ਤਾਂ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਹੀ ਕੀਤਾ ਹੈ, ਲੋਕਾਂ ਲਈ ਕੋਈ ਕੰਮ ਨਹੀਂ ਕੀਤਾ। ਗਿਆਰਾਂ ਸਾਲਾਂ, ਗਿਆਰਾਂ ਦਿਨਾਂ ਵਿੱਚ ਸਿਰਫ਼ ਉਹਨਾਂ ਨੇ ਹੀ ਦੇਸ਼ 'ਚ ਵਿਕਾਸ ਦੀਆਂ ਨੇਰ੍ਹੀਆਂ ਲਿਆ ਦਿੱਤੀਆਂ ਹਨ। ਲੋਕਾਂ ਦੇ ਪੈਰ੍ਹਾਂ ਥੱਲੇ ਮੱਖਮਲ ਵਿਛਾ ਦਿੱਤੀ ਹੈ। ਚੱਪਲਾਂ ਵਾਲੇ ਵੀ ਜਹਾਜ਼ੇ ਚੜ੍ਹਾ ਦਿੱਤੇ ਹਨ।

ਦੇਸ਼ 'ਚ ਅਮੀਰ ਅਤੇ ਵੱਡੇ ਅਮੀਰ 20 ਫ਼ੀਸਦੀ ਹਨ ਅਤੇ ਬਹੁਤ ਗਰੀਬ 20 ਫ਼ੀਸਦੀ ਹਨ। ਇਹਨਾਂ ਦੋਹਾਂ ਵਰਗਾਂ ਵਿੱਚ ਨਾ-ਬਰਾਬਰੀ ਇੰਨੀ ਵੱਡੀ ਹੈ ਕਿ ਨੇੜ ਭਵਿੱਖ ਵਿੱਚ ਇਹ ਖੱਪਾ ਪੂਰਾ ਹੋਣ ਦੇ ਕੋਈ ਆਸਾਰ ਹੀ ਨਹੀਂ। ਹੇਠਲੇ 20 ਫ਼ੀਸਦੀ ਲੋਕਾਂ 'ਚ ਡਰ ਦੀ ਭਾਵਨਾ ਹੈ, ਅਸੁਰੱਖਿਆ ਹੈ। ਦੇਸ਼ ਬਹੁ ਗਿਣਤੀ, ਸੰਪਰਦਾਇਕ ਅਤੇ ਜਾਤੀ ਸੰਘਰਸ਼ ਦਾ ਸਾਹਮਣਾ ਕਰ ਰਿਹਾ ਹੈ। ਨਫ਼ਰਤੀ ਭਾਸ਼ਣ ਅਤੇ ਲਿਖਤਾਂ, ਸਰਕਾਰਾਂ ਤੇ ਪੂੰਜੀਪਤੀਆਂ 'ਚ ਖੁੱਲਾ ਗੱਠਜੋੜ, ਅਪਰਾਧਿਕ ਰੁਚੀਆਂ 'ਚ ਵਾਧਾ, ਨਿਆਪਾਲਿਕਾ ਦਾ ਪਤਨ, ਸੰਘੀ ਢਾਂਚੇ 'ਚ ਤਰੇੜਾਂ ਨਹੀਂ ਦਰਾੜਾਂ ਅਤੇ ਵੱਧ ਰਹੀਆਂ ਹਾਕਮਾਂ ਦੀਆਂ ਡਿਕਟੇਟਰਾਨਾਂ ਰੁਚੀਆਂ ਨੇ ਦੇਸ਼ ਨੂੰ ਤਬਾਹੀ ਕੰਢੇ ਲਿਆ ਖੜਾ ਕੀਤਾ ਹੈ। ਕਿੱਡੀ ਵੱਡੀ ਹੈ ਇਹ ਪ੍ਰਾਪਤੀ ਇੰਨੇ ਵਰ੍ਹਿਆਂ 'ਚ!

ਸਿਖਰਲੇ ਅਤੇ ਹੇਠਲੇ ਵਰਗਾਂ ਦਾ ਅੰਤਰ ਅਤੇ ਸਿਖਰਲਿਆਂ ਨੂੰ ਬਖ਼ਸ਼ੀਆਂ ਜਾ ਰਹੀਆਂ ਹਕੂਮਤੀ ਸੁਵਿਧਾਵਾਂ ਇਸ ਗੱਲੋਂ ਪ੍ਰਮਾਣਿਤ ਹਨ ਕਿ ਅਹਿਮਦਾਬਾਦ ਅਤੇ ਮੁੰਬਈ ਵਿਚਕਾਰ ਚਲਾਈ ਜਾਣ ਵਾਲੀ ਬੁਲਟ ਟ੍ਰੇਨ ਪ੍ਰਯੋਜਨਾ ਉੱਤੇ 1,08,000 ਕਰੋੜ ਖ਼ਰਚੇ ਜਾਣੇ ਹਨ ਜਦ ਕਿ ਧਨ ਦੀ ਭਾਰੀ ਘਾਟ ਕਾਰਨ ਰੇਲ ਵਿੱਚ ਆਮ ਲੋਕਾਂ ਲਈ ਸੁਵਿਧਾਵਾਂ ਤਹਿਸ਼-ਨਹਿਸ਼ ਹੋਈਆਂ ਪਈਆਂ ਹਨ। 2014 ਤੋਂ 2025 ਵਿਚਕਾਰ 29,970 ਲੋਕ ਰੇਲ ਹਾਦਸਿਆਂ 'ਚ ਮਾਰੇ ਗਏ ਅਤੇ 30,214 ਜ਼ਖ਼ਮੀ ਹੋਏ, ਇਹ ਦੇਸ਼ ਦੇ ਸਭ ਤੋਂ ਵੱਡੇ ਮਹਿਕਮੇ 'ਚ ਵਾਪਰਿਆ ਹੈ।

ਦੇਸ਼ ਦੇ ਬਿਹਤਰ ਜੀਵਨ ਦੀ ਕੁੰਜੀ, ਉਸ ਦੇਸ਼ ਦੇ ਨਾਗਰਿਕ ਦੀ ਪ੍ਰਤੀ ਜੀਅ ਆਮਦਨ ਹੈ ਨਾ ਕਿ ਜੀ.ਡੀ.ਪੀ. ਦਾ ਆਕਾਰ। ਦੇਸ਼ ਦੀ ਪ੍ਰਤੀ ਜੀਅ ਆਮਦਨ 10 ਸਾਲਾਂ ਵਿੱਚ 1,438 ਅਮਰੀਕੀ ਡਾਲਰ ਤੋਂ 2,711 ਡਾਲਰ ਤੱਕ ਵਧੀ ਅਤੇ ਗਿਆਰਵੇਂ ਸਾਲ ਇਹ 2,878 ਤੱਕ ਪਹੁੰਚੀ। ਇਸ ਲਿਹਾਜ ਨਾਲ ਭਾਰਤ 196 ਦੇਸ਼ਾਂ ਵਿੱਚੋਂ 136ਵੇਂ ਸਥਾਨ 'ਤੇ ਹੈ। ਵਿਕਸਿਤ ਦੇਸ਼ ਬਣਨ ਲਈ ਕਿਸੇ ਦੇਸ਼ ਦੀ ਆਮਦਨ ਪ੍ਰਤੀ ਜੀਅ 14,000 ਡਾਲਰ ਜ਼ਰੂਰੀ ਹੈ। ਦੇਸ਼ ਦਾ ਆਮ ਨਾਗਰਿਕ ਕਦੋਂ ਇਸ ਆਮਦਨ ਪੱਧਰ 'ਤੇ ਪੁੱਜ ਸਕੇਗਾ? ਜਦ ਕਿ ਉਸ ਦੇ ਆਰਥਿਕ ਹਾਲਾਤ ਬਹੁਤ ਪਤਲੇ ਹਨ। ਪਰ ਦੇਸ਼ ਦਾ ਵੱਡਾ, ਵਿਸ਼ੇਸ਼ ਵਰਗ ਵੱਡੀਆਂ ਉਡਾਰੀਆਂ ਭਰ ਰਿਹਾ ਹੈ।

ਪਿਛਲੇ ਦਿਨੀਂ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਇਹ ਖਬਰ ਛਾਈ ਹੋਈ ਹੈ ਕਿ ਭਾਰਤ ਵਿੱਚ ਗਰੀਬੀ ਘੱਟ ਗਈ ਹੈ। ਗਰੀਬੀ ਤੋਂ ਹੇਠਲੇ ਪੱਧਰ 'ਤੇ ਬਹੁਤ ਘੱਟ ਲੋਕ ਰਹਿ ਗਏ ਹਨ। ਗਰੀਬੀ ਦੇ ਸ਼ਹਿਰਾਂ 'ਚ ਦਰਸ਼ਨ ਕਰਨੇ ਹੋਣ ਤਾਂ ਮੁੰਬਈ 'ਚ ਮਰੀਨ ਡਰਾਈਵ 'ਤੇ ਜਾਓ, ਪਤਾ ਲੱਗ ਜਾਏਗਾ ਕਿ ਦਹਾਕਿਆਂ ਤੋਂ ਇੱਥੇ ਲੋਕ ਬਿਨਾਂ ਛੱਤ ਤੋਂ ਬਸੇਰਾ ਕਰਦੇ ਹਨ। ਬੱਚੀਆਂ ਚੂੜੀਆਂ ਵੇਚ ਕੇ ਗੁਜ਼ਾਰਾ ਕਰਦੀਆਂ ਹਨ ਅਤੇ ਮਸਾਂ ਢਿੱਡ ਭਰਦੀਆਂ ਹਨ। ਹੈਰਾਨੀ ਵਾਲੀ ਗੱਲ ਹੈ ਕਿ ਕੀ ਇਹ ਗਰੀਬੀ ਨਹੀਂ? ਪਰ ਦੂਜੇ ਪਾਸੇ ਗਗਨ ਚੁੰਬੀ ਇਮਾਰਤਾਂ, ਹਾਈਵੇ ਵੱਧ ਰਹੇ ਹਨ। ਕਿਸ ਵਾਸਤੇ ਤੇ ਕਿਉਂ?

ਯਾਦ ਕਰ ਸਕਦੇ ਹੋ ਕਰੋਨਾ ਕਾਲ ਨੂੰ ਜਦੋਂ ਸ਼ਹਿਰਾਂ ਚੋਂ ਕੰਮ ਕਰਦੇ ਮਜ਼ਦੂਰ ਫੈਕਟਰੀਆਂ ਤੇ ਕਾਰੋਬਾਰ ਬੰਦ ਹੋਣ ਕਾਰਨ, ਪੈਦਲ ਆਪਣੇ ਪਿਛਲੇ ਪਿੰਡਾਂ ਤੱਕ ਚਾਲੇ ਪਾ ਗਏ। ਸਿਰਫ਼ ਮਗਨਰੇਗਾ ਹੀ ਇਕ ਸਕੀਮ ਸੀ, ਜਿਸ ਅਧੀਨ ਇਹ ਕਾਮੇ ਪਿੰਡਾਂ 'ਚ ਕੰਮ 'ਤੇ ਲੱਗੇ ਤੇ ਮਜ਼ਦੂਰਾਂ ਪ੍ਰਤੀ ਦਿਨ 250 ਰੁਪਏ ਪ੍ਰਾਪਤ ਕਰ ਸਕੇ, ਉਹ ਵੀ ਸਾਲ ਦੇ 100 ਦਿਨ ਪਰ ਭੁੱਖੇ ਮਰਨੋਂ ਬਚੇ ਰਹੇ। ਇਸ ਕਾਲ ਦੀ ਪ੍ਰਾਪਤੀ ਵੇਖੋ, ਸੈਂਕੜੇ ਹੋਰ ਧਨਾਡ ਅਰਬਪਤੀਆਂ ਦੀ ਲਿਸਟ ਵਿੱਚ ਸ਼ਾਮਿਲ ਹੋ ਗਏ।

ਪਰ ਸਵਾਲ ਹੈ ਕਿ 11 ਸਾਲਾਂ 11 ਦਿਨਾਂ ਦੇ ਸ਼ਾਸਨ ਕਾਲ 'ਚ ਕਿ ਮੋਦੀ ਦੀ ਸਰਕਾਰ ਗਰੀਬੀ ਹਟਾਉਣ ਦੇ ਨਵੇਂ ਢੰਗ ਤਰੀਕੇ, ਸਾਧਨ ਲੱਭ ਸਕੀ? ਉਸ ਵੱਲੋਂ ਮਗਨਰੇਗਾ ਨੂੰ ਨਿੰਦਿਆ ਗਿਆ। ਪਹਿਲੀਆਂ ਚਲਦੀਆਂ ਵਿਕਾਸ ਸਕੀਮਾਂ ਦੇ ਰੰਗ-ਢੰਗ ਬਦਲ ਦਿੱਤੇ ਗਏ। ਹੁਣ ਯੋਜਨਾਵਾਂ ਬਣਦੀਆਂ ਹਨ ਉਹ, ਜਿਹੜੀਆਂ ਹਾਕਮਾਂ ਪੱਲੇ ਵੋਟ ਪਾਉਂਦੀਆਂ ਹਨ। ਮਹਾਰਾਸ਼ਟਰ ਸੂਬੇ ਦੀ ਚੋਣ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੇ 'ਲਾਡਲੀ ਬਹਿਨਾ' ਯੋਜਨਾ ਬਣਾ ਲਈ। ਜਾਂ ਫਿਰ ਸਰਕਾਰਾਂ ਇਹੋ ਜਿਹੇ ਢੰਗ ਤਰੀਕੇ ਲੱਭਦੀਆਂ ਹਨ ਲੋਕਾਂ ਨੂੰ ਖੈਰਾਤ ਵੰਡਣ ਦੇ, ਜਿਸ ਨਾਲ ਉਨਾਂ ਦੀ ਪਾਰਟੀ ਤਾਕਤ 'ਚ ਆਉਂਦੀ ਹੈ। ਇਹ ਖੈਰਾਤਾਂ ਲੈਣ ਲਈ ਲੰਬੀਆਂ ਕਤਾਰਾਂ ਲੱਗਦੀਆਂ ਹਨ, ਕਿੰਨਾਂ ਲੋਕਾਂ ਦੀਆਂ ਆਖ਼ਰ? ਬਿਨਾਂ ਸ਼ੱਕ ਗਰੀਬਾਂ ਦੀਆਂ । 80 ਕਰੋੜ ਇਹੋ ਗਰੀਬ ਲੋਕ ਉਹ ਮੁਫ਼ਤ ਦਾ ਰਾਸ਼ਨ ਪ੍ਰਾਪਤ ਕਰਦੇ ਹਨ ਤਾਂ ਫਿਰ ਗਰੀਬਾਂ ਦੀ ਲਿਸਟ ਕਿਵੇਂ ਘਟੀ? 4,026 ਦਿਨਾਂ ਦੀ ਮੋਦੀ ਹਕੂਮਤ ਆਮ ਲੋਕਾਂ ਪੱਲੇ ਕੀ ਪਾ ਸਕੀ?

ਇੱਕ ਵਿਕਾਸਸ਼ੀਲ ਦੇਸ਼ ਆਪਣੀ ਤਰੱਕੀ ਦੀ ਵਾਰਤਾ ਵੱਡੇ ਅੰਕੜਿਆਂ 'ਚ ਦਿਖਾਉਂਦੇ ਹਨ। ਦੱਸਦੇ ਹਨ ਕਿ ਵੱਡੀ ਮਾਤਰਾ 'ਚ ਸਕੂਲ ਖੋਲੇ, ਸੜਕਾਂ ਦਾ ਨਿਰਮਾਣ ਹੋਇਆ ਹੈ। ਪਰ ਕੀ ਮਾਤਰਾ ਵਿੱਚ ਵਾਧਾ ਦੇਸ਼ ਦੀ ਤਰੱਕੀ ਹੈ? ਕੀ ਚੰਗਾ ਰਾਜ ਪ੍ਰਬੰਧ ਹੈ? ਚੰਗਾ ਰਾਜ ਪ੍ਰਬੰਧ ਉਸਨੂੰ ਮੰਨਿਆ ਜਾਂਦਾ ਹੈ ਜਦ ਦੇਸ਼ 'ਚ ਸਾਰਿਆਂ ਲਈ ਵਧੀਆ, ਮਜ਼ਬੂਤ ਅਤੇ ਨਿਆ ਸੰਗਤ ਵਿਵਸਥਾ ਹੋਵੇ ਅਤੇ ਹਰ ਵਿਅਕਤੀਆਂ ਨੂੰ ਸੰਤੁਸ਼ਟੀ ਹੋਵੇ ਕਿ ਉਸਦਾ ਅਤੇ ਉਸਦੇ ਪਰਿਵਾਰ ਦਾ ਭਵਿੱਖ ਹੋਰ ਵੀ ਚੰਗੇਰਾ ਬਣੇਗਾ। ਪਰ 11 ਸਾਲ 11 ਦਿਨ ਚੰਗਾ ਰਾਜ ਪ੍ਰਬੰਧ ਨਹੀਂ ਦੇ ਸਕਿਆ। ਕੀ ਮੋਦੀ ਦੱਸ ਸਕਦੇ ਹਨ ਕਿ ਕਿੰਨੇ ਲੱਖ ਲੋਕਾਂ ਦਾ ਜੀਵਨ ਪੱਧਰ ਵਧਿਆ? ਕਿੰਨੇ ਲੱਖ ਲੋਕਾਂ ਨੂੰ ਬਿਹਤਰ ਰੁਜ਼ਗਾਰ ਮਿਲਿਆ। ਕੀ ਲੋਕ ਇਸ ਸਮੇਂ ਦੌਰਾਨ ਬੇਰੁਜ਼ਗਾਰੀ, ਗਰੀਬੀ ਤੋਂ ਡਰ ਰਹਿਤ ਹੋ ਸਕੇ?

ਇਸ ਤੋਂ ਵੀ ਵੱਡੀ ਗੱਲ ਇਹ ਜਾਨਣ ਵਾਲੀ ਹੈ ਕਿ ਇਸ ਸਮੇਂ ਦੌਰਾਨ ਕਿ ਭਾਰਤ 'ਚ ਨਿਆਂ ਸੰਗਤ ਵਿਵਸਥਾ ਬਣ ਸਕੀ ਹੈ? ਕੀ ਕਾਨੂੰਨ ਵਿਵਸਥਾ ਚੰਗੀ ਹੋਈ ਹੈ? ਕੀ ਲੋਕ ਪਹਿਲਾਂ ਨਾਲੋਂ ਸੌਖਾ ਮਹਿਸੂਸ ਕਰ ਸਕੇ ਹਨ? ਕੀ ਔਰਤਾਂ ਮਾਨਸਿਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੀਆਂ ਹਨ?

ਇਹਨਾਂ ਸਾਲਾਂ 'ਚ ਵੱਡੀਆਂ ਸ਼ਰਮਨਾਕ ਘਟਨਾਵਾਂ ਵਾਪਰੀਆਂ ਹਨ। ਮਣੀਪੁਰ, ਦਿੱਲੀ ਅਤੇ ਦੇਸ਼ ਦੇ ਹੋਰ ਕਈ ਥਾਵਾਂ ਉੱਤੇ ਫਿਰਕੂ ਫਸਾਦ ਹੋਏ, ਉਸ ਕਾਰਨ ਦੇਸ਼ ਦੇ ਘੱਟ ਗਿਣਤੀ ਲੋਕ ਅਸੁਰੱਖਿਅਤ ਹੋਏ। ਕਈ ਹਾਲਤਾਂ 'ਚ ਘੱਟ ਗਿਣਤੀ ਲੋਕ ਆਪਣੇ-ਆਪ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨਣ ਲੱਗ ਪਏ, ਜਿਹੜੇ ਲਗਾਤਾਰ ਧਾਰਮਿਕ ਬਹੁ ਗਿਣਤੀ ਲੋਕਾਂ ਦੇ ਧੱਕੇ, ਧੌਂਸ ਦਾ ਸ਼ਿਕਾਰ ਹੋਏ ਹਨ।

2014 'ਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਂਗਡੋਰ ਸੰਭਾਲੀ ਸੀ ਤਾਂ ਦੇਸ਼ ਦੀ ਪਾਰਲੀਮੈਂਟ 'ਚ ਗਿਣਤੀ ਦੇ ਕੁਝ ਵਿਅਕਤੀ ਹੀ ਸਨ, ਜਿਨਾਂ ਉਤੇ ਅਪਰਾਧਿਕ ਕੇਸ ਦਰਜ ਸਨ। ਮੋਦੀ ਨੇ ਐਲਾਨਿਆ ਸੀ ਕਿ ਕਿਸੇ ਉਸ ਵਿਅਕਤੀ ਨੂੰ ਦੇਸ਼ ਦੀ ਕਾਨੂੰਨ ਘੜਨੀ ਸਭਾ 'ਚ ਬੈਠਣ ਦੀ ਆਗਿਆ ਉਹ ਅੱਗੋਂ ਤੋਂ ਨਹੀਂ ਦੇਣਗੇ, ਜਿਨਾਂ 'ਤੇ ਅਪਰਾਧਿਕ ਮਾਮਲੇ ਹਨ। ਪਰ 2024 ਦੀ ਪਾਰਲੀਮੈਂਟ 'ਚ 46 ਫ਼ੀਸਦੀ ਮੈਂਬਰ ਪਾਰਲੀਮੈਂਟ, ਅਪਰਾਧਿਕ ਕੇਸਾਂ ਵਾਲੇ ਬੈਠੇ ਹਨ। ਇਹ ਪਿਛਲੇ ਸਮੇਂ ਦੀ ਰਿਕਾਰਡ ਗਿਣਤੀ ਹੈ। ਕੀ ਇਸ ਨੂੰ 11 ਸਾਲਾਂ ਦੀ ਵੱਡੀ ਪ੍ਰਾਪਤੀ 'ਚ ਸ਼ਾਮਿਲ ਕੀਤਾ ਜਾਵੇ ਕਿ ਦੇਸ਼ 'ਚ ਧਨ ਕੁਬੇਰ ਅਪਰਾਧਿਕ ਪਿਛੋਕੜ ਵਾਲੇ ਧੱਕੜ ਲੋਕਾਂ ਦਾ ਕਬਜ਼ਾ ਹੋ ਗਿਆ ਹੈ? ਕੀ ਇਹਨਾਂ ਤੋਂ ਆਮ ਆਦਮੀ ਨੂੰ ਕੋਈ ਇਨਸਾਫ਼ ਮਿਲਣ ਦੀ ਤਵੱਕੋ ਹੈ ?

ਦੇਸ਼ ਦੀ ਸਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਹੱਥਾਂ 'ਚ ਕੇਂਦਰਿਤ ਹੈ। ਸਵੇਰੇ-ਸ਼ਾਮ ਉਨਾਂ ਦੇ ਨਾਂ ਦੀ ਮਾਲਾ ਮੀਡੀਆ 'ਚ ਜਪੀ ਜਾਂਦੀ ਹੈ। ਪਾਰਟੀ ਪੱਧਰ ਉੱਤੇ ਉਹਨਾਂ ਦਾ ਵੱਡਾ ਜਸ ਗਾਇਆ ਜਾਂਦਾ ਹੈ। ਇਨਾਂ ਸ਼ਕਤੀਆਂ ਦੇ ਬਾਵਜੂਦ ਜੇਕਰ ਦੇਸ਼ ਬਿਹਤਰ, ਜ਼ਿਆਦਾ ਮਜ਼ਬੂਤ ਅਤੇ ਨਿਆ ਸੰਗਤ ਨਹੀਂ ਬਣਦਾ ਤਾਂ ਉਸ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ ਤਾਂ ਲੱਗਣਗੇ ਹੀ।

ਰਾਜ ਭਾਗ ਦੇ ਇੰਨੇ ਸਾਲਾਂ ਚ ਮੋਦੀ ਨੇ ਅੱਧੇ ਤੋਂ ਵੱਧ ਦੁਨੀਆਂ ਦੇ ਦੇਸ਼ਾਂ ਦਾ ਦੌਰਾ ਕਰ ਲਿਆ ਆਪਣੀ ਸਖਸ਼ੀਅਤ ਦੇ ਉਭਾਰ ਲਈ। ਉਹਨਾਂ ਨੇ ਕਿੰਨੇ ਦੇਸ਼ ਮਿੱਤਰ ਬਣਾਏ, ਉਹ ਇਸ ਗੱਲ ਤੋਂ ਵੇਖਿਆ ਜਾ ਸਕਦਾ ਹੈ ਕਿ ਪਾਕਿਸਤਾਨ ਨਾਲ ਕੁਝ ਦਿਨਾਂ ਦੀ ਲੜਾਈ ਦੌਰਾਨ ਕੋਈ ਵੀ ਦੇਸ਼ ਉਹਨਾਂ ਨਾਲ ਨਹੀਂ ਖੜਿਆ, ਅਮਰੀਕਾ ਵੀ ਨਹੀਂ। ਉਹਨਾਂ ਇਹਨਾਂ ਸਾਲਾਂ 'ਚ ਦੇਸ਼ ਦੀ ਵਿਦੇਸ਼ੀ ਨੀਤੀ ਨਾਲ ਜਿਵੇਂ ਖਿਲਵਾੜ ਕੀਤਾ, ਉਨਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਤਾਂ ਉੱਠਣਗੇ ਹੀ।

11 ਸਾਲ, 11 ਦਿਨਾਂ ਦਾ ਸਮਾਂ ਕੋਈ ਘੱਟ ਨਹੀਂ ਹੁੰਦਾ। ਇਸ ਸਮੇਂ ਨੂੰ 'ਸਭ ਕਾ ਸਾਥ ਸਭ ਕਾ ਵਿਕਾਸ' ਲਈ ਵਰਤਿਆ ਜਾ ਸਕਦਾ ਹੈ। ਪਰ ਵਿਕਾਸ ਤਾਂ ਉਹਨਾਂ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤਾ ਜਾਂ ਕਰਵਾਇਆ। ਦੇਸ਼ ਦੇ ਸੰਘੀ ਢਾਂਚੇ ਨੂੰ ਸੱਟ ਮਾਰੀ, ਧਾਰਮਿਕ ਘੱਟ ਗਿਣਤੀਆਂ ਦਾ ਵਿਸ਼ਵਾਸ ਤਾਰ-ਤਾਰ ਕੀਤਾ, ਸੰਵਿਧਾਨ ਦੀਆਂ ਪਰੰਪਰਾਵਾਂ ਨੂੰ ਤੋੜ ਕੇ ਵਿਰੋਧੀ ਸਰਕਾਰਾਂ ਤੋੜੀਆਂ, ਖੁਦ ਮੁਖਤਾਰ ਸੰਸਥਾਵਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ, ਨਿਆਪਾਲਿਕਾ ਨੂੰ ਕਮਜ਼ੋਰ ਕਰਨ ਲਈ ਯਤਨ ਕੀਤੇ, ਵਿਚਾਰਾਂ ਦੀ ਆਜ਼ਾਦੀ ਉੱਤੇ ਵੱਡੀ ਸੱਟ ਮਾਰੀ, ਆਪਣੇ ਵਿਰੋਧੀਆਂ ਨੂੰ ਜੇਲਾਂ 'ਚ ਡਕਿਆ। ਤਾਂ ਫਿਰ ਮੋਦੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਤਾਂ ਉੱਠਣੇ ਹੀ ਸਨ, ਜੋ ਉੱਠ ਰਹੇ ਹਨ।



# ਪੱਛਮੀ ਏਸ਼ੀਆ ਵਿੱਚ ਫ਼ੈਲੇ ਤਣਾਅ ਨੂੰ ਦੂਰ ਕਰਨ ਲਈ ਅੱਗੇ ਆਵੇ ਆਲਮੀ ਭਾਈਚਾਰਾ



ਵਿਵੇਕ ਕਾਟਜੂ

ਇਰਾਨ ’ਤੇ ਇਜ਼ਰਾਇਲ ਦੇ ਹਮਲੇ ਅਤੇ ਫਿਰ ਇਰਾਨ ਦੀ ਜਵਾਬੀ ਕਾਰਵਾਈ ਨੇ ਪੱਛਮੀ ਏਸ਼ੀਆ ਵਿੱਚ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਪਹਿਲਾਂ ਇਜ਼ਰਾਇਲ ਨੇ ਇਰਾਨ ਦੇ ਪਰਮਾਣੂ ਟਿਕਾਣਿਆਂ ਅਤੇ ਵਿਗਿਆਨੀਆਂ ਨੂੰ ਨਿਸ਼ਾਨਾ ਬਣਾਇਆ ਤਾਂ ਜਵਾਬ ਵਿੱਚ ਇਰਾਨ ਨੇ ਤਲ ਅਵੀਵ ਸਮੇਤ ਕਈ ਬਸਤੀਆਂ ’ਤੇ ਖ਼ਤਰਨਾਕ ਹਮਲੇ ਕੀਤੇ। ਇਹ ਹਿੰਸਕ ਟਕਰਾਅ ਕਿਸ ਮੋੜ ’ਤੇ ਅਤੇ ਕਦੋਂ ਤੱਕ ਸਮਾਪਤ ਹੁੰਦਾ ਹੈ, ਉਸ ਨੂੰ ਲੈ ਕੇ ਤਾਂ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇੰਨਾ ਤੈਅ ਹੈ ਕਿ ਇਸ ਨੇ ਭਾਰਤੀ ਵਿਦੇਸ਼ ਨੀਤੀ ਅੱਗੇ ਇੱਕ ਵੱਡੀ ਦੁਚਿੱਤੀ ਖੜ੍ਹੀ ਕਰ ਦਿੱਤੀ ਹੈ। ਇਜ਼ਰਾਇਲ ਦੇ ਨਾਲ ਭਾਰਤ ਦੇ ਰੱਖਿਆ ਤੋਂ ਲੈ ਕੇ ਤਕਨੀਕ ਤੱਕ ਵਿਆਪਕ ਹਿੱਤ ਜੁੜੇ ਹੋਏ ਹਨ। ਓਥੇ ਹੀ ਇਰਾਨ ਨਾਲ ਭਾਰਤ ਦੇ ਇਤਿਹਾਸਕ ਸਬੰਧ ਰਹੇ ਹਨ। ਭਾਰਤ ਵਿੱਚ ਕਰੋੜਾਂ ਸ਼ੀਆ ਮੁਸਲਮਾਨ ਰਹਿੰਦੇ ਹਨ ਅਤੇ ਇਰਾਨ ਸ਼ੀਆ ਸਮੁਦਾਇ ਦਾ ਆਲਮੀ ਨੇਤਾ ਮੰਨਿਆ ਜਾਂਦਾ ਹੈ।

ਇਸ ਤੋਂ ਇਲਾਵਾ ਇਰਾਨ ਊਰਜਾ ਸੋਮਿਆਂ ਨਾਲ ਵੀ ਸਪੰਨ ਹੈ। ਚਾਬਹਾਰ ਬੰਦਰਗਾਹ ਦੀਆਂ ਸਮਰੱਥਾਵਾਂ ਦਾ ਪੂਰੀ ਤਰ੍ਹਾਂ ਫ਼ਾਇਦਾ ਨਾ ਲਿਆ ਜਾ ਸਕਣ ਦੇ ਬਾਵਜੂਦ ਉਹ ਕੁਨੈਕਟੀਵਿਟੀ ਦੀ ਇੱਕ ਅਹਿਮ ਕੜੀ ਹੈ। ਇਸ ਮਾਮਲੇ ਨਾਲ ਕਈ ਹੋਰ ਮਹੱਤਵਪੂਰਨ ਪਹਿਲੂ ਵੀ ਜੁੜੇ ਹੋਏ ਹਨ। ਖਾੜੀ ਦੇਸ਼ਾਂ ਵਿੱਚ ਭਾਰਤ ਦੇ ਰੱਖਿਆ, ਆਰਥਿਕ ਅਤੇ ਵਣਜ ਹਿੱਤ ਜੁੜੇ ਹੋਏ ਹਨ। ਇਸੇ ਕੜੀ ਵਿੱਚ ਸੰਯੁਕਤ ਅਰਬ ਅਮੀਰਾਤ ਯਾਨੀ ਯੂ.ਏ.ਈ. ਭਾਰਤ ਦੇ ਸਭ ਤੋਂ ਵੱਡੇ ਵਪਾਰਕ ਜੋਟੀਦਾਰਾਂ ’ਚੋਂ ਇਕ ਦੇ ਤੌਰ ’ਤੇ ਉੱਭਰਿਆ ਹੈ। ਕੁਵੈਤ, ਕਤਰ ਅਤੇ ਯੂ.ਏ.ਈ. ਤੋਂ ਇਲਾਵਾ ਸਾਊਦੀ ਅਰਬ ਤੇਲ ਅਤੇ ਗੈਸ ਦੇ ਪ੍ਰਮੁੱਖ ਸਪਲਾਇਰ ਹਨ। ਇਹ ਵੀ ਕਾਬਿਲੇਗ਼ੌਰ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਲਗਪਗ 90 ਲੱਖ ਭਾਰਤੀ ਆਪਣੀ ਰੋਜ਼ੀ-ਰੋਟੀ ਲਈ ਵਸੇ ਹੋਏ ਹਨ। ਰੈਮਿਟੈਂਸ ਜ਼ਰੀਏ ਉਹ ਦੇਸ਼ ਪ੍ਰਤੀ ਅਹਿਮ ਆਰਥਿਕ ਯੋਗਦਾਨ ਦੇ ਰਹੇ ਹਨ। ਅਜਿਹੇ ਵਿੱਚ ਭਾਰਤ ਲਈ ਇਹ ਮਹੱਤਵਪੂਰਨ ਹੋਵੇਗਾ ਕਿ ਇਹ ਤਣਾਅ ਇਨ੍ਹਾਂ ਦੇਸ਼ਾਂ ਤੱਕ ਨਾ ਫੈਲੇ। ਕਿਸੇ ਇਲਾਕੇ ਵਿੱਚ ਜੇ ਹਿੰਸਾ ਭੜਕੀ ਹੋਈ ਹੋਵੇ ਤਾਂ ਉੱਥੋਂ ਲੱਖਾਂ ਲੋਕਾਂ ਨੂੰ ਕੱਢਣਾ ਇੱਕ ਵੱਡੀ ਚੁਣੌਤੀ ਬਣ ਜਾਂਦੀ ਹੈ। ਇਸ ਲਈ ਇਸ ਹਿੰਸਕ ਟਕਰਾਅ ਦਾ ਜਲਦ ਤੋਂ ਜਲਦ ਰੁਕਣਾ ਹੀ ਸਹੀ ਹੋਵੇਗਾ। ਇਸ ਦੌਰਾਨ ਇਰਾਨ ਨੇ ਧਮਕੀ ਦਿੱਤੀ ਹੈ ਕਿ ਜੇ ਅਮਰੀਕਾ, ਬ੍ਰਿਟੇਨ ਜਾਂ ਫਰਾਂਸ ਉਸ ਦੇ ਹਮਲਿਆਂ ਤੋਂ ਇਜ਼ਰਾਈਲ ਨੂੰ ਬਚਾਉਣ ਲਈ ਅੱਗੇ ਆਉਂਦੇ ਹਨ ਤਾਂ ਉਹ ਇਸ ਖੇਤਰ ਵਿੱਚ ਇਨ੍ਹਾਂ ਦੇਸ਼ਾਂ ਦੇ ਹਿੱਤਾਂ ਨੂੰ ਨਿਸ਼ਾਨਾ ਬਣਾ ਸਕਦਾ ਹੈ।



ਹਾਲਾਤ ਨੂੰ ਭਾਂਪਦੇ ਹੋਏ ਭਾਰਤ ਨੇ ਹਾਲ ਹੀ ਵਿੱਚ ਇੱਕ ਵਿਵੇਕਸ਼ੀਲ ਬਿਆਨ ਜਾਰੀ ਕੀਤਾ। ਵਿਦੇਸ਼ ਮੰਤਰਾਲੇ ਨੇ ਇਸ ਟਕਰਾਅ ’ਤੇ ਚਿੰਤਾ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਭਾਰਤ ਹਾਲਾਤ ’ਤੇ ਨਜ਼ਰ ਰੱਖ ਰਿਹਾ ਹੈ। ਦੋਵਾਂ ਧਿਰਾਂ ਨੂੰ ਸੰਜਮ ਵਰਤਣ ਦੀ ਸਲਾਹ ਦਿੰਦੇ ਹੋਏ ਵਿਦੇਸ਼ ਮੰਤਰਾਲੇ ਨੇ ਕਿਹਾ, ‘ਦੋਵਾਂ ਧਿਰਾਂ ਨੂੰ ਟਕਰਾਅ ਵਧਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਮੁੱਦਿਆਂ ਨੂੰ ਸੁਲਝਾਉਣ ਅਤੇ ਹਾਲਾਤ ਨੂੰ ਸ਼ਾਂਤ ਕਰਨ ਲਈ ਸੰਵਾਦ ਅਤੇ ਕੂਟਨੀਤੀ ਦੇ ਮੌਜੂਦਾ ਚੈਨਲਾਂ ਦਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਭਾਰਤ ਦੇ ਦੋਵਾਂ ਦੇਸ਼ਾਂ ਨਾਲ ਦੋਸਤਾਨਾ ਸਬੰਧ ਹਨ ਅਤੇ ਉਹ ਕੋਈ ਵੀ ਸਹਾਇਤਾ ਕਰਨ ਲਈ ਤਤਪਰ ਹੈ।’ ਇਜ਼ਰਾਇਲ ਨੇ ਜਿਸ ਦਿਨ ਹਮਲਾ ਕੀਤਾ, ਉਸੇ ਦਿਨ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ ’ਤੇ ਆਪਣੀ ਕਾਰਵਾਈ ਤੋਂ ਜਾਣੂ ਕਰਵਾਇਆ। ਓਥੇ ਹੀ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਜ਼ਰਾਇਲ ਅਤੇ ਇਰਾਨ ਦੇ ਵਿਦੇਸ਼ ਮੰਤਰੀਆਂ ਨਾਲ ਗੱਲ ਕੀਤੀ। ਬਹੁ-ਪੱਧਰੀ ਮੰਚਾਂ ’ਤੇ ਵੀ ਭਾਰਤ ਇਸ ਸਮੇਂ ਇਰਾਨ ਜਾਂ ਇਜ਼ਰਾਇਲ ’ਚੋਂ ਕਿਸੇ ਇੱਕ ਧਿਰ ਦੇ ਪਿੱਛੇ ਨਹੀਂ ਖੜ੍ਹਾ ਹੋਇਆ ਹੈ। ਸ਼ੰਘਾਈ ਸਹਿਯੋਗ ਸੰਗਠਨ ਯਾਨੀ ਐੱਸ.ਸੀ.ਓ. ਦੁਆਰਾ 14 ਜੂਨ ਨੂੰ ਜਾਰੀ ਬਿਆਨ ਵਿੱਚ ਭਾਰਤ ਨੇ ਇਹੀ ਰੁਖ਼ ਅਪਣਾਇਆ। ਐੱਸ.ਸੀ.ਓ. ਨੇ ਬਹੁਤ ਸਖ਼ਤ ਸ਼ਬਦਾਂ ਵਿੱਚ ਇਜ਼ਰਾਇਲੀ ਹਮਲੇ ਦੀ ਨਿੰਦਾ ਕੀਤੀ। ਇਰਾਨ ਵੀ ਐੱਸ.ਸੀ.ਓ. ਦਾ ਇੱਕ ਮੈਂਬਰ ਹੈ। ਬਿਆਨ ਵਿੱਚ ਕਿਹਾ ਗਿਆ ਕਿ ਇਰਾਨ ਦਾ ਨਾਗਰਿਕ ਬੁਨਿਆਦੀ ਢਾਂਚਾ, ਜਿਸ ਵਿੱਚ ਊਰਜਾ ਤੇ ਢੋਆ-ਢੁਆਈ ਸਹੂਲਤਾਂ ਵੀ ਸ਼ਾਮਲ ਹਨ, ’ਤੇ ਇਜ਼ਰਾਇਲੀ ਹਮਲੇ ਨਾਲ ਕਈ ਨਾਗਰਿਕਾਂ ਦੀ ਮੌਤ ਹੋਈ। ਇਹ ਕੌਮਾਂਤਰੀ ਕਾਨੂੰਨਾਂ ਦੀ ਘੋਰ ਉਲੰਘਣਾ ਅਤੇ ਵਿਸ਼ਵ ਪੱਧਰੀ ਸ਼ਾਂਤੀ ਤੇ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਾਲਾ ਕਦਮ ਹੈ। ਦਿਲਚਸਪ ਗੱਲ ਇਹ ਰਹੀ ਕਿ ਐੱਸ.ਸੀ.ਓ. ਦੇ ਬਿਆਨ ਵਿੱਚ ਇਰਾਨ ਦੇ ਪਰਮਾਣੂ ਪ੍ਰੋਗਰਾਮ ਦਾ ਵੀ ਜ਼ਿਕਰ ਸੀ। ਇਸ ਸਬੰਧ ਵਿੱਚ ਉਸ ਦਾ ਇਹੀ ਕਹਿਣਾ ਸੀ ਕਿ ਅਜਿਹੇ ਮਾਮਲੇ ਸ਼ਾਂਤੀਪੂਰਨ ਕੂਟਨੀਤਕ ਅਤੇ ਰਾਜਨੀਤਕ ਮਾਧਿਅਮਾਂ ਜ਼ਰੀਏ ਸੁਲਝਾਏ ਜਾਣੇ ਚਾਹੀਦੇ ਹਨ। ਇਸ ਸਮੇਂ ਚੀਨ, ਰੂਸ, ਭਾਰਤ, ਪਾਕਿਸਤਾਨ, ਇਰਾਨ ਤੇ ਮੱਧ ਏਸ਼ਿਆਈ ਗਣਤੰਤਰ (ਤੁਰਕਮੇਨਿਸਤਾਨ ਨੂੰ ਛੱਡ ਕੇ) ਐੱਸ.ਸੀ.ਓ. ਦੇ ਮੈਂਬਰ ਹਨ। ਸਪਸ਼ਟ ਹੈ ਕਿ ਚੀਨ ਤੇ ਰੂਸ ਨੇ ਮਜ਼ਬੂਤੀ ਨਾਲ ਇਰਾਨ ਦਾ ਪੱਖ ਲਿਆ ਹੈ ਜਦਕਿ ਭਾਰਤ ਉਨ੍ਹਾਂ ਦੇ ਇਸ ਰੁਖ਼ ਨਾਲ ਆਪਣਾ ਕੋਈ ਸਰੋਕਾਰ ਨਹੀਂ ਰੱਖਣਾ ਚਾਹੁੰਦਾ।

ਇਸੇ ਲਈ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਆਪਣੇ ਇਰਾਨੀ ਹਮਰੁਤਬਾ ਨੂੰ ਕਿਹਾ ਕਿ ਇਹ ਘਟਨਾਚੱਕਰ ਕੌਮਾਂਤਰੀ ਭਾਈਚਾਰੇ ਲਈ ਘੋਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਤਣਾਅ ਨੂੰ ਹੋਰ ਵਧਾਉਣ ਦੀ ਥਾਂ ਜਲਦ ਤੋਂ ਜਲਦ ਕੂਟਨੀਤਕ ਪੱਧਰ ’ਤੇ ਯਤਨ ਕੀਤੇ ਜਾਣ। ਇਸ ਸਿਲਸਿਲੇ ਵਿੱਚ ਵਿਦੇਸ਼ ਮੰਤਰਾਲੇ ਨੇ ਸਪਸ਼ਟ ਕੀਤਾ ਕਿ ਉਸ ਨੇ ਐੱਸ.ਸੀ.ਓ. ਮੈਂਬਰਾਂ ਨੂੰ ਆਪਣੇ ਰੁਖ਼ ਤੋਂ ਜਾਣੂ ਕਰਵਾ ਦਿੱਤਾ ਹੈ ਅਤੇ ਐੱਸ.ਸੀ.ਓ. ਬਿਆਨ ’ਤੇ ਚਰਚਾ ਵਿਚ ਹਿੱਸਾ ਨਹੀਂ ਲਿਆ। ਐੱਸ.ਸੀ.ਓ. ਦੇ ਬਿਆਨ ਵਿੱਚ ਚੀਨ ਤੇ ਰੂਸ ਦਾ ਇਰਾਨ ਦੇ ਪੱਖ ਵਿੱਚ ਝੁਕਣਾ ਉਨ੍ਹਾਂ ਨੂੰ ਅਮਰੀਕਾ ਤੋਂ ਅਲੱਗ ਪਾਲੇ ਵਿੱਚ ਰੱਖਦਾ ਹੈ ਕਿਉਂਕਿ ਅਮਰੀਕਾ ਖੁੱਲ੍ਹ ਕੇ ਇਜ਼ਰਾਇਲ ਦੇ ਸਮਰਥਨ ਵਿੱਚ ਹੈ। ਅਸਲ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਇਰਾਨ ਨੂੰ ਚਿਤਾਵਨੀ ਜਾਰੀ ਕੀਤੀ ਹੈ ਕਿ ਜਾਂ ਤਾਂ ਉਹ ਫ਼ਿਲਹਾਲ ਠੰਡੇ ਬਸਤੇ ਵਿੱਚ ਪਹੁੰਚੀ ਪਰਮਾਣੂ ਮੁੱਦੇ ਦੀ ਚਰਚਾ ਨਾਲ ਜੁੜੀਆਂ ਸ਼ਰਤਾਂ ਮੰਨ ਲਵੇ ਜਾਂ ਫਿਰ ਹੋਰ ਤਬਾਹੀ ਝੱਲਣ ਲਈ ਤਿਆਰ ਰਹੇ। ਉਨ੍ਹਾਂ ਇਹ ਵੀ ਕਿਹਾ ਹੈ ਕਿ ਇਰਾਨ ਬਿਨਾਂ ਸ਼ਰਤ ਸਰੰਡਰ ਕਰ ਦੇਵੇ, ਇਸ ਵਿੱਚ ਹੀ ਉਸ ਦਾ ਭਲਾ ਹੈ। ਇਹੀ ਨਹੀਂ, ਇਰਾਨ ਨੂੰ ਪਰਮਾਣੂ ਅਪ੍ਰਸਾਰ ਸੰਧੀ ’ਤੇ ਵੀ ਸਹੀ ਪਾਉਣੀ ਪਵੇਗੀ। ਅਮਰੀਕਾ ਦੇ ਇਸ ਰੁਖ਼ ਤੋਂ ਸਾਫ਼ ਹੈ ਕਿ ਇਜ਼ਰਾਇਲ ਉਸ ਦੇ ਇਸ਼ਾਰੇ ’ਤੇ ਹੀ ਇਰਾਨ ’ਤੇ ਹਮਲੇ ਕਰ ਰਿਹਾ ਹੈ। ਦੂਜੇ ਪਾਸੇ ਰੂਸ ਤੇ ਚੀਨ ਦੀ ਇਰਾਨ ਨੂੰ ਹਮਾਇਤ ਹਾਲਾਤ ਹੋਰ ਵਿਸਫੋਟਕ ਬਣਾ ਸਕਦੀ ਹੈ। ਭਾਵੇਂ ਭਾਰਤ ਨਿਰਪੱਖ ਰਹਿਣ ਦੀ ਨੀਤੀ ’ਤੇ ਚੱਲ ਰਿਹਾ ਹੈ ਪਰ ਜੇ ਹਾਲਾਤ ਹੋਰ ਵਿਗੜੇ ਤਾਂ ਉਸ ਦੇ ਹਿੱਤਾਂ ਨੂੰ ਭਾਰੀ ਢਾਹ ਲੱਗੇਗੀ। ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧ ਜਾਣਗੀਆਂ ਜਿਸ ਕਾਰਨ ਲੋਕਾਂ ’ਤੇ ਮਹਿੰਗਾਈ ਦੀ ਮਾਰ ਹੋਰ ਪਵੇਗੀ। ਇਹੀ ਨਹੀਂ, ਉਸ ਨੂੰ ਜੰਗ ਤੋਂ ਪੀੜਤ ਇਨ੍ਹਾਂ ਦੇਸ਼ਾਂ ਦੇ ਨਾਲ-ਨਾਲ ਖਾੜੀ ਦੇ ਕਈ ਹੋਰ ਦੇਸ਼ਾਂ ’ਚੋਂ ਆਪਣੇ ਨਾਗਰਿਕ ਸੁਰੱਖਿਅਤ ਕੱਢਣ ਲਈ ਤਰੱਦਦ ਕਰਨੇ ਪੈਣਗੇ। ਭਾਰਤ ਸਰਕਾਰ ਨੇ ਇਰਾਨ ’ਚੋਂ ਤਾਂ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਸਿਲਸਿਲਾ ਆਰੰਭ ਵੀ ਕਰ ਦਿੱਤਾ ਹੈ।

ਜੇਕਰ ਭਾਰਤ ਦੀ ਗੱਲ ਕਰੀਏ ਤਾਂ ਉਸ ਨੇ ਐੱਸ.ਸੀ.ਓ. ਦੇ ਬਿਆਨ ਤੋਂ ਤਾਂ ਆਪਣਾ ਪੱਲਾ ਝਾੜ ਲਿਆ ਹੈ ਪਰ ਉਸ ਨੂੰ ਦੋਵਾਂ ਧਿਰਾਂ ਦੇ ਨਾਲ ਸੰਤੁਲਨ ਸੋਧਣ ਦੇ ਰਾਹ ਵਿੱਚ ਬਹੁਤ ਸਾਵਧਾਨੀ ਨਾਲ ਕਦਮ ਰੱਖਣੇ ਹੋਣਗੇ। ਜੀ-7 ਬੈਠਕ ਲਈ ਕੈਨੇਡਾ ਪੁੱਜੇ ਪ੍ਰਧਾਨ ਮੰਤਰੀ ਮੋਦੀ ਲਈ ਉੱਥੇ ਇਹ ਇੱਕ ਕੂਟਨੀਤਕ ਕਸਰਤ ਜਿਹੀ ਬਣ ਜਾਵੇਗੀ। ਅਜਿਹੇ ਵਿੱਚ ਬਿਹਤਰ ਇਹੀ ਹੋਵੇਗਾ ਕਿ ਉਹ ਇਹੀ ਰੁਖ਼ ਕਾਇਮ ਰੱਖਣ ਕਿ ਇਹ ਨਾ ਤਾਂ ਜੰਗ ਦਾ ਸਮਾਂ ਹੈ ਅਤੇ ਨਾ ਹੀ ਅੱਤਵਾਦ ਦਾ। ਵਰਤਮਾਨ ਹਾਲਾਤ ਨੂੰ ਦੇਖੀਏ ਤਾਂ ਇਹ ਪੱਛਮੀ ਏਸ਼ੀਆ ਤੋਂ ਲੈ ਕੇ ਦੱਖਣੀ ਏਸ਼ੀਆ ਅਤੇ ਸਮੁੱਚੇ ਆਲਮੀ ਅਰਥਚਾਰੇ ਲਈ ਬਹੁਤ ਖ਼ਤਰਨਾਕ ਸਮਾਂ ਹੈ। ਜੇ ਹੋਰ ਦੇਸ਼ ਵੀ ਇਸ ਸੰਘਰਸ਼ ਵਿੱਚ ਧੋਮੇਬਾਜ਼ੀ ਦਾ ਸ਼ਿਕਾਰ ਹੋ ਕੇ ਜੁੜਦੇ ਗਏ ਤਾਂ ਇਹ ਖ਼ਤਰਾ ਕਈ ਗੁਣਾ ਵਧ ਜਾਵੇਗਾ। ਚੰਗੀ ਗੱਲ ਇਹੀ ਹੈ ਕਿ ਹਾਲੇ ਤੱਕ ਅਜਿਹਾ ਕੁਝ ਨਹੀਂ ਹੋਇਆ ਹੈ। ਭਾਰਤ ਲਈ ਬਿਹਤਰ ਇਹੀ ਹੋਵੇਗਾ ਕਿ ਸ਼ਾਂਤੀ ਅਤੇ ਕੂਟਨੀਤਕ ਬਦਲਾਂ ਦੀ ਵਕਾਲਤ ਕਰਦਾ ਰਹੇ ਪਰ ਉਸ ਨੂੰ ਖ਼ੁਦ ਵੀ ਕਿਸੇ ਵੀ ਤਰ੍ਹਾਂ ਦੇ ਹਾਲਾਤ ਲਈ ਤਿਆਰ ਰਹਿਣਾ ਹੋਵੇਗਾ।

**-(ਲੇਖਕ ਸਾਬਕਾ ਡਿਪਲੋਮੈਟ ਹੈ)।**

# ਪੰਜਾਬ ’ਚ ਨਸ਼ਿਆਂ ਵਿਰੁੱਧ ਮੁਹਿੰਮ ਕੀ ਕਾਮਯਾਬ ਹੈ ?

ਰਣਜੀਤ ਲਹਿਰਾ

‘ਯੁੱਧ ਨਸ਼ਿਆਂ ਵਿਰੁੱਧ’ ਪੂਰੇ ਜੋਸ਼-ਓ-ਖਰੋਸ਼ ਨਾਲ ਸਿਖਰ ਵੱਲ ਵਧ ਰਿਹਾ ਸੀ। ‘ਯੁੱਧ ਨਸ਼ਿਆਂ ਵਿਰੁੱਧ’ ਦੇ ਬੈਨਰਾਂ ਹੇਠ ਮਾਰਚ ਕੱਢੇ/ਕਢਵਾਏ ਜਾ ਰਹੇ ਸਨ। ਪੁਲੀਸ ਅਫ਼ਸਰਾਂ ਅਤੇ ‘ਆਪ’ ਦੇ ਬੁਲਾਰੇ ਨਿੱਤ ਦਿਨ ਪ੍ਰੈੱਸ ਕਾਨਫ਼ਰੰਸਾਂ ਕਰ ਕੇ ਨਸ਼ਿਆਂ ਦੇ ਸਮੱਗਲਰਾਂ ਨੂੰ ਫੜਨ ਅਤੇ ਉਨ੍ਹਾਂ ਦੇ ਘਰਾਂ ’ਤੇ ਪੀਲਾ ਪੰਜਾ ਚਲਾਉਣ ਦੇ ਅੰਕੜੇ ਦੱਸ ਰਹੇ ਸਨ। ਅੰਕੜਿਆਂ ਨਾਲ ਅਖ਼ਬਾਰ ਭਰੇ ਪਏ ਸਨ। ਮੁੱਖ ਮੰਤਰੀ ਤੋਂ ਲੈ ਕੇ ਮੰਤਰੀਆਂ, ਸੰਤਰੀਆਂ ਅਤੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਤੱਕ ਹਰ ਕੋਈ ਮਿਥੇ ਟੀਚੇ ਪੂਰੇ ਕਰਨ ਵਿੱਚ ਲੱਕ ਬੰਨ੍ਹ ਕੇ ਜੁਟਿਆ ਹੋਇਆ ਸੀ। ਹੁਣ ਤਾਂ ਮਦਦ ਲਈ ਦਿੱਲੀ ਦੀ ਸਾਬਕਾ ਸਰਕਾਰ ਵੀ ਪੰਜਾਬ ਆਈ ਬੈਠੀ ਸੀ। ਸਭ ਠੀਕ-ਠਾਕ ਚੱਲ ਰਿਹਾ ਸੀ ਅਤੇ 31 ਮਈ ਨੂੰ ਪੰਜਾਬ ਨੇ ਪੂਰਨ ਰੂਪ ਵਿੱਚ ‘ਨਸ਼ਾ ਮੁਕਤ’ ਹੋ ਜਾਣਾ ਸੀ ਪਰ ਅਚਾਨਕ 13 ਮਈ ਨੂੰ ਮਜੀਠਾ ਹਲਕੇ ਤੋਂ ਆਈ ਕੁਲਹਿਣੀ ਖ਼ਬਰ ਨੇ ਰੰਗ ਵਿੱਚ ਭੰਗ ਦਿੱਤਾ। ਖ਼ਬਰ ਸਰਕਾਰ ਦੇ ਸਿਰ ਵਿੱਚ ਹਥੌੜੇ ਵਾਂਗ ਵੱਜੀ। ਮਜੀਠਾ ਕਸਬੇ ਨੇੜਲੇ ਅੱਧੀ ਦਰਜਨ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਦਾ ਵੱਡਾ ਕਾਂਡ ਵਾਪਰ ਗਿਆ। ਇਨ੍ਹਾਂ ਪਿੰਡਾਂ ਦੇ ਢਾਈ ਦਰਜਨ ਦੇ ਕਰੀਬ ਗਰੀਬ ਪਰਿਵਾਰਾਂ ਉੱਤੇ ਜ਼ਹਿਰੀਲੀ ਸ਼ਰਾਬ ਦੇ ਵਪਾਰੀ ‘ਅਚਿੰਤੇ ਬਾਜ਼’ ਆਣ ਪਏ। ਹਰ ਪਾਸੇ ਕੂਕਾਂ, ਕੁਰਲਾਹਟਾਂ ਪੈ ਗਈਆਂ। ਹਸਪਤਾਲਾਂ ਵਿੱਚ ਭੀੜਾਂ ਲੱਗ ਗਈਆਂ। ਅਨੇਕ ਘਰਾਂ ਵਿੱਚ ਸੱਥਰ ਵਿਛ ਗਏ। ਚੁੱਲ੍ਹੇ ਠੰਢੇ ਹੋ ਗਏ। ਘਰਾਂ ਦੇ ਕਮਾਊ ਜੀਅ ਬੇਵਕਤੇ ਤੁਰ ਜਾਣ ਨਾਲ ਅਨੇਕ ਘਰਾਂ ਵਿੱਚ ਹਨੇਰਾ ਛਾ ਗਿਆ। ਇਸ ਇੱਕੋ ਖ਼ਬਰ ਨੇ ‘ਯੁੱਧ ਨਸ਼ਿਆਂ ਵਿਰੁੱਧ’ ਦੇ ਭੁਕਾਨੇ ਦੀ ਫ਼ੂਕ ਕੱਢ ਦਿੱਤੀ।

ਲੋਕਾਂ ਦੀ ਜ਼ੁਬਾਨ ’ਤੇ ਇੱਕੋ ਸਵਾਲ ਸੀ: ਆਖਰ ਇੰਨਾ ਵੱਡਾ ਸ਼ਰਾਬ ਕਾਂਡ ਸ਼ਰਾਬ ਮਾਫ਼ੀਏ ਨੂੰ ਸਿਆਸੀ ਅਤੇ ਪੁਲਿਸ ਪ੍ਰਸ਼ਾਸਨ ਦੀ ਸਰਪ੍ਰਸਤੀ ਤੋਂ ਬਿਨਾਂ ਕਿਵੇਂ ਵਾਪਰ ਸਕਦਾ ਹੈ ? ‘ਸਰਕਾਰ ਪਿੰਡਾਂ ਤੋਂ ਚੱਲੇਗੀ’ ਦਾ ਦਾਅਵਾ ਕਰਨ ਵਾਲੀ ਚੰਡੀਗੜ੍ਹ ਬੈਠੀ ਸਰਕਾਰ ਨੂੰ ਉੱਕਾ ਹੀ ਖ਼ਬਰ ਨਾ ਹੋਈ ਕਿ ਪਿੰਡਾਂ ਵਿੱਚ ਸ਼ਰਾਬ ਮਾਫ਼ੀਆ ਕੀ ਗੁਲ ਖਿੜਾ ਰਿਹਾ ਹੈ। ਬਦਲਾਅ ਵਾਲੀ ਸਰਕਾਰ ਅਤੇ ਉਸ ਦਾ ਮੁਖੀ ਸੁੱਤੇ ਹੋਏ ਫ਼ੜੇ ਗਏ। ‘ਯੁੱਧ ਨਸ਼ਿਆਂ ਵਿਰੁੱਧ’ ਦਾ ਵਾਹਕ ਅਮਲਾ-ਫ਼ੈਲਾ ਸੁੱਧ-ਬੁੱਧ ਖੋ ਬੈਠਾ।




ਅੱਭੜਬਾਹੇ ਉੱਠੀ ਸਰਕਾਰ ਦੇ ਮੁਖੀ (ਮੁੱਖ ਮੰਤਰੀ) ਨੇ ਕਿਸੇ ਵੀ ਦੋਸ਼ੀ ਨੂੰ ਨਾ ਬਖ਼ਸ਼ਣ ਦੇ ਰਸਮੀ ਐਲਾਨ ਤੋਂ ਵਧੇਰੇ ਧੜੱਲੇਦਾਰ ਐਲਾਨ ਜ਼ਹਿਰੀਲੀ ਸ਼ਰਾਬ ਪੀ ਕੇ ਮਰਨ ਵਾਲਿਆਂ ਦੇ ਵਾਰਸਾਂ ਨੂੰ ਦਸ-ਦਸ ਲੱਖ ਰੁਪਏ ਅਤੇ ਪਰਿਵਾਰ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਕਰ ਦਿੱਤਾ। ਇਸ ਬਿਆਨ ਤੋਂ ਬਾਅਦ ਪੰਜਾਬ ਭਰ ਵਿੱਚ ਨਵੀਂ ਚਰਚਾ ਛਿੜ ਪਈ ਕਿ ਸ਼ਰਾਬ ਕਾਂਡ ਦੇ ਪੀੜਤਾਂ ਨੂੰ ਮਾਇਕ ਮਦਦ ਤਾਂ ਠੀਕ ਹੈ ਪਰ ਪੀੜਤ ਪਰਿਵਾਰਾਂ ਦੇ ਇੱਕ-ਇੱਕ ਜੀਅ ਨੂੰ ਸਰਕਾਰੀ ਨੌਕਰੀ ਦਾ ਕੀ ਅਧਾਰ ਅਤੇ ਤਰਕ ਹੈ ? ਸੋਸ਼ਲ ਮੀਡੀਆ ’ਤੇ ਤਰ੍ਹਾਂ-ਤਰ੍ਹਾਂ ਦੇ ਚੁਟਕਲੇ ਬਣਨ ਲੱਗੇ। ਪਹਿਲਾਂ ਹੀ ਨਮੋਸ਼ੀ ਦੇ ਮਾਰੇ ਪੀੜਤ ਪਰਿਵਾਰਾਂ ਨੂੰ ਹੋਰ ਵੀ ਨਮੋਸ਼ੀ ਦੀ ਖੱਡ ਵਿੱਚ ਲਿਜਾ ਸੁੱਟਿਆ ਅਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਮ੍ਰਿਤਕਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਮਖੌਲ ਦੇ ਪਾਤਰ ਬਣਾ ਦਿੱਤਾ। ਇਹ ਚੰਗੀ ਗੱਲ ਨਹੀਂ ਸੀ, ਖਾਸਕਰ ਮ੍ਰਿਤਕਾਂ ਦੇ ਗਰੀਬ ਪਰਿਵਾਰਾਂ ਲਈ। ਇਹਦੇ ਵਿੱਚ ਕਸੂਰ ਨਾ ਤਾਂ ਜ਼ਹਿਰੀਲੀ ਸ਼ਰਾਬ ਪੀਣ ਵਾਲੇ ਮ੍ਰਿਤਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਹੈ ਅਤੇ ਨਾ ਹੀ ਸੋਸ਼ਲ ਮੀਡੀਆ ’ਤੇ ਗ਼ਲਤ-ਮਲਤ ਟਿੱਪਣੀਆਂ ਕਰਨ ਵਾਲਿਆਂ ਦਾ ਹੈ। ਆਪਣੇ ਹੱਕਾਂ ਲਈ ਜੂਝ ਰਹੇ ਲੋਕ ਪੁੱਛਦੇ ਹਨ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਡਿਊਟੀ ਨਿਭਾਉਂਦੇ ਹੋਏ ਹਾਦਸਾਗ੍ਰਸਤ ਹੋਏ ਡੇਲੀਵੇਜ, ਕੱਚੇ ਅਤੇ ਠੇਕੇਦਾਰੀ ਸਿਸਟਮ ਅਧੀਨ ਮੁਲਾਜ਼ਮਾਂ ਦੇ ਵਾਰਸਾਂ ਨੂੰ ਯੋਗ ਮੁਆਵਜ਼ਾ ਅਤੇ ਨੌਕਰੀ ਦੇਣ ਤੋਂ ਇਨਕਾਰੀ ਹੈ, ਦੂਜੇ ਪਾਸੇ ਮੁੱਖ ਮੰਤਰੀ ਮਜੀਠਾ ਸ਼ਰਾਬ ਕਾਂਡ ਦੇ ਪੀੜਤਾਂ ਨੂੰ ਬਿਨਾਂ ਮੰਗੇ ਦਸ ਲੱਖ ਅਤੇ ਨੌਕਰੀਆਂ ਦੇਣ ਦਾ ਐਲਾਨ ਕਰ ਰਹੇ ਹਨ। ਦਰਅਸਲ ਇਹ ਬਿਆਨ ਜ਼ਹਿਰੀਲੀ ਸ਼ਰਾਬ ਕਾਂਡ ਨਾਲ ਜੁੜੇ ਗੰਭੀਰ ਸਵਾਲਾਂ, ਸਰਕਾਰੀ ਕੁਤਾਹੀਆਂ, ਪ੍ਰਸ਼ਾਸਨਿਕ ਨਾਲਾਇਕੀਆਂ ਅਤੇ ਮੁਜਰਿਮਾਂ ਖਿਲਾਫ਼ ਕਾਰਵਾਈ ਤੋਂ ਲੋਕਾਂ ਦਾ ਧਿਆਨ ਭਟਕਾਉਣ ਦਾ ਵੀ ਸਾਧਨ ਸੀ ਅਤੇ ਸਿਆਸੀ ਲਾਹਾ ਲੈਣ ਦਾ ਯਤਨ ਵੀ। ਕਿਸੇ ਵੀ ਹਾਦਸੇ, ਆਫ਼ਤ ਜਾਂ ਬਿਪਤਾ ਸਮੇਂ ਪੀੜਤਾਂ ਦੀ ਮਦਦ ਕਰਨਾ ਸਰਕਾਰ ਦਾ ਫ਼ਰਜ਼ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਸਰਕਾਰੀ ਖ਼ਜ਼ਾਨਾ ਵੋਟਾਂ ਖਰੀਆਂ ਕਰਨ ਲਈ ਲੁਟਾਇਆ ਜਾਵੇ। ਸਰਕਾਰੀ ਖ਼ਜ਼ਾਨਾ ਲੋਕਾਂ ਦੇ ਟੈਕਸਾਂ ਨਾਲ ਭਰਦਾ ਹੈ; ਸਰਕਾਰ ਦਾ ਫ਼ਰਜ਼ ਹੈ ਕਿ ਉਹ ਸਹਾਇਤਾ ਜਾਂ ਮੁਆਵਜ਼ੇ ਲਈ ਕੋਈ ਤਰਕਸੰਗਤ ਨੀਤੀ ਬਣਾਵੇ ਤੇ ਅਪਣਾਵੇ। ਹੁਣ ਹਰ ਮਾਮਲੇ ਵਿੱਚ ਇਹ ਕਹਿ ਕੇ ਨਹੀਂ ਸਰ ਸਕਦਾ ਕਿ ਪਹਿਲੀਆਂ ਸਰਕਾਰਾਂ ਵੀ ਇੰਝ ਹੀ ਕਰਦੀਆਂ ਸਨ। ਠੀਕ ਹੈ, ਪਿਛਲੀਆਂ ਸਰਕਾਰਾਂ ਇੰਝ ਕਰਦੀਆਂ ਸਨ ਪਰ ਲੋਕਾਂ ਨੇ ਤੁਹਾਨੂੰ ਹੋਰ ਕਿਹੜੇ ਬਦਲਾਅ ਲਈ ਚੁਣਿਆ ਸੀ ?

ਰਹੀ ਗੱਲ ‘ਯੁੱਧ ਨਸ਼ਿਆਂ ਵਿਰੁੱਧ’ ਦੀ, ਇਹਦਾ ਸਫ਼ਲ ਹੋਣਾ ਦੂਰ ਦੀ ਕੌਡੀ ਹੈ। ਇਹ ਯੁੱਧ ਨਸ਼ਿਆਂ ਨੂੰ ਸਿਰਫ਼ ਨਸ਼ਿਆਂ ਦੀ ਸਮਾਜਿਕ ਸਮੱਸਿਆ ਅਤੇ ਅਲਾਮਤ ਨੂੰ ਸਿਰਫ਼ ਅਮਨ ਕਾਨੂੰਨ ਦੀ ਸਮੱਸਿਆ ਸਮਝ ਕੇ ਪੁਲਸੀਆ ਢੰਗ ਨਾਲ ਹੱਲ ਕਰਨ ਦਾ ਯਤਨ ਹੈ। ਨਸ਼ਿਆਂ ਦੀ ਸਮੱਸਿਆ ਖ਼ਤਮ ਕਰਨ ਦੀ ਇਹ ਪਹੁੰਚ ਬੜੀ ਸਤਹੀ ਹੈ। ਇਸ ਪਹੁੰਚ ਦਾ ਮੁਜ਼ਾਹਰਾ ਪਹਿਲਾਂ ਬਾਦਲ ਅਤੇ ਕੈਪਟਨ ਸਰਕਾਰਾਂ ਕਰ ਕੇ ਮੂੰਹ ਦੀ ਖਾ ਚੁੱਕੀਆਂ ਹਨ। ਉਹ ਵੀ ਸਮਗਲਰਾਂ ਨੂੰ ਫ਼ੜਨ ਦੇ ਅੰਕੜੇ ਗਿਣਾਉਂਦੇ ਚਲੇ ਗਏ ਪਰ ਨਸ਼ੇ, ਨਸ਼ੇੜੀ, ਨਸ਼ਿਆਂ ਦੇ ਸਮੱਗਲਰ ਤੇ ਉਨ੍ਹਾਂ ਨੂੰ ਸਰਪ੍ਰਸਤੀ ਦੇਣ ਵਾਲੇ ਪ੍ਰਸ਼ਾਸਨਿਕ ਅਧਿਕਾਰੀ ਅਤੇ ਸਿਆਸਤਦਾਨ ਕਿਤੇ ਨਹੀਂ ਗਏ। ਉਹ ਸਭ ਇੱਥੇ ਹੀ ਹਨ ਤੇ ਉਵੇਂ ਹੀ ਆਪਣਾ ਗ਼ੈਰ-ਕਾਨੂੰਨੀ ਕਾਰੋਬਾਰ ਚਲਾ ਰਹੇ ਹਨ।

...ਤੇ ਹੁਣ 31 ਮਈ ਤੋਂ ਬਾਅਦ ਲੰਘਣ ਵਾਲਾ ਹਰ ਦਿਨ ਸਰਕਾਰ ਨੂੰ ਉਹਦੇ ‘ਯੁੱਧ ਨਸ਼ਿਆਂ ਵਿਰੁੱਧ’ ਦੀ ਨਿਰਾਰਥਕਤਾ ਦਾ ਅਹਿਸਾਸ ਕਰਵਾ ਰਿਹਾ ਹੈ ਕਿਉਂਕਿ ਨਸ਼ਿਆਂ ਦੀ ਸਮੱਸਿਆ ਬਹੁ-ਪਰਤੀ ਸਮਾਜਿਕ ਸਮੱਸਿਆ ਹੈ ਅਤੇ ਵਿਆਪਕ ਸਮਾਜਿਕ, ਆਰਥਿਕ ਅਤੇ ਸਿਆਸੀ ਬਦਲਾਅ ਅਤੇ ਲੋਕਾਂ ਦੀ ਸ਼ਮੂਲੀਅਤ ਅਤੇ ਸ਼ਾਸਨ-ਪ੍ਰਸ਼ਾਸਨ ਦੇ ਭਰੋਸੇ ਬਿਨਾਂ ਅਤੇ ਸਭ ਤੋਂ ਵੱਧ, ਪੜ੍ਹੇ-ਲਿਖੇ, ਅਧਪੜ੍ਹ ਤੇ ਅਨਪੜ੍ਹ ਬੇਰੁਜ਼ਗਾਰ ਨੌਜਵਾਨਾਂ ਦੇ ਸੋਹਣੀ ਅਤੇ ਸਨਮਾਨਯੋਗ ਜ਼ਿੰਦਗੀ ਜਿਊਣ ਦੇ ਖ਼ੁਦਕੁਸ਼ੀਆਂ ਕਰ ਰਹੇ ਸੁਫ਼ਨਿਆਂ ਨੂੰ ਰੁਜ਼ਗਾਰ ਮੁਹੱਈਆ ਕਰ ਕੇ ਜ਼ਿੰਦਾ ਕਰੇ ਬਿਨਾਂ ਹੱਲ ਹੋਣ ਵਾਲੀ ਨਹੀਂ ਹੈ।

# ਇਜ਼ਰਾਇਲ-ਇਰਾਨ ਜੰਗ ਦੇ ਨਿਕਲ ਸਕਦੇ ਹਨ ਖ਼ਤਰਨਾਕ ਨਤੀਜੇ

ਮੁਖ਼ਤਾਰ ਗਿੱਲ

ਇਜ਼ਰਾਇਲ ਨੇ ਪਿਛਲੇ ਦਿਨੀਂ 'ਅਪਰੇਸ਼ਨ ਰਾਈਜ਼ਿੰਗ ਲਾਈਨ' ਤਹਿਤ ਇਰਾਨ ਦੇ ਫ਼ੌਜੀ ਤੇ ਪਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਸਵੇਰੇ ਪੰਜ ਵਜੇ ਇਜ਼ਰਾਇਲ ਦੇ 500 ਫਾਈਟਰ ਜੈੱਟ ਇਰਾਨ ਦੇ ਅੰਦਰ ਵੜ ਗਏ ਤੇ ਦੋ ਵਾਰ ਉਸ ਦੇ 100 ਪਰਮਾਣੂ ਟਿਕਾਣਿਆਂ 'ਤੇ ਤਾਬੜਤੋੜ ਬੰਬਾਰੀ ਕੀਤੀ।

ਛੇ ਸ਼ਹਿਰਾਂ ਉੱਤੇ ਵੀ ਹਮਲਾ ਕੀਤਾ ਜਿਸ ਕਰਕੇ 138 ਤੋਂ ਵੱਧ ਇਰਾਨੀਆਂ ਦੀ ਮੌਤ ਹੋ ਗਈ। ਇਜ਼ਰਾਇਲ ਨੇ ਇਰਾਨ ਦੀ ਸਭ ਤੋਂ ਅਹਿਮ ਨਾਤਾਂਜ਼ ਅੰਡਰਗਰਾਊਂਡ ਲੈਬ ਸਹਿਤ ਤਿੰਨ ਅਹਿਮ ਨਿਊਕਲੀਅਰ ਸਾਈਟਾਂ ਨੂੰ ਨਸ਼ਟ ਕਰ ਦਿੱਤਾ। ਪੰਤਾਲੀ ਸਾਲ ਪਿੱਛੋਂ ਇਸ ਸਭ ਤੋਂ ਵੱਡੇ ਹਮਲੇ 'ਚ ਇਰਾਨੀ ਆਰਮੀ ਚੀਫ ਮੁਹੰਮਦ ਬਘੇਰੀ, ਰੈਵੋਲਿਊਸ਼ਨਰੀ ਗਾਰਡ ਦੇ ਕਮਾਂਡਰ ਹੁਸੈਨ ਸਲਾਮੀ, ਬੈਲੇਸਟਿਕ ਮਿਜ਼ਾਈਲ ਪ੍ਰੋਗਰਾਮ ਦੇ ਚੀਫ ਅਮਿਰ ਅਲੀ ਹਾਜ਼ੀਦਾਹ ਤੋਂ ਇਲਾਵਾ ਦੋ ਪ੍ਰਮੁੱਖ ਪਰਮਾਣੂ ਵਿਗਿਆਨਕ ਮੇਹਦੀ ਤੇਹਰਾਂਚੀ ਅਤੇ ਫਰਦੂਨ ਅੱਬਾਸੀ ਵੀ ਮਾਰੇ ਗਏ।

ਹਮਲੇ ਵਿੱਚ ਇਰਾਨ ਦੇ 20 ਟਾਪ ਕਮਾਂਡਰ ਅਤੇ ਪਰਮਾਣੂ ਵਿਗਿਆਨਕ ਮਾਰੇ ਗਏ। ਇਰਾਨ ਦੇ ਸਰਬਉੱਚ ਨੇਤਾ ਅਯਾਤੁੱਲਾ ਖਮੇਨੀ ਨੇ ਜਨਰਲ ਮੁਹੰਮਦ ਬਘੇਰੀ ਦੀ ਥਾਂ ਜਨਰਲ ਅਬਦੁਲ ਰਹੀਮ ਮੋਸਾਵੀ ਨੂੰ ਹਥਿਆਰਬੰਦ ਸੈਨਾ ਦਾ ਨਵਾਂ ਮੁਖੀ ਅਤੇ ਜਨਰਲ ਸਲਾਮੀ ਦੀ ਥਾਂ 'ਤੇ ਮੁਹੰਮਦ ਪਾਕਪੌਰ ਨੂੰ ਨੀਮ ਫ਼ੌਜੀ ਬਲ ਰੈਵੋਲਿਊਸ਼ਨਰੀ ਗਾਰਡ ਦੀ ਅਗਵਾਈ ਲਈ ਚੁਣਿਆ ਹੈ। ਇਜ਼ਰਾਇਲ ਦੇ ਲੜਾਕੂ ਜਹਾਜ਼ਾਂ ਨੇ ਇਰਾਨ 'ਚ 1500 ਕਿੱਲੋਮੀਟਰ ਅੰਦਰ ਜਾ ਕੇ ਹਮਲਾ ਕੀਤਾ। ਇਜ਼ਰਾਇਲ ਦੇ ਇਨ੍ਹਾਂ ਹਮਲਿਆਂ ਕਾਰਨ ਲੋਕਾਂ 'ਚ ਦਹਿਸ਼ਤ ਤੇ ਗੁੱਸਾ ਹੈ।

ਇਰਾਨ ਦੀਆਂ ਸੜਕਾਂ 'ਤੇ ਹਜ਼ਾਰਾਂ ਲੋਕਾਂ ਨੇ ਸੜਕਾਂ 'ਤੇ ਉਤਰ ਕੇ ਇਜ਼ਰਾਇਲ ਖ਼ਿਲਾਫ਼ ਮੁਜ਼ਾਹਰੇ ਕੀਤੇ। ਉਹ ਬੋਲੇ, 'ਇਜ਼ਰਾਇਲ ਦੇ ਹਮਲੇ ਦਾ ਬਦਲਾ ਲਓ'। ਇਰਾਨ ਦੇ ਸਰਬਉੱਚ ਨੇਤਾ ਅਯਾਤੁੱਲਾ ਖਮੇਨੀ ਨੇ ਕਿਹਾ ਕਿ ਉਸ ਦੇ ਦੇਸ਼ 'ਤੇ ਹਮਲੇ ਲਈ ਇਜ਼ਰਾਈਲ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਰਾਨ ਦੀ ਸਰਕਾਰੀ ਏਜੰਸੀ 'ਆਈ.ਆਰ.ਐੱਨ.ਏ.' ਨੇ ਪੁਸ਼ਟੀ ਕੀਤੀ ਕਿ ਹਮਲੇ 'ਚ ਸੈਨਾ ਦੇ ਸਿਖਰਲੇ ਅਧਿਕਾਰੀ ਅਤੇ ਵਿਗਿਆਨੀ ਮਾਰੇ ਗਏ ਹਨ।

ਖਮੇਨੀ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ 'ਤੇ ਹੋਏ ਇਸ ਹਮਲੇ 'ਚ 'ਇਜ਼ਰਾਇਲ ਦੇ ਖ਼ੂਨ ਨਾਲ ਲਿਬੜੇ ਹੱਥ ਸ਼ਾਮਲ ਹਨ'। ਉਨ੍ਹਾਂ ਕਿਹਾ ਕਿ ਇਜ਼ਰਾਇਲ ਨੇ ਰਿਹਾਇਸ਼ੀ ਇਲਾਕਿਆਂ 'ਤੇ ਹਮਲੇ ਕਰ ਕੇ ਆਪਣੇ ਮਾੜੇ ਇਰਾਦੇ ਜ਼ਾਹਰ ਕੀਤੇ ਹਨ। ਇਰਾਨ ਨੇ ਵੀ ਜਵਾਬੀ ਹਮਲੇ 'ਚ 150 ਮਿਜ਼ਾਈਲਾਂ ਤੇ 100 ਡ੍ਰੋਨ ਦਾਗ਼ੇ। ਇਰਾਨ ਮੁਤਾਬਕ ਉਸ ਦੀਆਂ ਮਿਜ਼ਾਈਲਾਂ ਇਜ਼ਰਾਇਲ ਦੇ ਰੱਖਿਆ ਮੰਤਰਾਲੇ 'ਤੇ ਡਿੱਗੀਆਂ। ਛੇ ਤਾਂ ਰਾਜਧਾਨੀ ਤਲ-ਅਵੀਵ 'ਤੇ ਡਿੱਗੀਆਂ ਜਿਸ ਕਾਰਨ 6 ਲੋਕਾਂ ਦੀ ਮੌਤ ਹੋ ਗਈ। ਮੌਸਾਦ ਏਜੰਟਾਂ ਨੇ ਤਹਿਰਾਨ ਦੇ ਅੰਦਰ ਹੀ ਇੱਕ ਛੁਪੀ ਹੋਈ ਡ੍ਰੋਨ ਨਿਰਮਾਣ/ਸਟਾਕਿੰਗ ਸਾਈਟ ਸਥਾਪਤ ਕੀਤੀ ਜਿੱਥੇ ਉਨ੍ਹਾਂ ਛੋਟੇ-ਛੋਟੇ ਵਿਸਫੋਟਕ ਡ੍ਰੋਨ ਬਣਾਏ ਅਤੇ ਕਈ ਮਹੀਨਿਆਂ ਤੱਕ ਛੁਪਾ ਕੇ ਰੱਖੇ।

ਮੌਸਾਦ ਨੇ ਇਰਾਨ ਵਿੱਚ ਰਣਨੀਤਕ ਰੂਪ 'ਚ ਜ਼ਰੂਰੀ ਇਲਾਕਿਆਂ ਜਿਵੇਂ ਏਅਰ ਡਿਫੈਂਸਿੰਗ ਸੈਂਟਰ, ਸੇਮ ਬੈਟਰੀਆਂ, ਅਤੇ ਮਿਜ਼ਾਈਲ ਲਾਂਚਰ ਬੇਸ ਦੇ ਨਜ਼ਦੀਕ ਡ੍ਰੋਨ ਅਤੇ ਗਾਈਡਿਡ




ਮਿਜ਼ਾਈਲਾਂ ਨੂੰ ਡਿਸਪਲੇ ਕੀਤਾ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਪਰਮਾਣੂ ਸਮਝੌਤਾ ਕਰਨ ਲਈ ਇਰਾਨ ਨੂੰ 60 ਦਿਨਾਂ ਦਾ ਸਮਾਂ ਦਿੱਤਾ ਸੀ, ਅੱਜ 61 ਵਾਂ ਦਿਨ ਸੀ ਤੇ ਇਜ਼ਰਾਇਲ ਨੇ ਉਸ 'ਤੇ ਹਮਲਾ ਕਰ ਦਿੱਤਾ। ਇਰਾਨ ਦੇ ਰਣਨੀਤਕ ਭਾਈਵਾਲ ਰੂਸ ਨੇ ਇਰਾਨ 'ਤੇ ਇਜ਼ਰਾਇਲ ਦੇ ਹਮਲੇ ਨੂੰ ਉਕਸਾਵੇ ਵਾਲਾ ਤੇ ਨਾਜਾਇਜ਼ ਦੱਸਿਆ। ਰੂਸ ਇਰਾਨ ਦੇ ਸ਼ਾਂਤੀਪੂਰਵਕ ਮਕਸਦਾਂ ਲਈ ਚੱਲ ਰਹੇ ਪਰਮਾਣੂ ਪ੍ਰੋਗਰਾਮ ਵਿੱਚ ਸਹਿਯੋਗ ਕਰ ਰਿਹਾ ਹੈ। ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਦੋਵਾਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ ਅਤੇ ਨਾਲ ਹੀ ਅਮਰੀਕਾ ਤੇ ਇਰਾਨ ਵਿਚਾਲੇ ਪਰਮਾਣੂ ਸਮਝੌਤੇ ਲਈ ਸਹਿਯੋਗ ਕਰਨ ਦੀ ਤਜਵੀਜ਼ ਵੀ ਰੱਖੀ ਹੈ। ਵੱਡੀ ਗੱਲ ਇਹ ਹੈ ਕਿ ਜਨਰਲ ਸੁਲੇਮਾਨੀ ਦੀ ਮੌਤ ਤੋਂ ਇਰਾਨ ਉੱਭਰ ਨਹੀਂ ਸਕਿਆ ਹੈ। ਸੰਨ 2020 'ਚ ਇਰਾਨ ਦੇ ਸਭ ਤੋਂ ਪ੍ਰਭਾਵਸ਼ਾਲੀ ਫ਼ੌਜੀ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਤੋਂ ਬਾਅਦ ਇਰਾਨੀ ਸੈਨਾ ਅਤੇ ਪਰਮਾਣੂ ਪ੍ਰੋਗਰਾਮ ਸੰਭਲ ਨਹੀਂ ਸਕਿਆ। ਪੰਜਾਂ ਸਾਲਾਂ 'ਚ ਇਰਾਨ ਦੇ 9 ਫ਼ੌਜੀ ਕਮਾਂਡਰ ਅਤੇ 7 ਪਰਮਾਣੂ ਵਿਗਿਆਨਕ ਮਾਰੇ ਜਾ ਚੁੱਕੇ ਹਨ।

ਕਈ ਅਰਬ ਦੇਸ਼ ਅਮਰੀਕਾ ਤੇ ਇਜ਼ਰਾਇਲ ਦੀ ਮਦਦ ਕਰ ਰਹੇ ਹਨ ਪਰ ਸੀਰੀਆ ਨੇ ਇਰਾਨ ਦੇ ਸਵੈ-ਰੱਖਿਆ ਦੇ ਹੱਕ ਦਾ ਸਮਰਥਨ ਕੀਤਾ ਤੇ ਇਜ਼ਰਾਇਲ ਦੇ ਹਮਲੇ ਖ਼ਿਲਾਫ਼ ਆਪਣੀ ਨੈਤਿਕ ਤੇ ਸਿਆਸੀ ਇਕਜੁੱਟਤਾ ਜਤਾਈ। ਸਾਊਦੀ ਅਰਬ ਤੇ ਮਿਸਰ ਨੇ ਕੂਟਨੀਤਕ ਪੱਧਰ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ। ਹਾਲਾਂਕਿ ਖ਼ਬਰ ਹੈ ਕਿ ਸਾਊਦੀ ਅਰਬ ਗੁਪਤ ਰੂਪ 'ਚ ਇਜ਼ਰਾਇਲ-ਅਮਰੀਕਾ ਰੱਖਿਆ ਗਤੀਵਿਧੀਆਂ 'ਚ ਸਹਿਯੋਗ ਵੀ ਕਰ ਰਿਹਾ ਹੈ। ਜਾਰਡਨ ਨੇ ਸੰਜਮ ਵਰਤਣ ਦੀ ਗੱਲ ਆਖੀ ਪਰ ਅਮਰੀਕਾ ਦੇ ਸਹਿਯੋਗ ਨਾਲ ਇਜ਼ਰਾਇਲ ਨੂੰ ਹਵਾਈ ਬਚਾਅ-ਤੰਤਰ ਉਪਲਭਧ ਕਰਵਾਇਆ। ਅਮਰੀਕੀ ਵਿਦੇਸ਼ ਮੰਤਰੀ ਰੂਬੀਓ ਨੇ ਕਿਹਾ ਕਿ ਇਜ਼ਰਾਇਲ ਨੇ ਇਰਾਨ ਵਿਰੁੱਧ ਇਕਪਾਸੜ ਕਾਰਵਾਈ ਕੀਤੀ ਹੈ ਤੇ ਇਜ਼ਰਾਇਲ ਨੇ ਅਮਰੀਕਾ ਨੂੰ ਕਿਹਾ ਹੈ ਕਿ ਇਹ ਹਮਲੇ ਉਸ ਦੀ ਆਤਮ-ਰੱਖਿਆ ਲਈ ਜ਼ਰੂਰੀ ਹਨ। ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ 'ਚ ਰੂਬੀਓ ਨੇ ਕਿਹਾ, 'ਅਸੀਂ ਇਰਾਨ ਖ਼ਿਲਾਫ਼ ਹਮਲਿਆਂ 'ਚ ਸ਼ਾਮਲ ਨਹੀਂ ਹਾਂ'।

ਰਾਸ਼ਟਰਪਤੀ ਡੋਨਾਲਡ ਟਰੰਪ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੋਵੇਗੀ ਕਿ ਇਨ੍ਹਾਂ ਇਲਾਕਿਆਂ (ਦੇਸ਼ਾਂ) ਵਿੱਚ ਤਾਇਨਾਤ ਅਮਰੀਕੀ ਦੂਤਘਰਾਂ ਦੇ ਅਮਲੇ ਤੇ ਫ਼ੌਜ ਦੀ ਰੱਖਿਆ ਕਿਵੇਂ ਕੀਤੀ ਜਾਵੇ। ਇਸ ਮੁਸੀਬਤ ਤੋਂ ਅਮਰੀਕਾ ਆਪਣੇ-ਆਪ ਨੂੰ ਜਿੰਨਾ ਸੰਭਵ ਹੋਵੇ, ਦੂਰ ਹੀ ਰੱਖੇ। ਪਰ ਇਜ਼ਰਾਇਲ ਦੇ ਵਧਦੇ ਖ਼ਤਰਨਾਕ ਮਨਸੂਬਿਆਂ ਦਾ ਪ੍ਰਮੁੱਖ ਕਾਰਨ ਇਰਾਨ ਦਾ ਅੜੀਅਲ ਰੁਖ਼ ਹੈ। ਓਧਰ ਨੇਤਨਯਾਹੂ ਤੇ ਟਰੰਪ ਨੇ ਬੀਤੇ 'ਚ ਕਈ ਵੱਡੀਆਂ ਗ਼ਲਤੀਆਂ ਕੀਤੀਆਂ ਸਨ। ਨੇਤਨਯਾਹੂ ਦੀ ਮਜ਼ਬੂਤ ਹਮਾਇਤ ਦੇ ਚੱਲਦਿਆਂ ਟਰੰਪ ਨੇ 2018 ਵਿੱਚ ਓਬਾਮਾ ਦੁਆਰਾ ਕੀਤੇ ਪਰਮਾਣੂ ਸਮਝੌਤੇ ਤੋਂ ਖ਼ੁਦ ਨੂੰ ਵੱਖ ਕਰ ਲਿਆ ਸੀ ਜਿਸ ਵਿੱਚ ਕਾਫ਼ੀ ਹੱਦ ਤੱਕ ਇਰਾਨ ਦੇ ਪਰਮਾਣੂ ਪ੍ਰੋਗਰਾਮ 'ਤੇ ਕੰਟਰੋਲ ਕਰ ਲਿਆ ਸੀ।

ਪਰ ਟਰੰਪ ਨੂੰ ਉਮੀਦ ਸੀ ਕਿ ਇਸ ਤੋਂ ਬਾਅਦ ਇਰਾਨ ਗੋਡਿਆਂ ਭਾਰ ਚੱਲ ਕੇ ਉਸ ਕੋਲ ਆਵੇਗਾ ਅਤੇ ਹੋਰ ਰਿਆਇਤਾਂ ਮੰਗੇਗਾ ਪਰ ਇਰਾਨ ਇਸ ਦੇ ਉਲਟ ਯੂਰੇਨੀਅਮ ਇਕੱਠਾ ਕਰਨ ਅਤੇ ਐਟਮ ਬੰਬ ਬਣਾਉਣ ਦੇ ਨਜ਼ਦੀਕ ਪੁੱਜ ਚੁੱਕਾ ਸੀ। ਇਜ਼ਰਾਇਲ ਦੇ ਇੱਕ ਸਾਬਕਾ ਸੁਰੱਖਿਆ ਅਧਿਕਾਰੀ ਨੇ 2018 ਦੀ ਇਸ ਡੀਲ ਨੂੰ ਰੱਦ ਕਰਨ ਦੇ ਫ਼ੈਸਲੇ ਨੂੰ ਹਾਦਸਾ ਦੱਸਿਆ ਸੀ, ਉੱਥੇ ਹੀ ਦੂਸਰੇ ਨੇ ਇਸ ਨੂੰ ਇਤਿਹਾਸਕ ਭੁੱਲ ਕਿਹਾ ਸੀ।

ਇਰਾਨ 'ਤੇ ਭਿਆਨਕ ਹਮਲੇ ਤੇ ਉਸ ਦੀ ਬਰਬਾਦੀ ਤੋਂ ਬਾਅਦ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕੌਮਾਂਤਰੀ ਹਮਾਇਤ ਹਾਸਲ ਕਰਨ ਦੀਆਂ ਕੂਟਨੀਤਕ ਕੋਸ਼ਿਸ਼ਾਂ ਤਹਿਤ ਕਈ ਆਲਮੀ ਆਗੂਆਂ ਨਾਲ ਗੱਲ ਕੀਤੀ। ਇਜ਼ਰਾਇਲ ਦੇ ਪ੍ਰਧਾਨ ਮੰਤਰੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਲੰਘੀ ਰਾਤ ਤੋਂ ਹੁਣ ਤੱਕ ਨੇਤਨਯਾਹੂ ਨੇ ਜਰਮਨੀ ਦੇ ਚਾਂਸਲਰ ਫਰੈਡਰਿਕ ਮਰਜ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਂਕਰੋ ਸਮੇਤ ਕਈ ਆਲਮੀ ਆਗੂਆਂ ਨਾਲ ਗੱਲਬਾਤ ਕੀਤੀ।

ਇਸ ਵਿੱਚ ਕਿਹਾ ਗਿਆ ਕਿ ਉਹ ਅਮਰੀਕੀ ਰਾਸ਼ਟਰਪਤੀ ਟਰੰਪ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਵੀ ਗੱਲ ਕਰਨਗੇ। ਭਾਰਤ ਨੇ ਕਿਹਾ ਕਿ ਉਹ ਇਰਾਨ-ਇਜ਼ਰਾਇਲ ਵਿਚਾਲੇ ਬਣੇ ਹਾਲਾਤ ਤੋਂ ਬਹੁਤ ਫ਼ਿਕਰਮੰਦ ਹੈ ਤੇ ਉਹ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਇਜ਼ਰਾਇਲ ਦੇ ਹਮਲੇ ਦੇ ਨਤੀਜੇ ਉਲਟ ਵੀ ਹੋ ਸਕਦੇ ਹਨ ਕਿਉਂਕਿ ਇਸ ਤਰ੍ਹਾਂ ਦੇ ਹਮਲੇ ਇਰਾਨ ਦੇ ਪਰਮਾਣੂ ਹਥਿਆਰਾਂ ਨੂੰ ਬਣਾਉਣ ਦੀ ਮੁਹਿੰਮ ਵਿੱਚ ਤੇਜ਼ੀ ਲਿਆ ਸਕਦੇ ਹਨ। ਇਸ ਤੋਂ ਇਲਾਵਾ ਇਰਾਨ ਵੀ ਇਜ਼ਰਾਇਲ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਲੱਗਾ ਹੈ। ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਕਸ਼ੀਦਗੀ ਬਲਦੀ 'ਤੇ ਘਿਉ ਪਾਉਣ ਦਾ ਕੰਮ ਕਰ ਰਹੀ ਹੈ ਮੌਜੂਦਾ ਸਥਿਤੀ ਵਿੱਚ ਮੱਧ-ਪੂਰਬੀ ਦੇਸ਼ਾਂ 'ਚ ਅਮਰੀਕੀ ਦੂਤਘਰ ਤੇ ਫ਼ੌਜੀ ਖ਼ਤਰੇ 'ਚ ਹੋਣਗੇ। ਅਮਰੀਕੀ ਰਾਸ਼ਟਰਪਤੀ ਦੀ ਇਸ ਨਵੀਂ ਪਾਰੀ 'ਚ ਅਜੇ ਟਰੰਪ ਨੇ ਜੰਗਾਂ ਵਿੱਚ ਉਲਝਣ ਤੋਂ ਟਾਲਾ ਹੀ ਵੱਟਿਆ ਹੈ। ਕੀ ਉਹ ਇਰਾਨ ਦੇ ਮਾਮਲੇ ਵਿੱਚ ਵੀ ਇਸੇ ਤਰ੍ਹਾਂ ਕਰਨਗੇ ? ਸਵਾਲ ਇਹ ਹੈ ਕਿ ਕੀ ਮੁਸਲਿਮ ਦੇਸ਼ ਇਰਾਕ, ਬਹਿਰੀਨ ਜਾਂ ਮੱਧ-ਪੂਰਬ ਵਿੱਚ ਕਿਧਰੇ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣਗੇ। ਅਸੀਂ ਮੱਧ-ਪੂਰਬ ਵਿੱਚ ਵਧਦੇ ਤਣਾਅ ਨੂੰ ਇੱਕ ਅਜਿਹੀ ਵੱਡੀ ਜੰਗ ਵੱਲ ਜਾਂਦਾ ਵੇਖ ਸਕਦੇ ਹਾਂ ਜਿਸ ਨੂੰ ਕੋਈ ਨਹੀਂ ਚਾਹੁੰਦਾ ਤੇ ਯੁੱਧ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ।

# ਵਧ ਰਿਹਾ ਹੈ ਪਰਮਾਣੂ ਜੰਗ ਹੋਣ ਦਾ ਖ਼ਤਰਾ



ਡਾ. ਅਰੁਣ ਮਿੱਤਰਾ

ਰੂਸ ਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ, ਇਜ਼ਰਾਇਲ ਵੱਲੋਂ ਗਾਜ਼ਾ ਉੱਤੇ ਲਗਾਤਾਰ ਕੀਤੀ ਜਾ ਰਹੀ ਹਮਲਾਵਰ ਕਾਰਵਾਈ ਅਤੇ ਹੁਣ ਇਜ਼ਰਾਇਲ ਵੱਲੋਂ ਇਰਾਨ ਉੱਤੇ ਕੀਤੇ ਹਮਲੇ ਤੇ ਇਰਾਨ ਦੀ ਜਵਾਬੀ ਕਾਰਵਾਈ ਕਾਰਨ ਪੈਦਾ ਹੋਏ ਤਣਾਅਪੂਰਨ ਹਾਲਾਤ ਵਿੱਚ ਪਰਮਾਣੂ ਹਥਿਆਰਾਂ ਦੇ ਵਰਤੋਂ ਦੇ ਡਰ ਨੇ ਦੁਨੀਆ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਲੋਕ ਕਾਫ਼ੀ ਹੱਦ ਤੱਕ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਦੀ ਲੋੜ ਨੂੰ ਲੈ ਕੇ ਲਾਪਰਵਾਹ ਹੋ ਚੁੱਕੇ ਸਨ। ਇਸੇ ਕਰ ਕੇ 2017 ਵਿੱਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਭਾਰੀ ਬਹੁਮਤ ਨਾਲ ਪਾਸ ਹੋਈ ਪਰਮਾਣੂ ਹਥਿਆਰਾਂ ਦੀ ਮਨਾਹੀ ਲਈ ਸੰਧੀ ਚਰਚਾ ਦਾ ਮੁੱਦਾ ਨਹੀਂ ਬਣੀ ਪਰ ਹੁਣ ਜਿਵੇਂ-ਜਿਵੇਂ ਪਰਮਾਣੂ ਖ਼ਤਰੇ ਦੀ ਚਿੰਤਾ ਵਧ ਰਹੀ ਹੈ, ਲੋਕ ਇਸ ਦੀ ਗੰਭੀਰਤਾ ਨੂੰ ਸਮਝਣ ਲੱਗੇ ਹਨ। ਹਾਲ ਹੀ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਈ ਥੋੜ੍ਹ-ਚਿਰੀ ਜੰਗ ਤੋਂ ਬਾਅਦ ਦੱਖਣੀ ਏਸ਼ੀਆ ਵਿੱਚ ਵੀ ਲੋਕ ਪਰਮਾਣੂ ਖ਼ਤਰਾ ਮਹਿਸੂਸ ਕਰ ਰਹੇ ਹਨ।

ਇਸ ਪਿਛੋਕੜ ਵਿੱਚ ਲੋਕਾਂ ਨੂੰ ਇਹ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਪਰਮਾਣੂ ਜੰਗ ਕਿਹੋ ਜਿਹੇ ਨੁਕਸਾਨ ਪੈਦਾ ਕਰ ਸਕਦੀ ਹੈ। ਅਧਿਐਨ ਦੱਸਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਈ ਪਰਮਾਣੂ ਲੜਾਈ ਦੋ ਅਰਬ ਤੋਂ ਵੱਧ ਲੋਕਾਂ ਨੂੰ ਭੁੱਖ ਅਤੇ ਮੌਤ ਵੱਲ ਧੱਕ ਸਕਦੀ ਹੈ। ਜੇਕਰ ਅਮਰੀਕਾ ਅਤੇ ਰੂਸ ਵਿਚਾਲੇ ਪੂਰਨ ਤੌਰ 'ਤੇ ਪਰਮਾਣੂ ਜੰਗ ਹੋ ਜਾਵੇ ਤਾਂ ਪੰਜ ਅਰਬ ਤੋਂ ਵੱਧ ਲੋਕ ਭੁੱਖ ਨਾਲ ਮਰ ਸਕਦੇ ਹਨ। ਇਹ ਅੰਕੜੇ ਰਟਗਰਜ਼ ਯੂਨੀਵਰਸਿਟੀ ਦੇ ਮੌਸਮੀ ਵਿਗਿਆਨੀਆਂ ਦੇ ਅਧਿਐਨ ਵਿੱਚ ਸਾਹਮਣੇ ਆਏ ਹਨ। ਰਟਗਰਜ਼-ਨਿਊ ਬਰੰਸਵਿਕ ਦੇ ਮੌਸਮ ਵਿਗਿਆਨ ਦੇ ਪ੍ਰੋਫ਼ੈਸਰ ਅਲਨ ਰੋਬਾਕ ਨੇ ਸਪਸ਼ਟ ਕਿਹਾ ਹੈ, ਇਹ ਡੇਟਾ ਸਾਫ਼ ਦੱਸਦਾ ਹੈ ਕਿ ਅਸੀਂ ਪਰਮਾਣੂ ਜੰਗ ਕਿਸੇ ਵੀ ਹਾਲਤ ਵਿੱਚ ਨਹੀਂ ਹੋਣ ਦੇ ਸਕਦੇ। ਇਹ ਅਧਿਐਨ 'ਨੇਚਰ ਫ਼ੂਡ' ਰਸਾਲੇ ਵਿੱਚ ਛਪਿਆ ਹੈ।

ਇਸ ਤਰ੍ਹਾਂ ਦੇ ਪਿਛੋਕੜ ਵਿੱਚ ਹੀ ਵਿਸ਼ਵ ਸਿਹਤ ਸੰਗਠਨ ਦੇ ਤਾਜ਼ਾ ਅਤੇ ਪ੍ਰਮਾਣਿਤ ਅਧਿਐਨ ਦੀ ਬਹੁਤ ਜ਼ਰੂਰਤ ਹੈ, ਜੋ ਪੁਰਾਣੀਆਂ ਰਿਪੋਰਟਾਂ ਨੂੰ ਨਵੀਂ ਰੋਸ਼ਨੀ ਵਿੱਚ ਲਿਆਵੇ। ਵਿਸ਼ਵ ਸਿਹਤ ਸੰਗਠਨ ਨੇ ਪਹਿਲਾਂ



ਵੀ 1987 ਅਤੇ 1993 ਵਿੱਚ 'ਪਰਮਾਣੂ ਜੰਗ ਦੇ ਸਿਹਤ ਅਤੇ ਸਿਹਤ ਸੇਵਾਵਾਂ ਉੱਤੇ ਪ੍ਰਭਾਵ' ਉੱਤੇ ਵਿਸਥਾਰ ਸਹਿਤ ਅਧਿਐਨ ਕੀਤੇ ਹਨ। ਉਨ੍ਹਾਂ ਦੀਆਂ ਰਿਪੋਰਟਾਂ ਵਿੱਚ ਲਿਖਿਆ ਗਿਆ ਹੈ ਕਿ ਪਰਮਾਣੂ ਹਮਲੇ ਤੋਂ ਬਾਅਦ ਭਾਰੀ ਜਾਨੀ ਨੁਕਸਾਨ, ਰੇਡੀਏਸ਼ਨ, ਮਨੋਵਿਗਿਆਨਕ ਤੇ ਸਮਾਜਿਕ ਪ੍ਰਭਾਵ ਅਤੇ ਵਾਤਾਵਰਨੀ ਖਰਾਬੀ ਹੋਣੀ ਨਿਸ਼ਚਿਤ ਹੈ।

19 ਤੋਂ 27 ਮਈ 2025 ਤੱਕ ਜਨੇਵਾ ਵਿੱਚ ਹੋਈ ਵਿਸ਼ਵ ਸਿਹਤ ਅਸੈਂਬਲੀ ਦੇ ਇਜਲਾਸ ਵਿੱਚ ਵਿਸ਼ਵ ਸਿਹਤ ਸੰਗਠਨ ਨੂੰ 30 ਸਾਲ ਪੁਰਾਣੀ ਪਰਮਾਣੂ ਜੰਗ ਉੱਤੇ ਸਿਹਤ ਪ੍ਰਭਾਵਾਂ ਦੀ ਸਮੀਖਿਆ ਦੁਬਾਰਾ ਅਧਿਐਨ ਕਰ ਕੇ ਪੇਸ਼ ਕਰਨ ਦਾ ਆਦੇਸ਼ ਮਿਲਿਆ ਹੈ। ਇਹ ਪ੍ਰਸਤਾਵ ਮਾਰਸ਼ਲ ਆਈਲੈਂਡਜ਼, ਸਮੋਆ ਅਤੇ ਵੈਨੂਆਟੂ ਨੇ ਰੱਖਿਆ, ਜਿਸ ਨੂੰ 34 ਦੇਸ਼ਾਂ ਨੇ ਸਮਰਥਨ ਦਿੱਤਾ। 181 ਯੋਗ ਵੋਟਰਾਂ ਵਿਚੋਂ 86 ਨੇ ਇਸ ਪ੍ਰਸਤਾਵ ਦੇ ਹੱਕ ਵਿੱਚ ਵੋਟ ਦਿੱਤਾ, 28 ਨੇ ਗੈਰ-ਹਾਜ਼ਰੀ ਦਿਖਾਈ ਅਤੇ 14 ਨੇ ਇਸ ਦਾ ਵਿਰੋਧ ਕੀਤਾ। 53 ਦੇਸ਼ ਵੋਟਿੰਗ ਵਿੱਚ ਹਾਜ਼ਰ ਨਹੀਂ ਸਨ। ਦੁੱਖ ਦੀ ਗੱਲ ਇਹ ਹੈ ਕਿ ਅਮਰੀਕਾ ਨੇ ਵਿਸ਼ਵ ਸਿਹਤ ਅਸੈਂਬਲੀ ਵਿੱਚ ਹਿੱਸਾ ਹੀ ਨਹੀਂ ਲਿਆ। 14 ਵਿੱਚੋਂ 12 ਵਿਰੋਧੀ ਵੋਟ 'ਨਾਟੋ' ਦੇਸ਼ਾਂ ਤੋਂ ਸਨ। ਪਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਵਿੱਚੋਂ ਯੂਕੇ, ਫ਼ਰਾਂਸ, ਰੂਸ ਅਤੇ ਉੱਤਰੀ ਕੋਰੀਆ ਨੇ ਵਿਰੋਧ ਕੀਤਾ, ਜਦਕਿ ਭਾਰਤ, ਚੀਨ, ਇਜ਼ਰਾਈਲ ਅਤੇ ਪਾਕਿਸਤਾਨ ਨੇ ਗੈਰ-ਹਾਜ਼ਰੀ ਦਿਖਾਈ।

ਇਸ ਅਧਿਐਨ ਦੀ ਲੋੜ ਇਸ ਕਰ ਕੇ ਵੀ ਮਹੱਤਵਪੂਰਨ ਹੋ ਗਈ ਹੈ ਕਿਉਂਕਿ 1945 ਤੋਂ ਲੈ ਕੇ ਹੁਣ ਤਕ ਪਰਮਾਣੂ ਹਥਿਆਰਾਂ ਦੀ ਤਬਾਹ ਕਰਨ ਦੀ ਤਾਕਤ ਕਈ ਗੁਣਾ ਵਧ ਚੁੱਕੀ ਹੈ। ਪਰਮਾਣੂ ਹਥਿਆਰਾਂ ਦੀ ਵਰਤੋਂ ਨਾਲ ਹੋਣ ਵਾਲੀਆਂ ਮਨੁੱਖਤਾ ਸਬੰਧੀ ਤਬਾਹੀਆਂ ਬਾਰੇ ਜਾਣਕਾਰੀ ਦੁਨੀਆ ਲਈ ਚਿਤਾਵਨੀ ਦਾ ਕੰਮ ਕਰ ਸਕਦੀ ਹੈ ਜੋ ਇਨ੍ਹਾਂ ਹਥਿਆਰਾਂ ਦੇ ਪੂਰਨ ਤੌਰ 'ਤੇ ਖਾਤਮੇ ਵੱਲ ਸੋਚਣ ਲਈ ਮਜਬੂਰ ਕਰ ਸਕਦੀ ਹੈ। ਜੇ ਇਹ ਨਹੀਂ ਹੋਇਆ ਤਾਂ ਖ਼ਤਰਾ ਹੈ ਕਿ ਹੋਰ ਦੇਸ਼ ਵੀ ਪਰਮਾਣੂ ਹਥਿਆਰ ਬਣਾ ਸਕਦੇ ਹਨ।

ਇਹ ਦਲੀਲ ਕਿ ਪਰਮਾਣੂ ਹਥਿਆਰ, ਰੋਕ ਵਜੋਂ ਕੰਮ ਕਰਦੇ ਹਨ, ਪਰਮਾਣੂ ਹਥਿਆਰਾਂ ਦੀ ਸਮਰਥਕ ਲੌਬੀ ਵੱਲੋਂ ਲਗਾਤਾਰ ਰੱਖੀ ਜਾ ਰਹੀ ਹੈ। ਇਹ ਲੌਬੀ ਕਹਿੰਦੀ ਹੈ ਕਿ ਜੇ ਯੂਕ੍ਰੇਨ ਕੋਲ ਪਰਮਾਣੂ ਹਥਿਆਰ ਹੁੰਦੇ ਤਾਂ ਰੂਸ ਉਸ ਉੱਤੇ ਹਮਲਾ ਨਾ ਕਰਦਾ। ਐਸਪ੍ਰੈਸੋ ਰਿਪੋਰਟ ਅਨੁਸਾਰ, 31 ਮਈ 2025 ਨੂੰ ਓਦੇਸਾ (ਯੂਕ੍ਰੇਨ) ਵਿੱਚ ਹੋਏ 'ਬਲੈਕ ਸੀ ਸੁਰੱਖਿਆ ਫ਼ੋਰਮ' ਦੌਰਾਨ ਬ੍ਰਿਟਿਸ਼ ਫ਼ੌਜ ਦੇ ਰਿਟਾਇਰਡ ਅਧਿਕਾਰੀ ਰਿਚਰਡ ਕੇਮਪ ਨੇ ਕਿਹਾ ਕਿ ਇੰਗਲੈਂਡ ਨੂੰ ਚਾਹੀਦਾ ਹੈ ਕਿ ਉਹ ਰਣਨੀਤਕ ਭਾਈਚਾਰੇ ਤਹਿਤ ਯੂਕ੍ਰੇਨ ਦੀ ਮਦਦ ਕਰੇ ਤਾਂ ਜੋ ਉਹ ਆਪਣੇ ਪਰਮਾਣੂ ਹਥਿਆਰ ਵਿਕਸਤ ਕਰ ਸਕੇ। ਉਨ੍ਹਾਂ ਕਿਹਾ, ਬਰਤਾਨੀਆ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਯੂਕ੍ਰੇਨ ਦੀ ਫ਼ੌਜ ਇੱਕ ਵਾਰੀ ਫ਼ਿਰ ਪਰਮਾਣੂ ਹਥਿਆਰਾਂ ਦੀ ਮਾਲਕ ਬਣੇ।

ਇਹ ਤਸੱਲੀ ਵਾਲੀ ਗੱਲ ਹੈ ਕਿ ਕਈ ਗੈਰ-ਸਰਕਾਰੀ ਸੰਸਥਾਵਾਂ ਨੇ ਵਿਸ਼ਵ ਸਿਹਤ ਅਸੈਂਬਲੀ ਵਿੱਚ ਇਸ ਪ੍ਰਸਤਾਵ ਉੱਤੇ ਚਰਚਾ ਹੋਣ ਲਈ ਪੂਰੀ ਮਿਹਨਤ ਕੀਤੀ। ਕੌਮਾਂਤਰੀ ਸੰਸਥਾ 'ਇੰਟਰਨੈਸ਼ਨਲ ਫ਼ਿਜ਼ੀਸ਼ੀਅਨਜ਼ ਫ਼ਾਰ ਦਿ ਪ੍ਰੀਵੈਂਸ਼ਨ ਆਫ਼ ਨਿਊਕਲੀਅਰ ਵਾਰ ਦੇ ਜਨੇਵਾ ਦਫ਼ਤਰ ਨੇ ਇਸ ਵਿੱਚ ਸਾਰਥਕ ਭੂਮਿਕਾ ਨਿਭਾਈ।

ਇਸ ਸੰਸਥਾ ਨੇ ਵੱਖ-ਵੱਖ ਮੰਚਾਂ ਤੋਂ ਕਈ ਵਾਰੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਪਰਮਾਣੂ ਜੰਗ ਹੋ ਗਈ ਤਾਂ ਤਬਾਹੀ ਨੂੰ ਰੋਕਣ ਲਈ ਮੈਡੀਕਲ ਵਿਗਿਆਨ ਕੋਲ ਕੋਈ ਇਲਾਜ ਨਹੀਂ ਹੋਵੇਗਾ। ਵੱਡੀਆਂ ਤਾਕਤਾਂ ਵਿਚਾਲੇ ਪੂਰਨ ਤੌਰ 'ਤੇ ਹੋਈ ਪਰਮਾਣੂ ਜੰਗ ਇਨਸਾਨੀ ਇਤਿਹਾਸ ਦੀ ਆਖਿਰੀ ਮਹਾਮਾਰੀ ਹੋ ਸਕਦੀ ਹੈ।

# ਆਪਸੀ ਵਿਵਾਦ ਮਿਟਾਉਣ ਲਈ 'ਵਿਸ਼ਵ ਸਿੱਖ ਕੌਂਸਲ' ਸਮੇਂ ਦੀ ਲੋੜ

ਡਾ. ਰਣਜੀਤ ਸਿੰਘ

ਪਿਛਲੇ ਕੁਝ ਸਮੇਂ ਤੋਂ ਸਿੱਖਾਂ ਵਿੱਚ ਆਪਸੀ ਤਕਰਾਰ ਵਿੱਚ ਵਾਧਾ ਹੋ ਰਿਹਾ ਹੈ। ਸਿੱਖੀ ਰਵਾਇਤਾਂ ਅਨੁਸਾਰ ਰਲ਼-ਬੈਠ ਵਿਚਾਰ ਕਰਕੇ ਮਤਭੇਦਾਂ ਨੂੰ ਦੂਰ ਕਰਨ ਦੀ ਥਾਂ ਨਿਮਰਤਾ ਤੇ ਮਿੱਠੀ ਬਾਣੀ ਨੂੰ ਤਿਆਗ ਝਗੜੇ ਹੋ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵੱਲੋਂ ਬਖਸ਼ਿਸ਼ ਜੀਵਨ-ਜਾਚ ਨੂੰ ਪ੍ਰਚਾਰਨ ਦੀ ਥਾਂ ਆਪਸੀ ਮਤਭੇਦਾਂ ਵਿੱਚ ਵਾਧਾ ਹੋ ਰਿਹਾ ਹੈ। ਸਾਡੇ ਬਹੁਤੇ ਬੁੱਧਜੀਵੀ ਤੇ ਪ੍ਰਚਾਰਕ, ਜਿਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ, ਉਹ ਖ਼ੁਦ ਰਾਹ ਤੋਂ ਭਟਕ ਰਹੇ ਹਨ। ਬਹੁਤੇ ਬੁੱਧਜੀਵੀ ਪ੍ਰਚਾਰ ਦੀ ਥਾਂ ਇਹ ਖੋਜ ਕਰ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕੱਤਕ ਵਿੱਚ ਹੋਇਆ ਜਾਂ ਵਿਸਾਖ ਵਿੱਚ, ਉਨ੍ਹਾਂ ਨਾਲ ਬਾਲਾ ਸੀ ਜਾਂ ਨਹੀਂ, ਉਹ ਮੱਕੇ ਮਦੀਨੇ ਗਏ ਸਨ ਜਾਂ ਨਹੀਂ। ਦੂਜੇ ਪਾਸੇ ਪ੍ਰਚਾਰਕ ਆਪਣਾ ਪ੍ਰਚਾਰ ਕਰਾਮਾਤੀ ਸਾਖੀਆਂ ਤੱਕ ਸੀਮਤ ਕਰ ਰਹੇ ਹਨ। ਆਪਸੀ ਵਧ ਰਹੇ ਝਗੜਿਆਂ ਨੂੰ ਨਜਿੱਠਣ ਵੱਲ ਕਿਸੇ ਦਾ ਵੀ ਧਿਆਨ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਨੇ ਜ਼ੁਲਮ, ਜਬਰ ਤੇ ਮਨੁੱਖੀ ਨਾ-ਬਰਾਬਰੀ ਵਿਰੁੱਧ ਮੁਹਿੰਮ ਸ਼ੁਰੂ ਕੀਤੀ। ਇਸ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਇਨਕਲਾਬ ਦੀ ਸੰਪੂਰਨਤਾ ਗੁਰੂ ਜੀ ਦੇ ਦਸਵੇਂ ਜਾਮੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਸੰਸਾਰ 'ਚੋਂ ਮਨੁੱਖੀ ਵਿਤਕਰੇ ਮੇਟ ਸਭਨਾਂ ਨੂੰ ਬਰਾਬਰੀ ਦੀ ਬਖ਼ਸ਼ਿਸ਼ ਕੀਤੀ। ਉਨ੍ਹਾਂ ਸਿਰਫ਼ ਸਮਾਜਿਕ ਬਰਾਬਰੀ ਹੀ ਸਥਾਪਤ ਨਹੀਂ ਕੀਤੀ, ਸਗੋਂ ਅੰਮ੍ਰਿਤ ਦੀ ਦਾਤ ਨਾਲ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਤੇ ਨਿਓਟਿਆਂ ਨੂੰ ਓਟ ਬਖ਼ਸ਼ੀ, ਜਿਨ੍ਹਾਂ ਨੇ ਸੱਚ ਤੇ ਹੱਕ ਦੀ ਲੜਾਈ ਲਈ ਆਪਣੇ-ਆਪ ਨੂੰ ਤਿਆਰ ਕੀਤਾ। ਕਿਰਤੀਆਂ ਨੇ ਜਦੋਂ ਹਥਿਆਰ ਚੁੱਕੇ ਤਾਂ ਉਸ ਵੇਲੇ ਦੀ ਸਭ ਤੋਂ ਵੱਡੀ ਜ਼ਾਲਮ ਹਕੂਮਤ ਦਾ ਤਖ਼ਤਾ ਪਲਟ ਕੇ ਰੱਖ ਦਿੱਤਾ। ਸਿੰਘ ਸਜੇ ਲੋਕ ਸੰਤ-ਸਿਪਾਹੀ ਦਾ ਰੂਪ ਬਣੇ, ਜਿਹੜੇ ਗ੍ਰਹਿਸਥੀ ਜੀਵਨ ਵਿੱਚ ਸੰਤਾਂ ਵਾਲਾ ਜੀਵਨ ਜਿਊਂਦੇ ਸਨ ਪਰ ਜ਼ੁਲਮ ਵਿਰੁੱਧ ਲੜਨ ਤੇ ਮਜ਼ਲੂਮਾਂ ਦੀ ਰਾਖੀ ਸਮੇਂ ਸਿਪਾਹੀ ਦਾ ਰੂਪ ਧਾਰ ਲੈਂਦੇ ਸਨ।

ਸਿੱਖ ਧਰਮ ਕਰਮ ਕਾਂਡਾਂ ਤੋਂ ਰਹਿਤ ਵਿਗਿਆਨਕ ਸੋਚ ਆਧਾਰਿਤ ਇੱਕ ਨਵਾਂ ਧਰਮ ਹੈ। ਇਸ ਵਿੱਚ ਸਫ਼ਲ ਤੇ ਸੁਖਾਵਾਂ ਜੀਵਨ ਜਿਊਣ ਦੀ ਅਜਿਹੀ ਜਾਚ ਦਿੱਤੀ ਗਈ ਹੈ, ਜਿਸ ਦੇ ਧਾਰਨੀ ਸਾਰੇ ਪ੍ਰਾਣੀ ਹੋ ਸਕਦੇ ਹਨ। ਇਸੇ ਧਰਮ ਵਿੱਚ ਸ਼ਬਦ ਨੂੰ ਗੁਰਗੱਦੀ ਦੀ ਬਖਸ਼ਿਸ਼ ਹੋਈ ਹੈ। ਗੁਰੂ ਸਾਹਿਬਾਨ ਨੇ 239 ਸਾਲਾਂ ਦੇ ਲੰਮੇ ਸਮੇਂ ਵਿੱਚ ਸਿੱਖ ਰਹਿਤ ਮਰਿਯਾਦਾ, ਸਿੱਖ ਦੇ ਜੀਵਨ ਅਤੇ ਸਿੱਖੀ ਅਸੂਲਾਂ ਨੂੰ ਪ੍ਰਪੱਕ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਸਭ ਤੋਂ ਉੱਚਾ ਸਥਾਨ ਹੈ। ਇੱਥੋਂ ਜਾਰੀ ਹੋਏ ਹੁਕਮਨਾਮੇ ਤੋਂ ਬਾਗ਼ੀ ਹੋਣ ਦੀ ਕੋਈ ਵੀ ਸਿੱਖ ਜੁਰਅੱਤ ਨਹੀਂ ਕਰ ਸਕਦਾ। ਸਿੱਖੀ ਵਿੱਚ ਧਰਮ ਤੇ ਰਾਜਨੀਤੀ ਨੂੰ ਵੱਖਰਾ ਨਹੀਂ ਕੀਤਾ



ਗਿਆ, ਕਿਉਂਕਿ ਰਾਜਨੀਤੀ ਵਿੱਚ ਕੁਰਾਹੇ ਪਏ ਵਿਅਕਤੀ ਨੂੰ ਧਰਮ ਹੀ ਰੋਕ ਸਕਦਾ ਹੈ। ਸਿੱਖ ਕੌਮ ਨੇ ਜਿੱਥੇ ਖ਼ਤਰੇ ਸਹੇੜਨ ਤੇ ਸ਼ਹੀਦੀਆਂ ਦੇਣ ਵਿੱਚ ਇਤਿਹਾਸ ਸਿਰਜਿਆ ਹੈ, ਉੱਥੇ ਹਲੀਮੀ, ਨਿਮਰਤਾ ਅਤੇ ਸੇਵਾ ਵਿੱਚ ਵੀ ਆਪਣੀ ਵੱਖਰੀ ਪਹਿਚਾਣ ਬਣਾਈ। ਸਿੱਖਾਂ ਕੋਲ ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਗੁਰੂ ਸਾਹਿਬਾਨ ਹਨ, ਜਿੱਥੇ ਹਰ ਤਰ੍ਹਾਂ ਦੇ ਸ਼ੰਕੇ ਦੂਰ ਹੁੰਦੇ ਹਨ ਤੇ ਸੱਚੀ ਰਾਹ ਵੇਖੀ ਜਾ ਸਕਦੀ ਹੈ।

ਪਰ ਇਹ ਅਫ਼ਸੋਸ ਨਾਲ ਕਹਿਣ ਪੈਂਦਾ ਹੈ ਕਿ ਇੰਨੇ ਮਹਾਨ ਵਿਰਸੇ ਦੇ ਮਾਲਕ ਸਿੱਖ ਧਰਮ ਦੇ ਆਗੂਆਂ ਵਿੱਚ ਹਉਮੈ ਭਾਰੂ ਹੋ ਰਹੀ ਹੈ ਤੇ ਹਲੀਮੀ ਖ਼ਤਮ ਹੋ ਰਹੀ ਹੈ। ਸੱਚੇ ਤੇ ਸੁੱਚੇ ਕਿਰਦਾਰ ਵਾਲੇ ਆਗੂ ਅਲੋਪ ਹੋ ਰਹੇ ਹਨ। ਇਸੇ ਕਰਕੇ ਹੀ ਨਵੀਂ ਪੀੜ੍ਹੀ ਸਿੱਖੀ ਤੋਂ ਦੂਰ ਹੋ ਰਹੀ ਹੈ। ਬਾਣੀ ਅਤੇ ਬਾਣੇ ਤੋਂ ਦੂਰੀ ਸਿੱਖੀ ਸਰੂਪ ਲਈ ਘਾਤਕ ਹੈ। ਆਪਸੀ ਮਤਭੇਦਾਂ ਨੂੰ ਦੂਰ ਕਰਨਾ, ਕੁਰਾਹੇ ਪਏ ਹੋਇਆਂ ਨੂੰ ਰਾਹ ਵਿਖਾਉਣ ਵਾਲੀ ਸ਼੍ਰੋਮਣੀ ਸੰਸਥਾ ਦੀ ਅਣਹੋਂਦ ਮਹਿਸੂਸ ਹੋ ਰਹੀ ਹੈ। ਸਿੱਖਾਂ ਦੀ ਇੱਕ ਅਜਿਹੀ ਸ਼੍ਰੋਮਣੀ ਕੌਂਸਲ ਬਣੇ ਜਿਸ ਦੇ ਮੈਂਬਰ ਸਚਮੁੱਚ ਸੰਤ-ਸਿਪਾਹੀ ਹੋਣ ਅਤੇ ਉਹ ਸੱਚ ਦੇ ਪਹਿਰੇਦਾਰ ਬਣਨ। ਇਹ ਕੌਂਸਲ ਆਪਸੀ ਵਿਵਾਦਾਂ ਦਾ ਨਿਬੇੜਾ ਕਰੇ, ਤਾਂ ਜੋ ਆਪਸੀ ਲੜਾਈ ਜੱਗ ਜ਼ਾਹਰ ਨਾ ਹੋ ਸਕੇ। ਇਸ ਕੌਂਸਲ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਰਬ-ਪ੍ਰਵਾਨਿਤ ਟੀਕਾ ਕਰਵਾਇਆ ਜਾਵੇ। ਮੁੜ ਇਸੇ ਨੂੰ ਹੀ ਸਾਰੇ ਵਿਚਾਰ-ਵਟਾਂਦਰੇ ਦਾ ਆਧਾਰ ਮੰਨਿਆ ਜਾਵੇ। ਇਵੇਂ ਹੀ ਸਿੱਖ ਇਤਿਹਾਸ ਲਿਖਿਆ ਜਾਵੇ ਤੇ ਮੁੜ ਇਸ ਉਤੇ ਕਿੰਤੂ-ਪ੍ਰੰਤੂ ਕਰਨ ਦੀ ਕਿਸੇ ਨੂੰ ਵੀ ਆਗਿਆ ਨਾ ਹੋਵੇ। ਸਾਰੇ ਸਿੱਖ ਜਗਤ ਲਈ ਰਹਿਤ ਮਰਿਯਾਦਾ ਵੀ ਇਹੋ ਹੀ ਹੋਵੇ ਤੇ ਇਹ ਕੌਂਸਲ ਉਸ ਦੀ ਪਹਿਰੇਦਾਰ ਬਣੇ।

ਸਾਰੇ ਧਾਰਮਿਕ ਤੇ ਰਾਜਨੀਤਕ ਸਿੱਖ ਆਗੂਆਂ ਨੂੰ ਆਪਣੇ ਨਿੱਜੀ ਹਿੱਤਾਂ ਨੂੰ ਤਿਆਗ ਅਜਿਹੀ ਕੌਂਸਲ ਦੇ ਗਠਨ 'ਤੇ ਵਿਚਾਰ ਕਰਨੀ ਚਾਹੀਦੀ ਹੈ। ਉਸ ਦੀ ਸ਼ਾਨ ਸਿਰਫ਼ ਬਹਾਲ ਹੀ ਨਾ ਹੋਵੇ, ਸਗੋਂ ਸਾਰੇ ਸੰਸਾਰ ਲਈ ਇਹ ਰਾਹ ਦਸੇਰਾ ਵੀ ਬਣੇ। ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਵੱਲੋਂ ਕੀਤੇ ਗਏ ਫ਼ੈਸਲਿਆਂ 'ਤੇ ਰਾਜਸੀ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ, ਕਿਉਂਕਿ ਜਥੇਦਾਰ ਸਾਹਿਬ ਦੀ ਨਿਯੁਕਤੀ ਰਾਜਸੀ ਆਗੂ ਹੀ ਕਰਦੇ ਹਨ। ਹੁਣ ਅਜਿਹੀ ਕੋਈ ਸ਼ਕਤੀ ਨਹੀਂ ਹੈ, ਜਿਹੜੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਨੂੰ ਸੁਲਝਾ ਸਕੇ ਅਤੇ ਜਿਸ ਦਾ ਫ਼ੈਸਲਾ ਸਾਰਾ ਸਿੱਖ ਜਗਤ ਪ੍ਰਵਾਨ ਕਰੇ। ਇਸ ਕਰਕੇ ਹੁਣ ਇੱਕ ਸ਼੍ਰੋਮਣੀ ਸਿੱਖ ਕੌਂਸਲ ਦੀ ਲੋੜ ਹੈ, ਜਿਹੜੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਕਾਰਜ ਕਰੇ। ਇਸੇ ਕੌਂਸਲ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਚੋਣ ਕੀਤੀ ਜਾਵੇ ਅਤੇ ਜਥੇਦਾਰ ਸਾਹਿਬ ਕੌਂਸਲ ਦੇ ਮੁਖੀ ਹੋਣ। ਉਨ੍ਹਾਂ ਦੀ ਚੋਣ ਇੱਕ ਮਿੱਥੇ ਸਮੇਂ ਲਈ ਹੋਵੇ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਨੂੰ ਹਟਾਉਣ ਦਾ ਹੱਕ ਕਿਸੇ ਕੋਲ ਨਾ ਹੋਵੇ। ਮੌਜੂਦਾ ਸਮੇਂ 'ਚ ਸਿੱਖ ਕੌਮ ਅਗਵਾਈ ਰਹਿਤ ਹੋ ਰਹੀ ਹੈ। ਸ਼੍ਰੋਮਣੀ ਕੌਂਸਲ ਵੱਲੋਂ ਕੀਤੇ ਗਏ ਫ਼ੈਸਲੇ ਹੀ ਕੌਮ ਦੀ ਅਗਵਾਈ ਕਰ ਸਕਦੇ ਹਨ। ਕੌਮ ਬੜੇ ਨਾਜ਼ੁਕ ਤੇ ਦੁਖਦਾਈ ਦੌਰ 'ਚੋਂ ਲੰਘ ਰਹੀ ਹੈ, ਉਸ ਨੇ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਇਸ ਸੰਬੰਧੀ ਕੋਈ ਸਰਬ ਪ੍ਰਮਾਣਿਤ ਅਗਵਾਈ ਨਹੀਂ ਹੈ, ਜਿਸ ਕਰਕੇ ਅਨੇਕਾਂ ਕੁਰਬਾਨੀਆਂ ਤੇ ਸ਼ਹੀਦੀਆਂ ਦੇਣ ਪਿੱਛੋਂ ਵੀ ਲੋੜੀਂਦੀਆਂ ਪ੍ਰਾਪਤੀਆਂ ਪ੍ਰਾਪਤ ਨਹੀਂ ਹੋ ਰਹੀਆਂ ਹਨ।

ਇਸ ਕੌਂਸਲ ਵਿੱਚ ਸਿਰਫ਼ ਭਾਰਤ ਹੀ ਨਹੀਂ, ਸਗੋਂ ਵਿਸ਼ਵ ਭਰ 'ਚੋਂ ਸਿੱਖ ਪ੍ਰਤੀਨਿਧ ਮੈਂਬਰ ਹੋਣ। ਹੁਣ ਦੇ ਸਮੇਂ 'ਚ ਸਿੱਖ ਤੇ ਗੁਰੂ ਘਰ ਵਿਸ਼ਵ ਭਰ ਵਿੱਚ ਹੀ ਹਨ। ਇਸ ਕਰਕੇ ਵਿਦੇਸ਼ੀ ਸਿੱਖਾਂ ਨੂੰ ਵੀ ਇਸ ਕੌਂਸਲ 'ਚ ਨੁਮਾਇੰਦਗੀ ਦਿੱਤੀ ਜਾਣੀ ਚਾਹੀਦੀ ਹੈ।

ਹੁਣ ਸਿੱਖ ਲਗਭਗ ਵਿਸ਼ਵ ਦੇ ਹਰ ਦੇਸ਼ ਵਿੱਚ ਹਨ। ਨਵੀਂ ਥਾਂ ਪਹੁੰਚ ਪਹਿਲਾ ਕਾਰਜ ਗੁਰਦੁਆਰਾ ਸਾਹਿਬ ਦੀ ਸਥਾਪਨਾ ਹੁੰਦਾ ਹੈ। ਉਹ ਆਪਣੀਆਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਉਲਝਣਾਂ ਲਈ ਕਿਸੇ ਕੇਂਦਰ ਵੱਲ ਵੇਖਦੇ ਹਨ। ਹੁਣ ਤੱਕ ਇਹ ਅਗਵਾਈ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਸੀ ਪਰ ਸ਼੍ਰੋਮਣੀ ਕਮੇਟੀ ਦਾ ਘੇਰਾ ਸੀਮਤ ਹੋਣ ਨਾਲ ਇਸ ਦਾ ਪ੍ਰਭਾਵ ਘਟ ਰਿਹਾ ਹੈ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ 'ਤੇ ਕਿੰਤੂ ਹੋਣ ਲੱਗ ਪਿਆ ਹੈ। ਸਿੱਖਾਂ ਅਤੇ ਸੂਬੇ ਦੇ ਰਾਜਸੀ ਹਿਤਾਂ ਦੀ ਰਾਖੀ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਫ਼ੁੱਟ ਦਾ ਸ਼ਿਕਾਰ ਹੋ ਗਈ ਹੈ। (ਬਾਕੀ ਸਫ਼ਾ 30 'ਤੇ)

# ਬਹੁਤ ਪੁਰਾਣੀ ਹੈ ਅਮਰੀਕਾ ਅਤੇ ਪਾਕਿਸਤਾਨ ਦੀ ਦੋਸਤੀ

ਸ੍ਰੀਰਾਮ ਚੌਲੀਆ

ਕਾਰਲ ਮਾਰਕਸ ਨੇ ਕਿਹਾ ਸੀ ਕਿ 'ਇਤਿਹਾਸ ਖ਼ੁਦ ਨੂੰ ਦੁਹਰਾਉਂਦਾ ਹੈ-ਪਹਿਲਾਂ ਤ੍ਰਾਸਦੀ ਦੇ ਰੂਪ ਵਿੱਚ ਅਤੇ ਫਿਰ ਮਜ਼ਾਕ ਦੇ ਰੂਪ ਵਿੱਚ।' ਕੱਟੜ ਜਹਾਦੀ ਸੋਚ ਵਾਲੇ ਪਾਕਿਸਤਾਨੀ ਫ਼ੌਜ ਮੁਖੀ ਅਤੇ ਫੀਲਡ ਮਾਰਸ਼ਲ ਜਨਰਲ ਆਸਿਮ ਮੁਨੀਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਦੁਪਹਿਰ ਦੇ ਭੋਜ ਲਈ ਸੱਦ ਕੇ ਅਤੇ ਪਾਕਿਸਤਾਨ ਨਾਲ ਡੂੰਘੇ ਰੱਖਿਆ ਤਾਲਮੇਲ ਦੀ ਪੇਸ਼ਕਸ਼ ਕਰ ਕੇ ਮਾਰਕਸ ਦੇ ਕਥਨ ਨੂੰ ਪ੍ਰਸੰਗਿਕ ਕਰ ਦਿੱਤਾ ਹੈ। ਸੰਨ 1980-88 ਵਿੱਚ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੀਗਨ ਨੇ ਤਤਕਾਲੀ ਪਾਕਿਸਤਾਨੀ ਤਾਨਾਸ਼ਾਹ ਜਨਰਲ ਜ਼ਿਆ-ਉਲ-ਹੱਕ ਨੂੰ ਗਲੇ ਲਗਾਇਆ ਸੀ।

ਇਸ ਤੋਂ ਬਾਅਦ ਜ਼ਿਆ ਨੇ ਅਜਿਹਾ ਦਹਿਸ਼ਤ ਤੇ ਵਹਿਸ਼ਤ ਦਾ ਦੌਰ ਚਲਾਇਆ ਜਿਸ ਨੇ ਪਾਕਿਸਤਾਨ ਨੂੰ ਬਰਬਾਦੀ ਦੇ ਕਗਾਰ 'ਤੇ ਖੜ੍ਹਾ ਕਰ ਦਿੱਤਾ। ਫਿਰ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਨੇ ਵੀ ਜਨਰਲ ਪਰਵੇਜ਼ ਮੁਸ਼ੱਰਫ ਨਾਲ ਹੱਥ ਮਿਲਾਇਆ, ਜਿਸ ਦੇ ਭਿਆਨਕ ਸਿੱਟੇ ਨਿਕਲੇ ਸਨ। ਕੀ ਲਗਪਗ ਹਰ 20 ਸਾਲਾਂ 'ਚ ਖੇਡੀ ਜਾ ਰਹੀ ਇਸ ਖ਼ਤਰਨਾਕ ਖੇਡ ਦਾ ਤੀਜਾ ਅਧਿਆਇ ਹੁਣ ਫਿਰ ਆਰੰਭ ਹੋਇਆ ਹੈ? ਜਨਰਲ ਜ਼ਿਆ ਅਤੇ ਮੁਸ਼ੱਰਫ ਦੀ ਤੁਲਨਾ ਵਿੱਚ ਮੁਨੀਰ ਪਾਕਿਸਤਾਨ ਦੇ ਰਸਮੀ ਕੌਮੀ ਮੁਖੀ ਨਹੀਂ ਹਨ ਪਰ ਉਨ੍ਹਾਂ ਨੂੰ ਉਸੇ ਤਰ੍ਹਾਂ ਦਾ ਰੁਤਬਾ ਹਾਸਲ ਹੈ। ਅਮਰੀਕਾ ਅਤੀਤ ਵਿੱਚ ਵੀ ਪੇਸ਼ ਕੀਤੇ ਜਾ ਚੁੱਕੇ ਭੂ-ਰਾਜਨੀਤਕ ਤਰਕਾਂ ਦੇ ਆਧਾਰ 'ਤੇ ਹੀ ਨਵੇਂ ਸਿਰੇ ਤੋਂ ਪਾਕਿਸਤਾਨ ਨੂੰ ਆਪਣੇ ਕਰੀਬ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਰੀਗਨ ਨੂੰ ਜ਼ਿਆ ਦੀ ਜ਼ਰੂਰਤ ਇਸ ਲਈ ਪਈ ਸੀ ਕਿਉਂਕਿ ਉਹ ਪਾਕਿਸਤਾਨ ਦੇ ਗੁਆਂਢੀ ਦੇਸ਼ ਅਫ਼ਗਾਨਿਸਤਾਨ ਤੋਂ ਸੋਵੀਅਤ ਸੰਘ ਨੂੰ ਖਿੰਡਾ ਕੇ ਵਾਪਸ ਭੇਜਣਾ ਚਾਹੁੰਦੇ ਸਨ। ਅਮਰੀਕਾ ਨੂੰ ਆਪਣੇ ਸਹਾਇਕ ਦੇ ਰੂਪ ਵਿੱਚ ਲੜਨ ਲਈ ਮੁਜਾਹਿਦੀਨ ਚਾਹੀਦੇ ਸਨ। ਉਹ ਪਾਕਿਸਤਾਨ ਨੇ ਉਪਲਬਧ ਕਰਵਾਏ। ਜ਼ਿਆ ਖ਼ੁਦ ਜਹਾਦੀ ਬਿਰਤੀ ਵਾਲਾ ਸੀ। ਇੱਕ ਸਮੇਂ ਉਸ ਨੇ ਕਸ਼ਮੀਰ ਨੂੰ ਹੜੱਪਣ ਦੇ ਇਰਾਦੇ ਨਾਲ ਭਾਰਤ ਵਿਰੁੱਧ ਜਹਾਦ ਦਾ ਸੱਦਾ ਦਿੱਤਾ ਸੀ। ਤਦ ਅਮਰੀਕਾ ਨੇ ਇਸ ਦੀ ਅਣਦੇਖੀ ਕੀਤੀ ਸੀ ਕਿਉਂਕਿ ਉਸ ਦਾ ਮਕਸਦ ਸਾਮਵਾਦ ਨੂੰ ਟੱਕਰ ਦੇਣਾ ਸੀ। ਰੀਗਨ ਵਾਂਗ ਹੀ ਬੁਸ਼ ਨੇ ਵੀ ਮੁਸ਼ੱਰਫ ਨੂੰ ਅਰਬਾਂ ਡਾਲਰ ਦੀ ਆਰਥਿਕ ਤੇ ਫ਼ੌਜੀ ਮਦਦ ਦੇ ਕੇ ਅਫ਼ਗਾਨਿਸਤਾਨ ਵਿੱਚ ਬਦਲਾਅ ਲਈ ਪਾਕਿਸਤਾਨ ਦਾ ਇਸਤੇਮਾਲ ਕੀਤਾ। ਉਦੋਂ ਅਮਰੀਕਾ ਨੂੰ ਉਸ ਕੱਟੜ ਜਹਾਦੀ ਤਾਲਿਬਾਨ ਦੀ ਸਰਕਾਰ ਤੋੜਨੀ ਸੀ ਜਿਸ ਨੇ ਅਮਰੀਕਾ ਵਿੱਚ 9/11 ਹਮਲਿਆਂ ਦੇ ਜ਼ਿੰਮੇਵਾਰ ਓਸਾਮਾ-ਬਿਨ-ਲਾਦੇਨ ਨੂੰ ਪਨਾਹ ਦਿੱਤੀ ਸੀ। ਅਮਰੀਕਾ ਦੇ ਪੈਸੇ ਅਤੇ ਹਥਿਆਰਾਂ ਨਾਲ ਲੈਸ ਪਾਕਿਸਤਾਨ ਨੇ ਦੋਵੇਂ ਵਾਰ ਆਪਣੀ ਉਪਯੋਗਿਤਾ ਸਿੱਧ ਕੀਤੀ ਪਰ ਦੋਹਰੀ ਖੇਡ ਵੀ ਖੇਡੀ। ਉਸ ਨੇ ਅਮਰੀਕਾ ਨੂੰ ਕੁਝ ਹੱਦ ਤੱਕ ਖ਼ੁਸ਼ ਰੱਖਦੇ ਹੋਏ ਦੱਖਣੀ



ਏਸ਼ੀਆ ਵਿੱਚ ਜਹਾਦੀ ਜ਼ਹਿਰ ਘੋਲਿਆ। ਉਸ ਦੇ ਇਸੇ ਪਾਖੰਡ ਤੋਂ ਅੱਕ ਕੇ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਵਿਚ ਪਾਕਿਸਤਾਨ ਨੂੰ ਫ਼ੌਜੀ ਸਹਾਇਤਾ ਪੂਰੀ ਤਰ੍ਹਾਂ ਰੋਕ ਦਿੱਤੀ ਸੀ।

ਸੰਨ 2018 ਵਿਚ ਪਾਕਿਸਤਾਨ ਨੂੰ 'ਝੂਠਾ ਤੇ ਧੋਖੇਬਾਜ਼' ਕਹਿਣ ਵਾਲੇ ਟਰੰਪ ਅੱਜ ਉਸ ਦੇ ਸੋਹਲੇ ਗਾ ਰਹੇ ਹਨ। ਦਰਅਸਲ, ਵਿਸ਼ਵ ਰਾਜਨੀਤੀ ਵਿੱਚ ਫਿਰ ਅਜਿਹਾ ਮੋੜ ਆਇਆ ਹੈ ਜਦ ਅਮਰੀਕਾ ਨੂੰ ਆਪਣੇ ਭੂ-ਰਾਜਨੀਤਕ ਟੀਚਿਆਂ ਨੂੰ ਸੋਧਣ ਲਈ ਪਾਕਿਸਤਾਨ ਦੀ ਜ਼ਰੂਰਤ ਆਣ ਪਈ ਹੈ। ਇਸੇ ਲਈ ਉਹ ਉਸ ਨੂੰ ਭਰਮਾ ਰਿਹਾ ਹੈ। ਪਾਕਿਸਤਾਨ ਦੇ ਗੁਆਂਢੀ ਇਰਾਨ 'ਤੇ ਅਮਰੀਕਾ ਦੇ ਸਭ ਤੋਂ ਨੇੜਲੇ ਸਾਥੀ ਇਜ਼ਰਾਇਲ ਨੇ ਧਾਵਾ ਬੋਲ ਦਿੱਤਾ ਹੈ। ਇਸ ਹਮਲੇ ਦਾ ਆਖ਼ਰੀ ਮਕਸਦ ਤਹਿਰਾਨ ਵਿੱਚ ਤਖ਼ਤਾਪਲਟ ਹੈ। ਟਰੰਪ ਨੇ ਮੁਨੀਰ ਨਾਲ ਬੈਠਕ ਵਿੱਚ ਇਰਾਨ 'ਤੇ ਚਰਚਾ ਕੀਤੀ ਅਤੇ ਇਹ ਵੀ ਕਿਹਾ ਕਿ ਇਸ ਮਾਮਲੇ 'ਤੇ ਪਾਕਿਸਤਾਨ 'ਮੇਰੇ ਨਾਲ ਸਹਿਮਤ ਹੈ।' ਅਮਰੀਕਾ ਨੂੰ ਲੱਗਦਾ ਹੈ ਕਿ ਸ਼ੀਆ ਇਰਾਨ ਵਿੱਚ ਅਯਾਤੁੱਲਾ ਅਲੀ ਖਾਮੇਨੇਈ ਵਰਗੇ ਸਰਬਉੱਚ ਨੇਤਾ ਦੀ ਤਾਨਾਸ਼ਾਹੀ ਦੇ ਖ਼ਾਤਮੇ ਲਈ ਸੁੰਨੀ ਪਾਕਿਸਤਾਨ ਨੂੰ ਮੋਹਰਲੇ ਮੁਹਾਜ਼ ਦੇ ਤੌਰ 'ਤੇ ਇਸਤੇਮਾਲ ਕੀਤਾ ਜਾ ਸਕਦਾ ਹੈ। ਅਮਰੀਕਾ ਨੇ ਪਾਕਿਸਤਾਨ ਨੂੰ ਇਸ ਦੇ ਲਈ ਵੀ ਸ਼ਾਬਾਸ਼ ਦਿੱਤੀ ਕਿ ਉਹ ਅਫ਼ਗਾਨ-ਪਾਕਿਸਤਾਨ ਸਰਹੱਦ 'ਤੇ ਇਸਲਾਮਿਕ ਸਟੇਟ ਦੇ ਅੱਤਵਾਦੀਆਂ ਨੂੰ ਫੜਨ ਅਤੇ ਉਨ੍ਹਾਂ ਨੂੰ ਢੇਰ ਕਰਨ ਵਿੱਚ ਵਾਸ਼ਿੰਗਟਨ ਦਾ 'ਬੇਮਿਸਾਲ ਜੋਟੀਦਾਰ' ਬਣ ਗਿਆ ਹੈ।

ਭਾਰਤ ਨੂੰ ਅੰਦੇਸ਼ਾ ਹੈ ਕਿ ਇਸ ਸਭ ਦੇ ਚੱਲਦੇ ਅਮਰੀਕਾ ਪਹਿਲਗਾਮ ਵਰਗੇ ਪਾਕਿਸਤਾਨੀ ਖ਼ੌਫ਼ਨਾਕ ਅੱਤਵਾਦੀ ਕਾਰਿਆਂ ਦੀ ਅਣਦੇਖੀ ਕਰ ਸਕਦਾ ਹੈ। ਉਂਜ ਤਾਂ ਟਰੰਪ ਭਾਰਤ ਦੀ ਅੱਤਵਾਦ ਵਿਰੋਧੀ ਮੁਹਿੰਮ ਨੂੰ ਸਮਰਥਨ ਦਾ ਵਾਅਦਾ ਕਰਦੇ ਹਨ ਅਤੇ ਚੀਨ ਦੀ ਚੁਣੌਤੀ ਦਾ ਟਾਕਰਾ ਕਰਨ ਲਈ ਭਾਰਤ ਨੂੰ ਕਰੀਬ ਲਿਆਉਣਾ ਚਾਹੁੰਦੇ ਹਨ ਪਰ ਇਹ ਸਪਸ਼ਟ ਹੀ ਹੈ ਕਿ ਮਹਾਸ਼ਕਤੀਆਂ ਦੀ ਰਣਨੀਤੀ ਕਿਸੇ ਇੱਕ ਦੇਸ਼ ਦੇ ਹਿੱਤਾਂ ਤੱਕ ਸੀਮਤ ਨਹੀਂ ਰਹਿੰਦੀ। ਫ਼ਿਲਹਾਲ ਵਾਸ਼ਿੰਗਟਨ ਦਾ ਪ੍ਰਮੁੱਖ ਟੀਚਾ ਇਰਾਨ ਵਿੱਚ ਬਦਲਾਅ ਅਤੇ ਅਮਰੀਕਾ 'ਤੇ ਹਮਲਾ ਕਰਨ ਦੀ ਤਾਕ ਵਿੱਚ ਰਹਿਣ ਵਾਲੇ ਇਸਲਾਮਿਕ ਸਟੇਟ ਨਾਲ ਨਜਿੱਠਣਾ ਹੈ। ਜੇ ਮੁਨੀਰ ਟਰੰਪ ਨਾਲ ਸੌਦਾ ਕਰਦੇ ਹਨ ਅਤੇ ਪਾਕਿਸਤਾਨ ਅਮਰੀਕਾ ਤੋਂ ਮੁੜ ਫ਼ੌਜੀ ਸਮੱਗਰੀ ਅਤੇ ਆਰਥਿਕ ਲਾਭ ਲੈਣ ਲੱਗਦਾ ਹੈ ਤਾਂ ਇਸ ਨਾਲ ਅਮਰੀਕਾ ਪਾਕਿਸਤਾਨ ਨੂੰ ਚੀਨ ਦੇ ਸਾਏ ਤੋਂ ਵੀ ਬਾਹਰ ਕੱਢ ਸਕਦਾ ਹੈ। ਅਮਰੀਕਾ ਦਾ ਰਣਨੀਤਕ ਟੀਚਾ ਵਿਆਪਕ ਤੇ ਬਹੁ-ਆਯਾਮੀ ਹੈ ਜੋ ਭਾਰਤ ਦੇ ਕੌਮੀ ਸੁਰੱਖਿਆ ਹਿੱਤਾਂ ਨਾਲ ਮੇਲ ਖਾਂਦਾ ਨਹੀਂ ਦਿਸ ਰਿਹਾ ਹੈ। ਜੇ ਅਮਰੀਕਾ ਪਾਕਿਸਤਾਨ ਨੂੰ ਚੀਨ ਦੇ ਚੁੰਗਲ 'ਚੋਂ ਕੱਢਣ ਵਿੱਚ ਸਫਲ ਹੋ ਜਾਂਦਾ ਹੈ ਤਾਂ ਇਸ ਨਾਲ ਭਾਰਤ ਦਾ ਭਲਾ ਹੋਵੇਗਾ ਪਰ ਜੇ ਪਾਕਿਸਤਾਨ ਅਮਰੀਕਾ ਦੀ ਪਨਾਹ ਵਿੱਚ ਜਾ ਕੇ ਭਾਰਤ ਵਿੱਚ ਪਹਿਲਗਾਮ ਵਰਗੇ ਖ਼ੌਫ਼ਨਾਕ ਜਹਾਦੀ ਹਮਲੇ ਕਰਨ ਦੀ ਹਿਮਾਕਤ ਕਰੇਗਾ ਤਾਂ ਇਸ ਨਾਲ ਭਾਰਤ ਨੂੰ ਖ਼ਤਰਾ ਵਧ ਜਾਵੇਗਾ।ਟਰੰਪ ਦੀ ਮੰਨੀਏ ਤਾਂ ਉਨ੍ਹਾਂ ਨੇ ਮੁਨੀਰ ਨੂੰ ਇਸ ਕਾਰਨ ਸ਼ੁਕਰੀਆ ਕਹਿਣ ਲਈ ਅਮਰੀਕਾ ਸੱਦਿਆ ਕਿਉਂਕਿ ਪਾਕਿਸਤਾਨ ਨੇ ਭਾਰਤ ਨਾਲ ਜੰਗ ਤੋਂ ਗੁਰੇਜ਼ ਕੀਤਾ। ਟਰੰਪ ਨੇ ਮੁਨੀਰ ਦੀ ਕਥਿਤ ਸੂਝਬੂਝ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਬਰਾਬਰੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਰਦੇ ਹੋਏ ਕਿਹਾ ਕਿ ਦੋਵਾਂ ਦੀ ਪਰਪੱਕਤਾ ਕਾਰਨ ਅਮਰੀਕਾ ਨੇ ਦੱਖਣੀ ਏਸ਼ੀਆ ਵਿਚ ਪਰਮਾਣੂ ਜੰਗ ਰੋਕ ਦਿੱਤੀ। ਅਜਿਹੇ ਬੇਬੁਨਿਆਦ ਦਾਅਵੇ ਖ਼ਾਰਜ ਕਰਨ ਲਈ ਹੀ ਟਰੰਪ ਨਾਲ ਫੋਨ 'ਤੇ ਗੱਲਬਾਤ ਵਿੱਚ ਮੋਦੀ ਨੇ ਦੋ ਟੁੱਕ ਕਿਹਾ ਕਿ ਕਸ਼ਮੀਰ 'ਤੇ ਕਿਸੇ ਵੀ ਦੇਸ਼ ਦੀ ਵਿਚੋਲਗੀ ਭਾਰਤ ਨੂੰ ਹਰਗਿਜ਼ ਮਨਜ਼ੂਰ ਨਹੀਂ ਹੈ। ਕੈਨੇਡਾ ਵਿੱਚ ਜੀ-7 ਸਿਖਰ ਸੰਮੇਲਨ ਵਿੱਚ ਵੀ ਮੋਦੀ ਨੇ ਅੱਤਵਾਦ ਦੀ ਜੜ੍ਹ 'ਤੇ ਸਭ ਦਾ ਧਿਆਨ ਕੇਂਦਰਿਤ ਕਰਦੇ ਹੋਏ ਅੱਤਵਾਦ 'ਤੇ ਵਿਕਸਤ ਦੇਸ਼ਾਂ ਦੇ ਦੋਹਰੇ ਮਾਪਦੰਡਾਂ ਦੀ ਆਲੋਚਨਾ ਕੀਤੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵਿਕਸਤ ਦੇਸ਼ 'ਕਿਸੇ ਵੀ ਦੇਸ਼ 'ਤੇ ਆਰਥਿਕ ਪਾਬੰਦੀਆਂ ਲਗਾ ਦਿੰਦੇ ਹਨ ਪਰ ਅੱਤਵਾਦ ਦਾ ਖੁੱਲ੍ਹੇਆਮ ਸਮਰਥਨ ਕਰਨ ਵਾਲੇ ਦੇਸ਼ਾਂ ਨੂੰ ਇਨਾਮ ਦਿੰਦੇ ਹਨ।' ਅੱਤਵਾਦ-ਅੱਤਵਾਦ ਵਿਚਾਲੇ ਫ਼ਰਕ ਸਵਾਰਥੀ ਸੋਚ ਹੈ। ਇਸ ਕਾਰਨ ਹੀ ਵਿਸ਼ਵ ਭਾਈਚਾਰਾ ਅੱਤਵਾਦ ਦੀ ਸਮੱਸਿਆ 'ਤੇ ਕਾਬੂ ਨਹੀਂ ਪਾ ਸਕਿਆ ਹੈ। ਭਾਰਤ ਨੂੰ ਪਾਕਿਸਤਾਨ ਦਾ ਅੱਤਵਾਦੀ ਚਿਹਰਾ ਸਾਹਮਣੇ ਲਿਆਉਣ ਅਤੇ ਉਸ ਨੂੰ ਕਾਬੂ ਵਿਚ ਰੱਖਣ ਦਾ ਯਤਨ ਕਰਦੇ ਰਹਿਣਾ ਹੋਵੇਗਾ। ਭਾਰਤ ਨੂੰ ਲੰਬੇ ਕੂਟਨੀਤਕ-ਫ਼ੌਜੀ ਸੰਗਰਾਮ ਵਾਸਤੇ ਵੀ ਕਮਰ ਕੱਸਣੀ ਹੋਵੇਗੀ ਕਿਉਂਕਿ ਮਹਾਸ਼ਕਤੀਆਂ ਦੀ ਚਿਰਾਂ ਤੋਂ ਜਾਰੀ ਦੋਹਰੀ ਮਾਨਸਿਕਤਾ ਅਤੇ ਪਾਕਿਸਤਾਨ ਦੇ ਵਿਕਾਊ ਰਵੱਈਏ ਤੋਂ ਸਾਫ਼ ਹੁੰਦਾ ਹੈ ਕਿ ਅੱਤਵਾਦ 'ਤੇ ਰੋਕ ਲਗਾਉਣ ਵਿੱਚ ਕੌਮਾਂਤਰੀ ਸਹਿਯੋਗ ਦੀਆਂ ਹੱਦਬੰਦੀਆਂ ਹਨ। ਵਿਕਸਤ ਦੇਸ਼ ਆਪਣੇ ਫ਼ਾਇਦੇ ਲਈ ਅੱਤਵਾਦੀਆਂ ਦਾ ਇਸਤੇਮਾਲ ਕਰਨੋਂ ਭੋਰਾ ਵੀ ਨਹੀਂ ਝਿਜਕਦੇ। (ਬਾਕੀ ਸਫ਼ਾ 30 'ਤੇ)



# ਕੀ ਮਿੱਠੀ ਜੇਲ੍ਹ ਹੈ ਕੈਨੇਡਾ?

## ਬਹੁਤ ਸੰਘਰਸ਼ਮਈ ਹੁੰਦਾ ਹੈ ਕੈਨੇਡਾ ’ਚ ਵਿਦਿਆਰਥੀ ਜੀਵਨ

## ਨਾ ਘਰ ਦੇ ਰਹੇ, ਨਾ ਘਾਟ ਦੇ, ਜਿਨ੍ਹਾਂ ਕੈਨੇਡਾ ਜਾਣ ਲਈ ਲਗਾਈ ‘ਡੰਕੀ’

## ਬੇਰੁਜ਼ਗਾਰੀ ਦੀਆਂ ਛਮਕਾਂ ਨੇ, ਤੋੜ ਦਿੱਤੇ ਵਿਦੇਸ਼ ਦੇ ਸੁਨਹਿਰੀ ਸੁਪਨੇ




**ਕਿਸੇ ਸਮੇਂ ਵਿਸ਼ਵ ਦੀ ਵੱਡੀ ਆਰਥਿਕ ਸ਼ਕਤੀ ਰਹੇ ਕੈਨੇਡਾ ਦੀ ਹਾਲਤ ਇਸ ਸਮੇਂ ਇਹ ਹੈ ਕਿ ਉਥੇ ਰੁਜ਼ਗਾਰ ਅਤੇ ਰਿਹਾਇਸ਼ ਦੀ ਘਾਟ, ਦਿਨੋਂ ਦਿਨ ਵੱਧ ਰਹੀ ਮਹਿੰਗਾਈ, ਸਿਹਤ ਅਤੇ ਆਵਾਜਾਈ ’ਤੇ ਵਧਦੇ ਦਬਾਅ ਸਮੇਤ ਅਨੇਕਾਂ ਵੱਡੀਆਂ ਸਮੱਸਿਆਂ ਵਿਕਰਾਲ ਰੂਪ ਵਿੱਚ ਸਾਹਮਣੇ ਆ ਰਹੀਆਂ ਹਨ, ਜਿਸ ਕਾਰਨ ਕੈਨੇਡਾ ਦੇ ਅਨੇਕਾਂ ਵਸਨੀਕ ਕੈਨੇਡਾ ਛੱਡ ਕੇ ਅਮਰੀਕਾ ਅਤੇ ਹੋਰ ਮੁਲਕਾਂ ’ਚ ਚਲੇ ਗਏ ਹਨ। ਕੈਨੇਡਾ ਦੀ ਨਵੀਂ ਸਰਕਾਰ ਭਾਵੇਂ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਉਪਰਾਲੇ ਕਰਨ ਦੇ ਦਾਅਵੇ ਕਰ ਰਹੀ ਹੈ, ਪਰ ਕੈਨੇਡਾ ਦੀ ਮੌਜੂਦਾ ਹਾਲਤ ਤੋਂ ਪੂਰੀ ਦੁਨੀਆ ਜਾਣੂ ਹੈ। ਕੈਨੇਡਾ ’ਚ ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਤਜਰਬਾ, ਕੰਮ ਨਾ ਮਿਲਣ ਦਾ ਦਬਾਅ ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਇਸ ਦੇ ਬਾਵਜੂਦ ਪੰਜਾਬ ਸਮੇਤ ਭਾਰਤ ਦੇ ਲੋਕਾਂ ਵਿੱਚ ਕੈਨੇਡਾ ਜਾਣ ਦੀ ਚਾਹਤ ਦਿਨੋਂ ਦਿਨ ਵੱਧ ਰਹੀ ਹੈ, ਉਹ ਜ਼ਰੂਰ ਕਈ ਸਵਾਲ ਖੜੇ ਕਰਦੀ ਹੈ।**



ਇੱਕ ਸਮਾਂ ਅਜਿਹਾ ਵੀ ਸੀ ਜਦੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦੀ ‘ਸੁਪਨ ਨਗਰੀ’ ਕਿਹਾ ਜਾਂਦਾ ਸੀ, ਪਰ ਹੁਣ ਇਹ ਸੁਪਨਾ ਟੁੱਟਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਅਮਰੀਕਾ ਤੋਂ ਬਾਅਦ ਕੈਨੇਡਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਹਰ ਦਿਨ ਭਾਰਤੀ ਵਿਦਿਆਰਥੀਆਂ ਦੇ ਜਹਾਜ਼ ਭਰ ਕੇ ਕੈਨੇਡਾ ਜਾਂਦੇ ਹਨ। ਕੈਨੇਡਾ ਜਾਣ ਵਾਲੇ ਇਹਨਾਂ ਵਿਦਿਆਰਥੀਆਂ ਦੀਆਂ ਅੱਖਾਂ ਵਿੱਚ ਅਨੇਕਾਂ ਸੁਪਨੇ ਹੁੰਦੇ ਹਨ ਪਰ ਜਦੋਂ ਕੈਨੇਡਾ ਜਾ ਕੇ ਉਨ੍ਹਾਂ ਦੇ ਸੁਪਨਿਆਂ ਤੋਂ ਉਲਟ ਉਥੋਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਇਹਨਾਂ ਵਿਦਿਆਰਥੀਆਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਭਾਰਤ ਵਿੱਚ ਜਿਹੜੇ ਵਿਦਿਆਰਥੀਆਂ ਨੇ ਆਪਣੇ ਹੱਥ ਨਾਲ ਪਾਣੀ ਦਾ ਗਿਲਾਸ ਵੀ ਨਹੀਂ ਚੁੱਕਿਆ ਹੁੰਦਾ, ਉਹਨਾਂ ਵਿਦਿਆਰਥੀਆਂ ਨੂੰ ਵੀ ਕੈਨੇਡਾ ਵਿੱਚ ਜਾ ਕੇ ਸ਼ਿਫ਼ਟਾਂ ਵਿੱਚ ਕੰਮ ਕਰਨਾ ਪੈਂਦਾ ਹੈ ਅਤੇ ਬੇਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਫਿਰ ਅਜਿਹੇ ਵਿਦਿਆਰਥੀ ਉਸ ਸਮੇਂ ਨੂੰ ਪਛਤਾਉਂਦੇ ਹਨ, ਜਦੋਂ ਉਹ ਦਿੱਲੀ ਦੇ ਏਅਰਪੋਰਟ ਦੀਆਂ ਰੰਗ ਬਿਰੰਗੀਆਂ ਰੌਸ਼ਨੀਆਂ ਵਿੱਚ ਅੱਖਾਂ ਵਿੱਚ ਅਨੇਕਾਂ ਗੁਲਾਬੀ ਸੁਪਨੇ ਲੈ ਕੇ ਕੈਨੇਡਾ ਲਈ ਜਹਾਜ਼ ਚੜ੍ਹੇ ਸਨ।



ਅੰਕੜੇ ਕਹਿੰਦੇ ਹਨ ਕਿ ਕੈਨੇਡਾ ਵਿੱਚ ਸਾਲ 2023 ਦੌਰਾਨ 1,040,985 ਕੌਮਾਂਤਰੀ ਵਿਦਿਆਰਥੀ ਸਟੱਡੀ ਵੀਜ਼ਾ ਉੱਤੇ ਰਹਿ ਰਹੇ ਸਨ। ਜੋ ਕਿ 2022 ਨਾਲੋਂ 29 ਫ਼ੀਸਦੀ ਵੱਧ ਸਨ। ਸਾਲ 2023 ਦੌਰਾਨ ਕੈਨੇਡਾ ਵਿੱਚ ਸਟੱਡੀ ਵੀਜ਼ੇ ’ਤੇ 487,085 ਭਾਰਤੀ ਵਿਦਿਆਰਥੀ ਸਨ, ਜੋ ਕਿ ਸਾਲ 2022 ਨਾਲੋਂ 33.8 ਵੱਧ ਸਨ। ਸੰਸਾਰ ਭਰ ਵਿਚਲੇ ਕੌਮਾਂਤਰੀ ਵਿਦਿਆਰਥੀਆਂ ਵਿੱਚੋਂ ਹਰ 10 ਵਿੱਚੋਂ 4 ਵਿਦਿਆਰਥੀ ਭਾਰਤੀ ਹਨ।

ਕੈਨੇਡਾ ਵਿੱਚ ਰਹਿ ਰਹੇ ਵਿਦਿਆਰਥੀ ਦੱਸਦੇ ਹਨ ਕਿ ਕੈਨੇਡਾ ਵਿੱਚ ਵਿਦਿਆਰਥੀ ਜੀਵਨ ਬਹੁਤ ਸੰਘਰਸ਼ਮਈ ਹੈ। ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਤਜਰਬਾ, ਕੰਮ ਨਾ ਮਿਲਣ ਦਾ ਦਬਾਅ, ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿਸਾ ਬਣੇ ਹੋਏ ਹਨ। ਭਾਰਤ ਦੇ ਵਿਦਿਆਰਥੀਆਂ ਵਿਚੋਂ ਸਭ ਤੋਂ ਜਿਆਦਾ ਗਿਣਤੀ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੀ ਹੈ। ਕੈਨੇਡਾ ਸਰਕਾਰ ਦੇ ਅਧਿਕਾਰਤ ਅੰਕੜਿਆਂ ਮੁਤਾਬਕ 2022 ਦੇ ਮੁਕਾਬਲੇ 2023 ਵਿੱਚ ਐਕਟਿਵ ਸਟੂਡੈਂਟ ਵੀਜ਼ਾ ਦੀ ਗਿਣਤੀ ਤਕਰੀਬਨ 29 ਫ਼ੀਸਦੀ ਵਧ ਕੇ ਕਰੀਬ 10 ਲੱਖ 40 ਹਜ਼ਾਰ ਹੋ ਗਈ। ਇਨ੍ਹਾਂ ਵਿਚੋਂ ਕਰੀਬ ਚਾਰ ਲੱਖ 87 ਹਜ਼ਾਰ ਭਾਰਤੀ ਵਿਦਿਆਰਥੀ ਸਨ। ਇਸ ਤੋਂ ਇਲਾਵਾ ਭਾਰਤੀ ਖਾਸ ਕਰਕੇ ਪੰਜਾਬੀ ਵਿਦਿਆਰਥੀਆਂ ਵਿੱਚ ਇੱਕ ਦੂਜੇ ਦੀ ਦੇਖਾ-ਦੇਖੀ ਵੀ ਕੈਨੇਡਾ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਕਈ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਦੇ ਮਾਪੇ ਉਹਨਾਂ ਨੂੰ ਕੈਨੇਡਾ ਜਾਣ ਦੀ ਥਾਂ ਭਾਰਤ ਵਿੱਚ ਰਹਿ ਕੇ ਹੀ ਉਚੇਰੀ ਪੜ੍ਹਾਈ ਕਰਨ ਲਈ ਕਹਿੰਦੇ ਹਨ ਪਰ ਵਿਦਿਆਰਥੀਆਂ ਵਿੱਚ ਕੈਨੇਡਾ ਜਾਣ ਦੀ ਧੁਨ ਛਾਈ ਹੋਣ ਕਰਕੇ ਮਾਪਿਆਂ ਨੂੰ ਨਾ ਚਾਹੁੰਦਿਆਂ ਵੀ ਆਪਣੇ ਧੀਆਂ ਪੁੱਤਰਾਂ ਨੂੰ ਉਚੇਰੀ ਪੜ੍ਹਾਈ ਲਈ ਕੈਨੇਡਾ ਭੇਜਣਾ ਪੈਂਦਾ ਹੈ।




ਕੈਨੇਡਾ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਕਹਿੰਦੇ ਹਨ ਕਿ ਕੈਨੇਡਾ ਤਾਂ ਉਹਨਾਂ ਲਈ ਮਿੱਠੀ ਜੇਲ੍ਹ ਹੈ, ਜਿਥੇ ਕਿ ਹਰ ਚੀਜ਼ ਮਿਲ ਜਾਂਦੀ ਹੈ ਪਰ ਇਥੇ ਉਹਨਾਂ ਨੂੰ ਅਪਣੱਤ ਨਹੀਂ ਮਿਲਦੀ ਅਤੇ ਇੱਥੇ ਇਹ ਗੱਲ ਕਹਿਣ ਵਾਲਾ ਕੋਈ ਨਹੀਂ ਹੁੰਦਾ ਕਿ ‘ਪੁੱਤਰ ਰੋਟੀ ਖਾ ਲਈ ਹੈ ਕਿ ਨਹੀਂ?’ ਸਭ ਕੁਝ ਮਸ਼ੀਨੀ ਹੋ ਗਿਆ ਹੈ ਅਤੇ ਕੈਨੇਡਾ ਆ ਕੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਸ਼ੀਨਾਂ ਨਾਲ ਮਸ਼ੀਨਾਂ ਵਰਗਾ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ।

ਕੈਨੇਡਾ ਵਿੱਚ ਵੱਡੀ ਗਿਣਤੀ ਵਿਦਿਆਰਥੀ ਗੁਰੂ ਘਰਾਂ ਦਾ ਆਸਰਾ ਲੈਂਦੇ ਹਨ। ਕਿਉਂਕਿ ਇਸ ਸਮੇਂ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ, ਉਥੇ ਹੀ ਰੁਜ਼ਗਾਰ ਦੇ ਸਾਧਨ ਘੱਟ ਹੋ ਰਹੇ ਹਨ।

ਕੈਨੇਡਾ ਆ ਕੇ ਹੀ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਸੁਪਨਿਆਂ ਅਤੇ ਅਸਲੀਅਤ ਵਿੱਚ ਵੱਡਾ ਅੰਤਰ ਹੋਣ ਦਾ ਪਤਾ ਚੱਲਦਾ ਹੈ ਪਰ ਇਸਦੇ ਬਾਵਜੂਦ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਵਿਦੇਸ਼ਾਂ ਦੇ ਵਿੱਚ ਵੱਸਣ ਦੇ ਲਈ ਦਿਨ ਰਾਤ ਇੱਕ ਕਰ ਰਹੇ ਹਨ। ਜਾਇਜ਼ ਤੇ ਨਾਜਾਇਜ਼ ਦੋਵਾਂ ਤਰ੍ਹਾਂ ਦੇ ਤਰੀਕੇ ਵਿਦੇਸ਼ ਜਾਣ ਲਈ ਅਪਣਾਏ ਜਾ ਰਹੇ ਹਨ। ਜਿਹੜੇ ਵਿਦਿਆਰਥੀ ਅਤੇ ਨੌਜਵਾਨ 25-30 ਲੱਖ ਰੁਪਏ ਲਗਾ ਕੇ ਕੈਨੇਡਾ ਜਾ ਰਹੇ ਹਨ, ਉਹਨਾਂ ਨੂੰ ਵੀ ਕੈਨੇਡਾ ’ਚ ਬੇਰੁਜ਼ਗਾਰੀ ਅਤੇ ਰਿਹਾਇਸ਼ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਕੈਨੇਡਾ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਕੈਨੇਡਾ ਜਾਣ ਲਈ 25-30 ਲੱਖ ਰੁਪਏ ਖ਼ਰਚਣ ਦੀ ਥਾਂ ਇਹਨਾਂ ਪੈਸਿਆਂ ਨਾਲ ਪੰਜਾਬ ’ਚ ਹੀ ਕੋਈ ਕੰਮ ਧੰਦਾ ਸ਼ੁਰੂ ਕਰਨ, ਜਿਸ ਨਾਲ ਉਹਨਾਂ ਨੂੰ ਚੰਗੀ ਆਮਦਨੀ ਵੀ ਹੋਵੇਗੀ ਅਤੇ ਉਹਨਾਂ ਨੂੰ ਆਪਣੇ ਪਰਿਵਾਰ ਅਤੇ ਜੱਦੀ ਘਰਾਂ ਤੋਂ ਦੂਰ ਵੀ ਨਹੀਂ ਹੋਣਾ ਪਵੇਗਾ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕਰੇ ਤਾਂ ਕਿ ਨੌਜਵਾਨਾਂ ਨੂੰ ਕਮਾਈ ਲਈ ‘ਕੈਨੇਡਾ’ ਜਾਣ ਦੀ ਲੋੜ ਨਾ ਪਵੇ।





# ਕੰਚਨ ਰਾਣੀ ਦੀ ਹੱਤਿਆ ਪਿੱਛੇ ਕਾਰਨਾਂ ਨੂੰ ਘੋਖਣ ਦੀ ਲੋੜ



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਪਿਛਲੇ ਦਿਨੀਂ ਸੋਸ਼ਲ ਮੀਡੀਆ ਪ੍ਰਭਾਵਕਾਰ (ਇਨਫ਼ਲੂਐਂਸਰ) ਕਮਲ ਕੌਰ ਭਾਬੀ ਉਰਫ਼ ਕੰਚਨ ਰਾਣੀ ਦੀ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਉਸ ਦੇ ਦੋ ਸਾਥੀਆਂ ਨਿਮਰਤ ਸਿੰਘ ਅਤੇ ਜਸਪ੍ਰੀਤ ਸਿੰਘ ਵੱਲੋਂ ਭੁੱਚੋ ਕਲਾਂ (ਬਠਿੰਡਾ) ਵਿੱਚ ਯੋਜਨਾਬੱਧ ਢੰਗ ਨਾਲ ਕੀਤੀ ਗਈ ਹੱਤਿਆ ਦੀ ਦੇਸ਼-ਵਿਦੇਸ਼ ਵਿੱਚ ਕਾਫ਼ੀ ਚਰਚਾ ਹੋ ਰਹੀ ਹੈ। ਖ਼ਾਸ ਕਰਕੇ ਸੋਸ਼ਲ ਮੀਡੀਆ ’ਤੇ ਹੱਤਿਆ ਦੇ ਵਿਰੋਧ ਅਤੇ ਹੱਕ ਵਿੱਚ ਪੋਸਟਾਂ ਪਾਈਆਂ ਜਾ ਰਹੀਆਂ ਹਨ। ਇਸ ਹੱਤਿਆ ਨਾਲ ਚਾਰ ਗੱਲਾਂ ਉੱਭਰ ਕੇ ਸਾਹਮਣੇ ਆਈਆਂ ਹਨ

(1) ਕੀ ਕਮਲ ਕੌਰ ਭਾਬੀ ਉਰਫ਼ ਕੰਚਨ ਕੁਮਾਰੀ ਦੀ ਇਸ ਆਧਾਰ ’ਤੇ ਹੱਤਿਆ ਕਰਨਾ ਸਹੀ ਹੈ ਕਿ ਉਹ ਸੋਸ਼ਲ ਮੀਡੀਆ ’ਤੇ ਆਪਣੇ ਵੱਲੋਂ ਬਣਾ ਕੇ ਅਸ਼ਲੀਲ ਵੀਡੀਓਜ਼ ਪਾਉਂਦੀ ਸੀ?

(2) ਕੀ ਸੋਸ਼ਲ ਮੀਡੀਆ ’ਤੇ ਮੀਡੀਆ ਪ੍ਰਭਾਵਕਾਰਾਂ ਅਤੇ ਹੋਰ ਵਰਤੋਂਕਾਰਾਂ ਵੱਲੋਂ ਹਰ ਤਰ੍ਹਾਂ ਦੀ ਲੱਚਰ ਤੇ ਅਸ਼ਲੀਲ ਸਮੱਗਰੀ ਪਾਉਣਾ ਸਹੀ ਹੈ?

(3) ਕੀ ਸਮਾਜ ਅਤੇ ਖ਼ਾਸ ਕਰਕੇ ਨਵੀਂ ਪੀੜ੍ਹੀ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸੋਸ਼ਲ ਮੀਡੀਆ ’ਤੇ ਸਮੱਗਰੀ (ਕੰਟੈਂਟ) ਪਾਉਣ ਸੰਬੰਧੀ ਕੋਈ ਅਗਵਾਈ ਲੀਹਾਂ ਨਹੀਂ ਬਣਨੀਆਂ ਚਾਹੀਦੀਆਂ?

(4) ਕੀ ਪ੍ਰਸਤਾਵਿਤ ਅਗਵਾਈ ਲੀਹਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਇਕ ਨਿਸਚਿਤ ਸਮੇਂ ਵਿੱਚ ਕਾਰਵਾਈ ਕਰਨ ਅਤੇ ਉਨ੍ਹਾਂ ਵੱਲੋਂ ਪਾਈ ਗਈ ਅਸ਼ਲੀਲ ਅਤੇ ਲੱਚਰ ਸਮੱਗਰੀ ਜਾਂ ਸਮਾਜ ਨੂੰ ਹੋਰ ਪੱਖਾਂ ਤੋਂ ਨੁਕਸਾਨ ਪਹੁੰਚਾਉਣ ਵਾਲੀ ਸਮੱਗਰੀ ਨੂੰ ਹਟਾਉਣ ਲਈ ਕੋਈ ਵਿਵਸਥਾ ਨਹੀਂ ਬਣਨੀ ਚਾਹੀਦੀ?

ਇਸ ਸੰਬੰਧ ਵਿਚ ਸਪੱਸ਼ਟ ਤੌਰ ’ਤੇ ਸਾਡੀ ਇਹ ਰਾਇ ਹੈ ਕਿ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਫ਼ੇਸਬੁੱਕ, ਯੂ-ਟਿਊਬ, ਇੰਸਟਾਗ੍ਰਾਮ ਅਤੇ ਹੋਰ ਮੌਜੂਦਾ ਮੀਡੀਆ ਪਲੇਟਫ਼ਾਰਮਾਂ ’ਤੇ ਅਸ਼ਲੀਲ, ਲੱਚਰ ਤੇ ਨਫ਼ਰਤ ਪੈਦਾ ਕਰਨ ਵਾਲੀ ਪਾਈ ਜਾ ਰਹੀ ਸਮੱਗਰੀ (ਵੀਡੀਓਜ਼ ਤੇ ਟੈਕਸਟ ਪੋਸਟਾਂ) ਇੱਕ ਅੰਤਰਰਾਸ਼ਟਰੀ ਪੱਧਰ ਦੀ ਬਹੁਤ ਵੱਡੀ ਸਮੱਸਿਆ ਹੈ। ਇਸ ਨੂੰ ਹੱਲ ਕਰਨ ਲਈ ਦੇਸ਼ ਅਤੇ ਹਰ ਦੇਸ਼ ਅੰਦਰਲੇ ਸਥਾਨਕ ਪ੍ਰਸੰਸਕਾਂ ਨੂੰ ਢੁਕਵੀਂ ਵਿਵਸਥਾ ਬਣਾਉਣ ਦੀ ਲੋੜ ਹੈ। ਇਸ ਸੰਬੰਧੀ ਹੁਣ ਤੱਕ ਭਾਰਤ ਵਿੱਚ ਰਾਸ਼ਟਰੀ ਪੱਧਰ ’ਤੇ ਬਣੇ ਕਾਨੂੰਨ ਤੇ ਹੋਏ ਯਤਨ ਢੁਕਵੇਂ ਸਾਬਤ ਨਹੀਂ ਹੋ ਸਕੇ। ਵੱਡੀ ਪੱਧਰ ’ਤੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਲੱਚਰ, ਅਸ਼ਲੀਲ ਤੇ ਨਫ਼ਰਤ ਪੈਦਾ ਕਰਨ ਵਾਲੀ ਸਮੱਗਰੀ ਮੌਜੂਦ ਹੈ। ਪਰ ਫ਼ਿਰ ਵੀ ਕਿਸੇ ਵੀ ਧਿਰ ਜਾਂ ਵਿਅਕਤੀ ਨੂੰ ਇੱਕ ਜਮਹੂਰੀ ਅਤੇ ਕਾਨੂੰਨ ਦੇ ਸ਼ਾਸਨ ਵਾਲੇ ਦੇਸ਼ ਵਿਚ ਇਹ ਹੱਕ ਹਾਸਿਲ ਨਹੀਂ ਹੈ ਕਿ ਉਹ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਲੱਚਰ ਜਾਂ ਅਸ਼ਲੀਲ ਸਮੱਗਰੀ ਪਾਉਣ ਵਾਲੇ ਵਿਅਕਤੀਆਂ ਨੂੰ ਕਾਨੂੰਨ ਆਪਣੇ ਹੱਥ ਵਿੱਚ ਲੈਂਦਿਆਂ ਕਤਲ ਕਰਨ ਜਾਂ ਹੋਰ ਢੰਗਾਂ ਨਾਲ ਉਨ੍ਹਾਂ ਨੂੰ ਜਾਨੀ ਤੇ ਮਾਲੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ ਕਰੇ। ਇਸ ਸੰਬੰਧ ਵਿੱਚ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੀਤੀ ਗਈ ਇਹ ਹਰਕਤ ਕਾਨੂੰਨ ਅਤੇ ਸਮਾਜ ਦੇ ਵੱਡੇ ਹਿੱਸਿਆਂ ਦੀ ਨਜ਼ਰ ਵਿੱਚ ਇੱਕ ਅਪਰਾਧ ਹੈ ਅਤੇ ਇਸ ਅਪਰਾਧ ਦੀ ਸੰਬੰਧਿਤ ਦੋਸ਼ੀਆਂ ਨੂੰ ਸਜ਼ਾ ਭੁਗਤਣੀ ਹੀ ਪਵੇਗੀ। ਜਿਹੜੇ ਲੋਕ ਕਮਲ ਕੌਰ ਭਾਬੀ ਉਰਫ਼ ਕੰਚਨ ਰਾਣੀ ਦੇ ਕਤਲ ਨੂੰ ਸਹੀ ਠਹਿਰਾ ਰਹੇ ਹਨ, ਉਹ ਨਾ ਕਾਨੂੰਨ ਦੇ ਪੱਖ ਤੋਂ ਅਤੇ ਨਾ ਹੀ ਸਮਾਜਿਕ ਸਰੋਕਾਰਾਂ ਦੇ ਪੱਖ ਤੋਂ ਸਹੀ ਕਰ ਰਹੇ ਹਨ, ਸਗੋਂ ਉਹ ਲੋਕ ਸਮਾਜ ਵਿੱਚ ਅਰਾਜਕਤਾ ਨੂੰ ਵਧਾਉਣ ਅਤੇ ਹੋਰ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਕਾਨੂੰਨ ਹੱਥ ਵਿੱਚ ਲੈਣ ਲਈ ਉਕਸਾਉਣ ਦਾ ਕੰਮ ਕਰ ਰਹੇ ਹਨ। ਸਾਡੇ ਦੇਸ਼ ਦੀ ਰਾਜਨੀਤਕ ਅਤੇ ਕਾਨੂੰਨੀ ਵਿਵਸਥਾ ਵਿੱਚ ਬਹੁਤ ਸਾਰੇ ਨੁਕਸ ਹੋ ਸਕਦੇ ਹਨ ਪਰ ਜੇਕਰ ਸਾਨੂੰ ਕਿਸੇ ਧਿਰ ਜਾਂ ਵਿਅਕਤੀ ਦੇ ਖ਼ਿਲਾਫ਼ ਸ਼ਿਕਾਇਤ ਹੈ ਜਾਂ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਦੀਆਂ ਕਾਰਵਾਈਆਂ ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ ਨਹੀਂ ਹਨ ਤਾਂ ਸਾਡੇ ਕੋਲ ਕਾਰਵਾਈ ਲਈ ਦੋ ਬਦਲ ਹੁੰਦੇ ਹਨ (1) ਇਸ ਸੰਬੰਧੀ ਸੰਬੰਧਿਤ ਅਥਾਰਿਟੀ ਨੂੰ ਸ਼ਿਕਾਇਤ ਕੀਤੀ ਜਾਵੇ। (2) ਇਸ ਸੰਬੰਧੀ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਤੇ ਸੰਬੰਧਿਤ ਲੋਕਾਂ ਦਾ ਜਥੇਬੰਦਕ ਤੌਰ ’ਤੇ ਵਿਰੋਧ ਕਰਨ ਲਈ ਯੋਜਨਾਬੱਧ ਢੰਗ ਨਾਲ ਯਤਨ ਕੀਤੇ ਜਾਣ। ਅਸੀਂ ਸਾਰੇ ਇਹ ਵੀ ਜਾਣਦੇ ਹਾਂ ਕਿ ਕੇਂਦਰ ਸਰਕਾਰ ਨੇ ਯਤਨ ਕਰਕੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਫ਼ੇਸਬੁੱਕ, ਯੂ-ਟਿਊਬ ਤੇ ਇੰਸਟਾਗ੍ਰਾਮ ਆਦਿ ਨੂੰ ਕਾਨੂੰਨ ਬਣਾ ਕੇ ਇਸ ਗੱਲ ਲਈ ਮਜਬੂਰ ਕੀਤਾ ਹੈ ਕਿ ਉਹ ਭਾਰਤ ਵਿੱਚ ਆਪਣੇ ਪ੍ਰਤੀਨਿਧ ਨਿਯੁਕਤ ਕਰਨ ਅਤੇ ਲੋਕਾਂ ਵਲੋਂ ਕੀਤੀਆਂ ਜਾ ਰਹੀਆਂ ਸ਼ਿਕਾਇਤਾਂ ਨੂੰ ਮੁੱਖ ਰੱਖਦਿਆਂ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਪਾਈ ਗਈ ਲੱਚਰ, ਅਸ਼ਲੀਲ ਅਤੇ ਸਮਾਜ ਵਿੱਚ ਨਫ਼ਰਤ ਫ਼ੈਲਾਉਣ ਵਾਲੀ ਸਮੱਗਰੀ ਨੂੰ ਆਪਣੇ ਪਲੇਟਫ਼ਾਰਮਾਂ ਤੋਂ ਤੇਜ਼ੀ ਨਾਲ ਹਟਾਉਣ ਦਾ ਕੰਮ ਕਰਨ। ਇਸ ਸੰਬੰਧ ਵਿੱਚ ਸਮੇਂ-ਸਮੇਂ ਲੋਕਾਂ ਵੱਲੋਂ ਸ਼ਿਕਾਇਤਾਂ ਵੀ ਕੀਤੀਆਂ ਜਾਂਦੀਆਂ ਹਨ ਤੇ ਸੰਬੰਧਿਤ ਸੋਸ਼ਲ ਮੀਡੀਆ ਪਲੇਟਫ਼ਾਰਮ ਉਨ੍ਹਾਂ ’ਤੇ ਕਾਰਵਾਈ ਕਰਦੇ ਹੋਏ ਵੱਖ-ਵੱਖ ਲੋਕਾਂ ਦੇ ਖਾਤਿਆਂ ਨੂੰ ਬੰਦ ਵੀ ਕਰਦੇ ਹਨ ਅਤੇ ਕਈ ਵਾਰ ਉਨ੍ਹਾਂ ’ਤੇ ਆਰਜ਼ੀ ਤੌਰ ’ਤੇ ਵੀ ਰੋਕਾਂ ਲਾਉਂਦੇ ਹਨ। ਇਸ ਤੋਂ ਇਲਾਵਾ ਜੇਕਰ ਪੁਲਿਸ ਕੋਲ ਇਸ ਸੰਬੰਧ ਵਿਚ ਕੋਈ ਸ਼ਿਕਾਇਤ ਕਰਦਾ ਹੈ ਤਾਂ ਉਹ ਵੀ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਗ਼ਲਤ ਸਮੱਗਰੀ ਪਾਉਣ ਵਾਲਿਆਂ ਦੇ ਖ਼ਿਲਾਫ਼ ਐਫ਼.ਆਈ.ਆਰ. ਦਰਜ ਕਰਕੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੱਕ ਪਹੁੰਚ ਰਾਹੀਂ ਇਤਰਾਜ਼ਯੋਗ ਸਮੱਗਰੀ ਨੂੰ ਹਟਾਉਣ ਦੀ ਕਾਰਵਾਈ ਕਰਦੀ ਹੈ। ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕੀਤੀ ਜਾਂਦੀ ਹੈ। ਬਿਨਾਂ ਸ਼ੱਕ ਇਸ ਸੰਬੰਧ ਵਿਚ ਸ਼ਿਕਾਇਤਾਂ ਕਰਨ ਵਾਲਿਆਂ ਨੂੰ ਵਾਜਿਬ ਤੌਰ ’ਤੇ ਇਹ ਸ਼ਿਕਾਇਤ ਰਹਿੰਦੀ ਹੈ ਕਿ ਸਰਕਾਰੀ ਪ੍ਰਸ਼ਾਸਨ ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮ ਚਲਾਉਣ ਵਾਲੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਕੰਪਨੀਆਂ ਦੋਸ਼ੀਆਂ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਵਿੱਚ ਬਹੁਤੀ ਵਾਰ ਕਾਫ਼ੀ ਸਮਾਂ ਲਗਾ ਦਿੰਦੀਆਂ ਹਨ ਤੇ ਉਦੋਂ ਤੱਕ ਅਸ਼ਲੀਲ, ਲੱਚਰ ਤੇ ਇਤਰਾਜ਼ਯੋਗ ਸਮੱਗਰੀ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਚੱਲਦੀ ਰਹਿੰਦੀ ਹੈ, ਜਿਨ੍ਹਾਂ ਵਿਅਕਤੀਆਂ ਨਾਲ ਸੰਬੰਧਿਤ ਉਹ ਸਮੱਗਰੀ ਹੋਵੇ ਉਨ੍ਹਾਂ ਦੇ ਅਕਸ ’ਤੇ ਵੀ ਉਸ ਨਾਲ ਬੁਰਾ ਅਸਰ ਪੈਂਦਾ ਹੈ ਤੇ ਅਜਿਹੀ ਸਮੱਗਰੀ ਸਮਾਜ ਨੂੰ ਵੀ ਨੁਕਸਾਨ ਪਹੁੰਚਾਉਂਦੀ ਰਹਿੰਦੀ ਹੈ। ਲੋੜ ਇਸ ਗੱਲ ਦੀ ਹੈ ਕਿ ਸੋਸ਼ਲ ਮੀਡੀਆ ਨੂੰ ਨਿਯਮਿਤ ਕਰਨ ਲਈ ਜੋ ਕੇਂਦਰ ਸਰਕਾਰ ਵਲੋਂ ਕਾਨੂੰਨ ਬਣਾਏ ਗਏ ਹਨ, ਉਨ੍ਹਾਂ ਦਾ ਅਧਿਐਨ ਕਰਕੇ ਉਨ੍ਹਾਂ ਨੂੰ ਹੋਰ ਵਧੇਰੇ ਸਖ਼ਤ ਤੇ ਕੁਸ਼ਲ ਬਣਾਇਆ ਜਾਵੇ, ਤਾਂ ਜੋ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਸਮੱਗਰੀ ਪਾਉਣ ਵਾਲਿਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾ ਸਕੇ ਅਤੇ ਅਜਿਹੀ ਸਮੱਗਰੀ ਤੋਂ ਸਮਾਜ ਨੂੰ ਹੋਣ ਵਾਲੇ ਨੁਕਸਾਨ ਨੂੰ ਵੀ ਰੋਕਿਆ ਜਾ ਸਕੇ।

ਇਸ ਸੰਬੰਧ ਵਿਚ ਲੋਕਾਂ ਨੂੰ ਇਹ ਵੀ ਸ਼ਿਕਾਇਤ ਹੈ ਕਿ ਕੇਂਦਰੀ ਸਰਕਾਰ ਅਤੇ ਵੱਖ-ਵੱਖ ਸੂਬਾਈ ਸਰਕਾਰਾਂ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਉਨ੍ਹਾਂ ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਨ ਵਾਲੀ ਸਮੱਗਰੀ ਨੂੰ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਨੂੰ ਚਲਾਉਣ ਵਾਲੀਆਂ ਕੰਪਨੀਆਂ ’ਤੇ ਦਬਾਅ ਪਾ ਕੇ ਹਟਵਾਉਣ ਲਈ ਤਾਂ ਤੁਰੰਤ ਕਾਰਵਾਈ ਕਰਦੀਆਂ ਹਨ। ਅਜਿਹੀ ਸਮੱਗਰੀ ਪਾਉਣ ਵਾਲਿਆਂ ਦੇ ਖ਼ਿਲਾਫ਼ ਛੇਤੀ ਤੋਂ ਛੇਤੀ ਕੇਸ ਵੀ ਦਰਜ ਹੋ ਜਾਂਦੇ ਹਨ ਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋ ਜਾਂਦੀਆਂ ਹਨ। ਪਰ ਲੱਚਰ, ਅਸ਼ਲੀਲ ਅਤੇ ਸਮਾਜ ਵਿੱਚ ਨਫ਼ਰਤ ਪੈਦਾ ਕਰਨ ਵਾਲੀ ਸਮੱਗਰੀ ਨੂੰ ਹਟਾਉਣ ਲਈ ਸਰਕਾਰਾਂ ਵੱਲੋਂ ਓਨੀ ਤੇਜ਼ੀ ਨਾਲ ਕਾਰਵਾਈ ਨਹੀਂ ਕੀਤੀ ਜਾਂਦੀ।





(ਬਾਕੀ ਸਫ਼ਾ 31 ’ਤੇ)

# ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਸੰਵਿਧਾਨਕ ਕਮਜ਼ੋਰੀ ਅਤੇ ਕਾਨੂੰਨੀ ਸਵਾਲ



ਸੁਰੇਸ਼ ਕੁਮਾਰ



ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.), ਜੋ ਪੰਜਾਬ ਪੁਨਰ-ਗਠਨ ਐਕਟ-1966 ਦੀ ਧਾਰਾ 79 ਅਧੀਨ ਸਥਾਪਿਤ ਕੀਤਾ ਗਿਆ ਸੀ, ਉੱਤਰੀ ਭਾਰਤ ਵਿੱਚ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਅਤੇ ਇਨ੍ਹਾਂ ਨਾਲ ਜੁੜੇ ਪਣ-ਬਿਜਲੀ ਪ੍ਰਾਜੈਕਟਾਂ ਦੇ ਪ੍ਰਬੰਧਨ ਲਈ ਇੱਕ ਅਹਿਮ ਪ੍ਰਸ਼ਾਸਕੀ ਸੰਸਥਾ ਹੈ। ਪਰ ਇਸ ਦੀ ਕਾਨੂੰਨੀ ਸਥਿਤੀ ਸੰਵਿਧਾਨਕ ਤੌਰ ’ਤੇ ਕਮਜ਼ੋਰ ਹੈ, ਕਿਉਂਕਿ ਇਹ ਪੰਜਾਬ ਪੁਨਰ-ਗਠਨ ਐਕਟ ’ਤੇ ਨਿਰਭਰ ਕਰਦੀ ਹੈ, ਜੋ ਸੰਵਿਧਾਨ ਦੀ ਧਾਰਾ 3 ਅਧੀਨ ਬਣਿਆ ਸੀ। ਇਹ ਐਕਟ ਮੁੱਖ ਤੌਰ ’ਤੇ ਰਾਜਾਂ ਦੀਆਂ ਸਰਹੱਦਾਂ ਅਤੇ ਨਾਵਾਂ ਦੀ ਰੱਦੋ-ਬਦਲ ਨਾਲ ਸਬੰਧਤ ਹੈ, ਨਾ ਕਿ ਅੰਤਰ-ਰਾਜੀ ਦਰਿਆਈ ਪ੍ਰਬੰਧਨ ਨਾਲ। ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਪਹਿਲੀ ਸੂਚੀ ਦੀ ਐਂਟਰੀ 56 ਅਤੇ ਧਾਰਾ 262 ਅੰਤਰ-ਰਾਜੀ ਦਰਿਆਵਾਂ ਦੀ ਰੈਗੂਲੇਸ਼ਨ ਨੂੰ ਸੰਸਦ ਦੇ ਵਿਧਾਨਕ ਅਧਿਕਾਰ ਅਧੀਨ ਰੱਖਦੀ ਹੈ, ਪਰ ਬੀ.ਬੀ.ਐੱਮ.ਬੀ. ਦੀ ਸਥਾਪਨਾ ਇਸ ਸੰਵਿਧਾਨਕ ਚੌਖਟੇ ਨਾਲ ਮੇਲ ਨਹੀਂ ਖਾਂਦੀ।1966 ਵਿੱਚ ਪੰਜਾਬ ਦੀ ਵੰਡ ਤੋਂ ਬਾਅਦ, ਜਦੋਂ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀ ਸਿਰਜਣਾ ਹੋਈ, ਤਾਂ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਮਸਲਾ ਸਿਆਸੀ ਅਤੇ ਪ੍ਰਸ਼ਾਸਕੀ ਤੌਰ ’ਤੇ ਪੇਚੀਦਾ ਸੀ। ਕੇਂਦਰ ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ ਬੀ.ਬੀ.ਐੱਮ.ਬੀ. ਦੀ ਸਥਾਪਨਾ ਕੀਤੀ, ਜੋ ਇੱਕ ਅਰਧ-ਸਥਾਈ ਪ੍ਰਸ਼ਾਸਕੀ ਢਾਂਚੇ ਵਜੋਂ ਕੰਮ ਕਰਦੀ ਹੈ। ਪਰ ਇਹ ਇੱਕ ਅਸਥਾਈ ਹੱਲ ਸੀ, ਜਿਸ ਨੂੰ ਸੰਵਿਧਾਨਕ ਮਜ਼ਬੂਤੀ ਨਹੀਂ ਮਿਲੀ। ਇਸ ਦੀ ਕਾਨੂੰਨੀ ਸਥਿਤੀ ਨੂੰ 1980 ਅਤੇ 2008 ਵਿੱਚ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ, ਪਰ ਮਸਲਾ ਅਣਸੁਲਝਿਆ ਰਿਹਾ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਪੁਨਰ-ਗਠਨ ਐਕਟ ਦੀਆਂ ਧਾਰਾਵਾਂ (78, 79, 80) ਸੰਵਿਧਾਨ ਦੀ ਧਾਰਾ 262 ਨਾਲ ਸੰਘਰਸ਼ ਕਰਦੀਆਂ ਹਨ, ਜੋ ਅੰਤਰ-ਰਾਜੀ ਜਲ ਪ੍ਰਬੰਧਨ ਲਈ ਸੰਸਦ ਦੀ ਵਿਧਾਨਕ ਸ਼ਕਤੀ ਨੂੰ ਸਪੱਸ਼ਟ ਕਰਦੀ ਹੈ।ਇਸ ਕਮਜ਼ੋਰ ਕਾਨੂੰਨੀ ਆਧਾਰ ਕਾਰਨ ਬੀ.ਬੀ.ਐੱਮ.ਬੀ. ਦੀ ਹੋਂਦ ਸੰਵਿਧਾਨਕ ਸਵਾਲ ਖੜ੍ਹੇ ਕਰਦੀ ਹੈ। ਇਹ ਸੰਸਥਾ ਫੈਡਰਲਿਜ਼ਮ, ਰਿਪੇਰੀਅਨ ਹੱਕਾਂ (ਦਰਿਆਈ ਰਾਜਾਂ ਦੇ ਕੁਦਰਤੀ ਅਧਿਕਾਰਾਂ) ਅਤੇ ਜਲ ਸ਼ਾਸਨ ਦੇ ਸਿਧਾਂਤਾਂ ਦੇ ਵਿਰੁੱਧ ਜਾਪਦੀ ਹੈ। ਸੰਵਿਧਾਨ ਦੀ ਐਂਟਰੀ 56 ਅਧੀਨ, ਅੰਤਰ-ਰਾਜੀ ਦਰਿਆਵਾਂ ਦਾ ਪ੍ਰਬੰਧਨ ਸੰਸਦ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਅਤੇ ਅੰਤਰ-ਰਾਜੀ ਨਦੀ ਜਲ ਵਿਵਾਦ ਐਕਟ-1956 ਇਸ ਦਾ ਮੁੱਖ ਕਾਨੂੰਨੀ ਢਾਂਚਾ ਹੈ।

ਪਰ ਬੀ.ਬੀ.ਐੱਮ.ਬੀ. ਦੀ ਸਥਾਪਨਾ ਇਸ ਐਕਟ ਦੀ ਬਜਾਏ ਪੰਜਾਬ ਪੁਨਰ-ਗਠਨ ਐਕਟ ’ਤੇ ਅਧਾਰਤ ਹੈ, ਜੋ ਇਸ ਨੂੰ ਸੰਵਿਧਾਨਕ ਤੌਰ ’ਤੇ ਅਸਥਿਰ ਬਣਾਉਂਦੀ ਹੈ।

ਬੀ.ਬੀ.ਐੱਮ.ਬੀ. ਦੀ ਸਥਾਪਨਾ ਸਿਆਸੀ ਸੁਵਿਧਾ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਸੀ, ਪਰ ਇਸ ਦੀ ਬਣਤਰ ਅਤੇ ਕਾਰਜਪ੍ਰਣਾਲੀ ਦਰਿਆਈ ਸਿਧਾਂਤਾਂ ਨੂੰ ਕਮਜ਼ੋਰ ਕਰਦੀ ਹੈ। ਕੌਮਾਂਤਰੀ ਜਲ ਕਾਨੂੰਨਾਂ ਅਨੁਸਾਰ, ਦਰਿਆਈ ਰਾਜ (ਜਿਨ੍ਹਾਂ ਦੇ ਖੇਤਰਾਂ ਵਿੱਚੋਂ ਦਰਿਆ ਵਹਿੰਦੇ ਹਨ) ਨੂੰ ਪਾਣੀ ’ਤੇ ਮੁੱਖ ਅਧਿਕਾਰ ਹੁੰਦੇ ਹਨ। ਸਤਲੁਜ ਅਤੇ ਬਿਆਸ ਮੁੱਖ ਤੌਰ ’ਤੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚੋਂ ਵਹਿੰਦੇ ਹਨ, ਪਰ ਬੀ.ਬੀ.ਐੱਮ.ਬੀ. ਹਰਿਆਣਾ ਅਤੇ ਰਾਜਸਥਾਨ ਨੂੰ ਵੀ ਬਰਾਬਰ ਦਾ ਫੈਸਲਾ-ਸੱਤਾ ਦਿੰਦੀ ਹੈ, ਜੋ ਇਨ੍ਹਾਂ ਦਰਿਆਵਾਂ ਦੇ ਕੁਦਰਤੀ ਵਹਾਅ ਵਾਲੇ ਖੇਤਰ ਨਹੀਂ ਹਨ। ਇਹ ਵਿਵਸਥਾ ਦਰਿਆਈ ਰਾਜਾਂ ਦੇ ਜਾਇਜ਼ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਦੀ ਹੈ ਅਤੇ ਜਲ ਵਿਗਿਆਨ ਦੀਆਂ ਸਚਾਈਆਂ ਨੂੰ ਖਾਰਜ ਕਰਦੀ ਹੈ।ਹਰਿਆਣਾ ਅਤੇ ਰਾਜਸਥਾਨ ਨੂੰ ਦਿੱਤੀ ਗਈ ਸਮਾਨ ਸੱਤਾ ਯਮੁਨਾ ਅਤੇ ਘੱਗਰ ਵਰਗੇ ਦਰਿਆਵਾਂ ’ਤੇ ਹਰਿਆਣਾ ਦੇ ਪੂਰਨ ਅਧਿਕਾਰਾਂ ਦੇ ਉਲਟ ਹੈ, ਜੋ ਪੰਜਾਬ ਵਿੱਚੋਂ ਨਹੀਂ ਵਹਿੰਦੇ। ਇਹ ਚੋਣਵੀਂ ਨੀਤੀ ਅੰਤਰ-ਰਾਜੀ ਜਲ ਵੰਡ ਵਿੱਚ ਕੁਦਰਤੀ ਇਨਸਾਫ ਦੀ ਘਾਟ ਨੂੰ ਉਜਾਗਰ ਕਰਦੀ ਹੈ। ਰਾਜਸਥਾਨ, ਜੋ ਨਹਿਰਾਂ ਰਾਹੀਂ ਇਨ੍ਹਾਂ ਦਰਿਆਵਾਂ ਦਾ ਪਾਣੀ ਪ੍ਰਾਪਤ ਕਰਦਾ ਹੈ, ਦਾ ਹੱਕ ਭਾਵਨਾਤਮਕ ਅਤੇ ਮਾਰੂਥਲੀ ਖੇਤਰ ਦੀਆਂ ਲੋੜਾਂ ’ਤੇ ਅਧਾਰਿਤ ਹੈ, ਨਾ ਕਿ ਕਿਸੇ ਭੂਗੋਲਿਕ ਜਾਂ ਕਾਨੂੰਨੀ ਵਾਜਬੀਅਤ ’ਤੇ। ਇਹ ਵਿਵਸਥਾ ਬਰਾਬਰ ਵਰਤੋਂ ਦੇ ਸਿਧਾਂਤ ਨੂੰ ਵਿਗਾੜਦੀ ਹੈ, ਜਿਸ ਨਾਲ ਪੰਜਾਬ ਅਤੇ ਹਿਮਾਚਲ ’ਤੇ ਵਾਤਾਵਰਨਕ ਅਤੇ ਵਿੱਤੀ ਬੋਝ ਵਧਦਾ ਹੈ।

ਬੀ.ਬੀ.ਐੱਮ.ਬੀ. ਦੀ ਸਥਾਪਨਾ ਸਿਆਸੀ ਸੌਦੇਬਾਜ਼ੀ ਦਾ ਨਤੀਜਾ ਜਾਪਦੀ ਹੈ, ਜਿਸ ਨੇ ਅੰਤਰ-ਰਾਜੀ ਜਲ ਵਿਵਾਦ ਐਕਟ-1956 ਦੀ ਨਿਆਂਇਕ ਪ੍ਰਕਿਰਿਆ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਪਰ ਇਸ ਨਾਲ ਸੰਵਿਧਾਨਕ ਖਲਾਅ ਪੈਦਾ ਹੋਇਆ, ਜਿਸ ਕਾਰਨ ਬੋਰਡ ਸੰਸਦੀ ਅਤੇ ਨਿਆਂਇਕ ਨਿਗਰਾਨੀ ਤੋਂ ਮੁਕਤ ਹੋ ਗਿਆ। ਇਸ ਦੇ ਫੈਸਲੇ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ, ਪਰ ਇਸ ਦੀ ਕਾਨੂੰਨੀ ਜਵਾਬਦੇਹੀ ਅਸਪਸ਼ਟ ਹੈ, ਜੋ ਫੈਡਰਲ ਸ਼ਾਸਨ ਦੇ ਸਿਧਾਂਤਾਂ ਨੂੰ ਚੁਣੌਤੀ ਦਿੰਦੀ ਹੈ।

ਸੁਧਾਰ ਦੀ ਲੋੜ ਅਤੇ ਸੰਭਾਵੀ ਹੱਲ

ਇਸ ਸਮੱਸਿਆ ਦੇ ਹੱਲ ਲਈ, ਭਾਰਤ ਸਰਕਾਰ ਨੂੰ ਸੰਵਿਧਾਨ ਦੀ ਪਹਿਲੀ ਸੂਚੀ ਦੀ ਐਂਟਰੀ 56 ਅਧੀਨ ਇੱਕ ਵਿਆਪਕ ਕਾਨੂੰਨ ਬਣਾਉਣਾ ਚਾਹੀਦਾ, ਜੋ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦੇ ਪ੍ਰਬੰਧਨ ਅਤੇ ਵੰਡ ਨੂੰ ਸੰਵਿਧਾਨਕ ਢੰਗ ਨਾਲ ਸੰਬੋਧਿਤ ਕਰੇ। ਅਣਸੁਲਝੇ ਵਿਵਾਦਾਂ ਨੂੰ ਅੰਤਰ-ਰਾਜੀ ਜਲ ਵਿਵਾਦ ਟ੍ਰਿਬਿਊਨਲ ਵਿੱਚ ਭੇਜਣ ਦਾ ਪ੍ਰਬੰਧ ਹੋਵੇ।ਇਹ ਕਾਨੂੰਨ ਕੌਮਾਂਤਰੀ ਜਲ ਸਿਧਾਂਤਾਂ, ਜਿਵੇਂ ਸੰਯੁਕਤ ਰਾਸ਼ਟਰ ਸੰਧੀ (1997) ਦੇ ਸਿਧਾਂਤਾਂ (ਬਰਾਬਰ ਵਰਤੋਂ, ਨੁਕਸਾਨ ਨਾ ਪਹੁੰਚਾਉਣ) ਨੂੰ ਵੀ ਸ਼ਾਮਲ ਕਰੇ। ਇਸ ਨਾਲ ਪਾਰਦਰਸ਼ਤਾ, ਨਿਆਂਇਕ ਨਿਗਰਾਨੀ ਅਤੇ ਸਹਿਕਾਰੀ ਫੈਡਰਲਿਜ਼ਮ ਨੂੰ ਮਜ਼ਬੂਤੀ ਮਿਲੇਗੀ।

# ਪੰਜਾਬ ਨੂੰ ਖ਼ੁਸ਼ਹਾਲ ਸੂਬਾ ਬਣਾਉਣ ਲਈ ਕੀਤੇ ਜਾਣ ਵੱਡੇ ਉਪਰਾਲੇ



ਡਾ. ਸ. ਸ. ਛੀਨਾ

ਪੰਜਾਬ 'ਚੋਂ ਨਿਰਯਾਤ ਹੋਣ ਵਾਲੀ ਸਭ ਤੋਂ ਵੱਡੀ ਵਸਤੂ ਬਾਸਮਤੀ ਹੈ ਜਿਹੜੀ ਹਰ ਸਾਲ ਪ੍ਰਾਂਤ ਲਈ 20 ਹਜ਼ਾਰ ਕਰੋੜ ਰੁਪਏ ਤੋਂ ਉੱਪਰ ਕਮਾਈ ਕਰਦੀ ਹੈ। ਪੰਜਾਬ ਖੇਤੀ ਵਿੱਚ ਦੇਸ਼ ਦਾ ਸਭ ਤੋਂ ਉੱਨਤ ਸੂਬਾ ਹੈ। ਇਸ ਨੂੰ ਫ਼ਾਰਮ ਸਟੇਟ ਕਿਹਾ ਜਾਂਦਾ ਹੈ ਕਿਉਂ ਜੋ ਇਸ ਦੇ 100 ਫ਼ੀਸਦੀ ਖੇਤਰ 'ਤੇ ਖੇਤੀ ਕੀਤੀ ਜਾ ਸਕਦੀ ਹੈ ਜਦੋਂਕਿ ਰਾਸ਼ਟਰੀ ਪੱਧਰ 'ਤੇ ਇਹ 46 ਫ਼ੀਸਦੀ ਹੈ। ਪੰਜਾਬ ਦੇ 99.5 ਫ਼ੀਸਦੀ ਖੇਤਰ ਨੂੰ ਲਗਾਤਾਰ ਸਿੰਚਾਈ ਸਹੂਲਤਾਂ ਹਨ ਜਦਕਿ ਭਾਰਤ ਵਿੱਚ ਇਹ ਸਹੂਲਤ ਸਿਰਫ਼ 42 ਫ਼ੀਸਦੀ ਹੈ। ਪੰਜਾਬ ਕੋਲ ਭਾਵੇਂ ਦੇਸ਼ ਦਾ ਸਿਰਫ਼ 1.5 ਫ਼ੀਸਦੀ ਖੇਤਰ ਹੈ ਪਰ ਇਹ ਦੇਸ਼ ਦੇ ਅਨਾਜ ਭੰਡਾਰਾਂ ਵਿੱਚ 60 ਫ਼ੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ।

ਦੇਸ਼ ਵਿੱਚ ਪੈਦਾ ਹੋਣ ਵਾਲੀ ਕਣਕ ਵਿੱਚ ਪੰਜਾਬ ਦਾ ਹਿੱਸਾ 11 ਪ੍ਰਤੀਸ਼ਤ ਹੈ ਜਦਕਿ ਝੋਨੇ ਵਿੱਚ 10% ਅਤੇ ਕਪਾਹ ਵਿੱਚ ਪੰਜਾਬ ਦਾ 5 ਫ਼ੀਸਦੀ ਹਿੱਸਾ ਹੋਣ ਦੇ ਬਾਵਜੂਦ ਇਸ ਦੇ ਕਿਸਾਨ ਸਿਰ ਪ੍ਰਤੀ ਘਰ ਦੇਸ਼ ਭਰ ਵਿੱਚ ਸਭ ਤੋਂ ਵੱਧ ਕਰਜ਼ਾ ਹੈ। ਪੰਜਾਬ ਵਿੱਚ ਵੱਡੀ ਬੇਰੁਜ਼ਗਾਰੀ ਹੈ। ਇਹੋ ਵਜ੍ਹਾ ਹੈ ਕਿ ਕੇਰਲ ਤੋਂ ਬਾਅਦ ਪੰਜਾਬ ਹੀ ਉਹ ਪ੍ਰਾਂਤ ਹੈ ਜਿਸ ਦੇ ਸਭ ਤੋਂ ਜ਼ਿਆਦਾ ਲੋਕ ਵਿਦੇਸ਼ਾਂ ਵਿੱਚ ਚਲੇ ਗਏ ਹਨ। ਸਵਾਲ ਉੱਠਦਾ ਹੈ ਕਿ ਕੀ ਪੰਜਾਬ, ਖੇਤੀ 'ਤੇ ਨਿਰਭਰ ਹੋਣ ਕਰ ਕੇ ਖ਼ੁਸ਼ਹਾਲ ਬਣ ਸਕਦਾ ਹੈ? ਇਸ ਦਾ ਉੱਤਰ ਬਿਲਕੁਲ ਨਾਂਹ ਵਿੱਚ ਹੈ। ਇਸ ਨੂੰ ਉਦਯੋਗੀਕਰਨ ਵੱਲ ਵਧਣਾ ਚਾਹੀਦਾ ਹੈ ਜਿਸ ਵਿੱਚ ਖੇਤੀ ਆਧਾਰਤ ਸਨਅਤਾਂ ਲਾਈਆਂ ਜਾਣੀਆਂ ਪਹਿਲਾ ਜ਼ਰੂਰੀ ਕੰਮ ਹੈ। ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਖੇਤੀ ਦਾ ਹਿੱਸਾ ਸਿਰਫ਼ 19 ਫ਼ੀਸਦੀ ਹੈ ਜਦਕਿ ਵਸੋਂ 60 ਫ਼ੀਸਦੀ ਹੈ। ਬਾਕੀ ਦੀ 40 ਪ੍ਰਤੀਸ਼ਤ ਵਸੋਂ ਦੇ ਹਿੱਸੇ ਵਿੱਚ 81% ਆਮਦਨ ਆਉਂਦੀ ਹੈ ਜਿਹੜੀ ਦੋ ਗੱਲਾਂ ਨੂੰ ਸਪਸ਼ਟ ਕਰਦੀ ਹੈ। ਪਹਿਲੀ ਇਹ ਕਿ ਖੇਤੀ ਤੇ ਗ਼ੈਰ ਖੇਤੀ ਆਮਦਨ ਵਿੱਚ ਬਹੁਤ ਫ਼ਰਕ ਹੈ ਅਤੇ ਦੂਸਰਾ ਇਹ ਕਿ ਖੇਤੀ ਵਿੱਚ ਲੱਗੀ 60 ਫ਼ੀਸਦੀ ਵਸੋਂ ਅਰਧ ਬੇਰੁਜ਼ਗਾਰ ਹੈ ਅਤੇ ਉਸ ਨੂੰ ਖੇਤੀ ਤੋਂ ਉਦਯੋਗਾਂ ਵੱਲ ਬਦਲਣਾ ਚਾਹੀਦਾ ਹੈ। ਦੁਨੀਆ ਦਾ ਕੋਈ ਵੀ ਖ਼ੁਸ਼ਹਾਲ ਦੇਸ਼ ਜਿਵੇਂ ਅਮਰੀਕਾ, ਕੈਨੇਡਾ, ਜਰਮਨੀ, ਫ਼ਰਾਂਸ ਆਦਿ ਸਭ ਉਦਯੋਗਿਕ ਦੇਸ਼ ਹਨ। ਉਨ੍ਹਾਂ ਦੇਸ਼ਾਂ ਵਿੱਚ ਖੇਤੀ ਵਿਚ ਸਿਰਫ਼ 5 ਫ਼ੀਸਦੀ ਜਾਂ ਇਸ ਤੋਂ ਵੀ ਘੱਟ ਵਸੋਂ ਲੱਗੀ ਹੋਈ ਹੈ।

ਇਸ ਤਰ੍ਹਾਂ ਹੀ ਇਸ 5 ਫ਼ੀਸਦੀ ਵਸੋਂ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਹਿੱਸਾ ਵੀ 5 ਫ਼ੀਸਦੀ ਹੀ ਹੈ ਜਦਕਿ ਭਾਰਤ ਵਿੱਚ ਇਸ ਤੋਂ ਬਿਲਕੁਲ ਉਲਟ ਹੈ। ਪੰਜਾਬ ਜੋ 2000 ਸੰਨ ਤੱਕ ਪ੍ਰਤੀ ਵਿਅਕਤੀ ਆਮਦਨ ਵਿੱਚ ਪਹਿਲੇ ਨੰਬਰ 'ਤੇ ਸੀ, ਹੁਣ ਖਿਸਕ ਕੇ 12ਵੇਂ ਨੰਬਰ 'ਤੇ ਆ ਗਿਆ ਹੈ। ਇਸ ਤਰ੍ਹਾਂ ਹੀ ਇਹ ਪ੍ਰਾਂਤ ਜਿਹੜਾ ਨਿਰਯਾਤ ਵਿੱਚ ਕਿਸੇ ਵਕਤ ਦੂਸਰੇ ਸਥਾਨ 'ਤੇ ਸੀ, ਹੁਣ 15ਵੇਂ ਸਥਾਨ 'ਤੇ ਹੈ। ਪੰਜਾਬ, ਬੰਦਰਗਾਹਾਂ ਤੋਂ 1500 ਕਿੱਲੋਮੀਟਰ



ਦੀ ਦੂਰੀ 'ਤੇ ਸਥਿਤ ਹੈ ਪਰ ਫ਼ਿਰ ਵੀ ਇਹ ਕਿਸੇ ਵੇਲੇ ਹੌਜ਼ਰੀ, ਗਰਮ ਕੱਪੜਿਆਂ, ਸਾਈਕਲਾਂ ਅਤੇ ਮਸ਼ੀਨਾਂ ਦੇ ਪੁਰਜ਼ਿਆਂ ਦਾ ਬਹੁਤ ਵੱਡਾ ਨਿਰਯਾਤਕਾਰ ਸੀ ਜਿਹੜੀ ਸਥਿਤੀ ਹੁਣ ਨਹੀਂ। ਹੁਣ ਵੀ ਪੰਜਾਬ ਵਿੱਚੋਂ ਨਿਰਯਾਤ ਹੋਣ ਵਾਲੀ ਸਭ ਤੋਂ ਵੱਡੀ ਵਸਤੂ ਬਾਸਮਤੀ ਹੈ ਜਿਹੜੀ ਹਰ ਸਾਲ ਪ੍ਰਾਂਤ ਲਈ 20 ਹਜ਼ਾਰ ਕਰੋੜ ਰੁਪਏ ਤੋਂ ਉੱਪਰ ਕਮਾਈ ਕਰਦੀ ਹੈ ਜਦਕਿ ਬਾਕੀ ਦੀਆਂ ਸਾਰੀਆਂ ਖ਼ੁਰਾਕੀ ਵਸਤਾਂ ਮਿਲ ਕੇ ਸਿਰਫ਼ 305 ਕਰੋੜ ਰੁਪਏ ਦੀ ਕਮਾਈ ਕਰਦੀਆਂ ਹਨ।

ਬਾਸਮਤੀ ਪੰਜਾਬ ਵਿੱਚ ਹੀ ਜ਼ਿਆਦਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਹੀ ਪੰਜਾਬ ਤੋਂ ਹੋਰ ਵਸਤਾਂ ਜਿਨ੍ਹਾਂ ਵਿੱਚ ਨਿਰਯਾਤ ਸਮਰੱਥਾ ਹੈ, ਉਨ੍ਹਾਂ ਦੀ ਬਰਾਮਦ ਵੀ ਵਧਣੀ ਚਾਹੀਦੀ ਹੈ ਅਤੇ ਉਹ ਖੇਤੀ ਆਧਾਰਤ ਵਸਤਾਂ ਹੀ ਹੋ ਸਕਦੀਆਂ ਹਨ ਜੋ ਸੰਸਾਰ ਦੀਆਂ ਮੰਡੀਆਂ ਵਿੱਚ ਮੁਕਾਬਲਾ ਕਰਨਯੋਗ ਬਣ ਸਕਦੀਆਂ ਹਨ। ਦੁਨੀਆ ਦੇ ਵਿਕਸਤ ਦੇਸ਼ਾਂ ਵਿੱਚ 86 ਫ਼ੀਸਦੀ ਖੇਤੀ ਵਸਤਾਂ ਨੂੰ ਡੱਬੇਬੰਦ ਕਰ ਕੇ ਤਿਆਰ ਵਸਤਾਂ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਨਿਰਯਾਤ ਕੀਤਾ ਜਾਂਦਾ ਹੈ। ਪਰ ਪੰਜਾਬ ਵਿੱਚ ਸਿਰਫ਼ 12 ਫ਼ੀਸਦੀ ਖੇਤੀ ਵਸਤਾਂ ਨੂੰ ਹੀ ਤਿਆਰ ਵਸਤਾਂ ਦੇ ਰੂਪ ਵਿੱਚ ਬਦਲਿਆ ਜਾਂਦਾ ਹੈ। ਪੰਜਾਬ ਵਿੱਚ ਹਰ ਤਰ੍ਹਾਂ ਦੀਆਂ ਫ਼ਸਲਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ, ਇਸ ਲਈ ਖੇਤੀ ਆਧਾਰਤ ਉਦਯੋਗ ਕਿਉਂ ਵਿਕਸਤ ਨਹੀਂ ਹੋਏ, ਇਹ ਇੱਕ ਵਿਚਾਰਨ ਵਾਲੀ ਗੱਲ ਹੈ। ਅਸਲ ਵਿੱਚ ਜਦੋਂ ਦੇਸ਼ ਵਿਚ ਖ਼ੁਰਾਕ ਸਮੱਸਿਆ ਪੈਦਾ ਹੋਈ ਤਾਂ ਉਸ ਲਈ ਹਰਾ ਇਨਕਲਾਬ ਆਇਆ ਜਿਸ ਵਿੱਚ ਭਾਵੇਂ ਨਵੇਂ ਬੀਜ, ਬੈਂਕਾਂ ਤੋਂ ਕਰਜ਼ਾ, ਬਿਜਲੀ ਵਿੱਚ ਵਾਧਾ, ਸੜਕਾਂ ਦਾ ਜਾਲ਼, ਘੱਟੋ-ਘੱਟ ਸਮਰਥਨ ਮੁੱਲ ਆਦਿ ਸਭ ਕੁਝ ਕੀਤਾ ਗਿਆ ਅਤੇ ਇਸ ਸਮੱਸਿਆ ਨੂੰ ਸਿਰਫ਼ 2 ਸਾਲਾਂ ਵਿੱਚ ਹੀ ਦੂਰ ਕਰ ਦਿੱਤਾ ਗਿਆ। ਇਸ ਵਿੱਚ ਖਾਦਾਂ ਅਤੇ ਰਸਾਇਣਾਂ ਦੀ ਵਰਤੋਂ ਨਾਲ ਪ੍ਰਤੀ ਏਕੜ ਉਪਜ ਵਿੱਚ ਵਾਧਾ ਕੀਤਾ ਗਿਆ ਅਤੇ ਦੂਸਰਾ, ਦੋ ਫ਼ਸਲਾਂ ਕਣਕ ਤੇ ਝੋਨੇ ਨੂੰ ਸਰਕਾਰ ਵੱਲੋਂ ਆਪ ਖ਼ਰੀਦਣਾ ਯਕੀਨੀ ਬਣਾਇਆ ਗਿਆ।

ਇਹੋ ਕਾਰਨ ਸੀ ਕਿ ਇੱਕ ਤਰਫ਼ ਕਣਕ ਤੇ ਝੋਨੇ ਦੇ ਅਧੀਨ ਖੇਤਰ ਵਧਦਾ ਗਿਆ ਅਤੇ ਦੂਸਰੀ ਤਰਫ਼ ਦੂਸਰੀਆਂ ਫ਼ਸਲਾਂ ਜਿਵੇਂ ਛੋਲੇ, ਮਾਂਹ, ਮਸਰ, ਤਿਲ, ਤਾਰਾਮੀਰਾ, ਤੋਰੀਆ ਆਦਿ ਅਧੀਨ ਦਿਨ-ਬ-ਦਿਨ ਖੇਤਰ ਘਟਦਾ ਗਿਆ। ਪੰਜਾਬ ਵਿੱਚ 4 ਸਾਲ ਪਹਿਲਾਂ 28 ਲੱਖ ਹੈਕਟੇਅਰ ਰਕਬੇ 'ਤੇ ਝੋਨਾ ਬੀਜਿਆ ਜਾਂਦਾ ਸੀ। ਸਰਕਾਰ ਵੱਲੋਂ ਖੇਤੀ ਵਿਭਿੰਨਤਾ ਲਈ ਕਈ ਅਪੀਲਾਂ ਤਾਂ ਕੀਤੀਆਂ ਗਈਆਂ ਪਰ ਹੁਣ ਇਹ ਖੇਤਰ ਬਜਾਏ ਘਟਣ ਦੇ ਵਧ ਕੇ 32 ਲੱਖ ਹੈਕਟੇਅਰ ਹੋ ਗਿਆ ਹੈ। ਇਸ ਤਰ੍ਹਾਂ ਹੀ ਕਣਕ ਅਧੀਨ ਖੇਤਰ ਵਧਿਆ ਹੈ। ਮੰਡੀਕਰਨ ਦੇ ਯਕੀਨੀ ਬਣਨ ਕਰਕੇ ਫ਼ਿਰੋਜ਼ਪੁਰ, ਫ਼ਾਜ਼ਿਲਕਾ ਜ਼ਿਲ੍ਹਿਆਂ ਦੇ ਟਿੱਬਿਆਂ 'ਤੇ ਵੀ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ। ਜਦੋਂ ਹੋਰ ਫ਼ਸਲਾਂ ਅਧੀਨ ਖੇਤਰ ਹੀ ਘਟ ਗਿਆ ਹੈ ਜਾਂ ਉਪਜ ਹੀ ਨਹੀਂ ਤਾਂ ਉਨ੍ਹਾਂ 'ਤੇ ਆਧਾਰਤ ਉਦਯੋਗਿਕ ਇਕਾਈਆਂ ਕਿਸ ਵਾਸਤੇ ਲੱਗਣਗੀਆਂ। ਜਦੋਂ ਉਨ੍ਹਾਂ ਨੂੰ ਕੱਚਾ ਮਾਲ ਹੀ ਨਹੀਂ ਮਿਲਣਾ ਤਾਂ ਉਹ ਕਿਵੇਂ ਇੰਨੀ ਪੂੰਜੀ ਲਾਉਣਗੇ। ਉਦਯੋਗਪਤੀ ਸਾਹਮਣੇ ਸਭ ਤੋਂ ਪਹਿਲੀ ਗੱਲ ਆਪਣੀ ਪੂੰਜੀ ਦੀ ਪੂਰੀ ਵਰਤੋਂ ਤੇ ਵੱਧ ਤੋਂ ਵੱਧ ਲਾਭ ਦਾ ਉਦੇਸ਼ ਹੈ।

ਇਸ ਤਰ੍ਹਾਂ ਦੀ ਸਥਿਤੀ 'ਚ ਉਹ ਕਿਵੇਂ ਆਪਣੀ ਇਕਾਈ ਲਾਉਣਗੇ। ਇਹ ਉਹ ਗੱਲ ਹੈ ਜਿਸ 'ਤੇ ਪੰਜਾਬ ਸਰਕਾਰ ਨੂੰ ਕੇਂਦਰ ਦੀ ਮਦਦ ਨਾਲ ਧਿਆਨ ਦੇ ਕੇ ਮਸਲਾ ਹੱਲ ਕਰਨ ਦੀ ਲੋੜ ਹੈ। ਕੇਂਦਰ ਵੱਲੋਂ ਹਰ ਸਾਲ 23 ਵਸਤਾਂ ਦੀ ਘੱਟੋ-ਘੱਟ ਖ਼ਰੀਦ ਕੀਮਤ ਘੋਸ਼ਿਤ ਕੀਤੀ ਜਾਂਦੀ ਹੈ ਪਰ ਉਸ ਵਿੱਚੋਂ ਸਿਰਫ਼ ਦੋ ਫ਼ਸਲਾਂ ਝੋਨਾ ਅਤੇ ਕਣਕ ਹੀ ਖ਼ਰੀਦੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਬੇਸ਼ੱਕ ਪੂਰੇ ਭਾਰਤ ਵਿੱਚੋਂ ਨਾ ਖ਼ਰੀਦੇ ਪਰ ਕੁਝ ਪ੍ਰਾਂਤਾਂ ਵਿੱਚੋਂ ਖ਼ਾਸ ਕਰ ਕੇ ਪੰਜਾਬ ਵਿੱਚੋਂ ਆਪ ਜਾਂ ਪੰਜਾਬ ਸਰਕਾਰ ਨਾਲ ਮਿਲ ਕੇ ਹੋਰ ਫ਼ਸਲਾਂ ਜਿਵੇਂ ਦਾਲਾਂ, ਖਾਣ ਵਾਲਾ ਤੇਲ, ਸਬਜ਼ੀਆਂ ਅਤੇ ਫ਼ਲਾਂ ਨੂੰ ਆਪ ਖ਼ਰੀਦਣ ਦੀ ਵਿਵਸਥਾ ਕਰੇ। ਇਸ ਦੇ ਸਿੱਟੇ ਉਹੋ ਮਿਲਣਗੇ ਜੋ ਕਣਕ ਅਤੇ ਝੋਨੇ ਵਿੱਚ ਮਿਲੇ ਹਨ। ਹੁਣ ਸਰਕਾਰ ਕੋਲ ਕਣਕ ਅਤੇ ਝੋਨੇ ਦੇ ਇੰਨੇ ਭੰਡਾਰ ਹਨ ਕਿ ਉਹ ਆਸਾਨੀ ਨਾਲ ਆਪਣੇ ਦੇਸ਼ ਵਾਸੀਆਂ ਲਈ ਅਨਾਜ ਦੇ ਸਕਦੀ ਹੈ ਅਤੇ ਨਾਲ ਹੀ ਨਿਰਯਾਤ ਕਰ ਸਕਦੀ ਹੈ ਜਿਸ ਤਰ੍ਹਾਂ ਚੋਲਾਂ ਦਾ ਪਹਿਲਾਂ ਹੀ ਨਿਰਯਾਤ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਅਰਧ ਬੇਰੁਜ਼ਗਾਰੀ ਰੋਕਣ ਅਤੇ ਖੇਤੀ ਤੋਂ ਆਮਦਨ ਵਧਾਉਣ ਲਈ ਖੇਤੀ ਆਧਾਰਤ ਉਦਯੋਗਾਂ ਨੂੰ ਵਿਕਸਤ ਕਰਨ ਲਈ ਇੱਕ ਖ਼ਾਸ ਨੀਤੀ 'ਤੇ ਅਮਲ ਕਰਨ ਦੀ ਲੋੜ ਹੈ ਜਿਸ ਵਿੱਚ ਸਭ ਤੋਂ ਪਹਿਲਾਂ ਕੱਚੇ ਮਾਲ ਦੀ ਪੂਰਤੀ ਨੂੰ ਯਕੀਨੀ ਬਣਾਉਣ ਤੇ ਫ਼ਿਰ ਨਵੇਂ ਉੱਦਮੀਆਂ ਲਈ ਵਿਸ਼ੇਸ਼ ਸਹੂਲਤਾਂ ਜਿਵੇਂ ਸਬਸਿਡੀ, ਟੈਕਸਾਂ ਵਿੱਚੋਂ ਰਿਆਇਤਾਂ, ਅਗਵਾਈ ਤੇ ਕਰਜ਼ੇ ਦੀਆਂ ਸਹੂਲਤਾਂ ਦੇ ਕੇ ਜਾਪਾਨ ਦੇ ਮਾਡਲ ਵਾਂਗ ਇੱਥੇ ਪਿੰਡਾਂ 'ਚ ਅਤੇ ਫ਼ਾਰਮਾਂ 'ਚ ਖ਼ਾਸ ਕਰ ਕੇ, ਉਨ੍ਹਾਂ ਥਾਵਾਂ 'ਤੇ ਜਿੱਥੋਂ ਕੱਚਾ ਮਾਲ ਮਿਲ ਸਕਦਾ ਹੈ, ਉਨ੍ਹਾਂ ਉੱਦਮੀਆਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ।

(ਬਾਕੀ ਸਫ਼ਾ 31 'ਤੇ)



# ਆਮਦਨ ਵਧਾਉਣ ਲਈ ਖੇਤੀ ਨਾਲ ਸਹਾਇਕ ਧੰਦੇ ਅਪਨਾਉਣ ਕਿਸਾਨ

## ਵੱਧ ਤੋਂ ਵੱਧ ਰਕਬੇ ਨੂੰ ਨਹਿਰੀ ਪਾਣੀ ਨਾਲ ਸਿੰਜਿਆ ਜਾਵੇ ਅਤੇ ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਦੇ ਯਤਨ ਸੰਜੀਦਗੀ ਨਾਲ ਕੀਤੇ ਜਾਣ

## ਕਿਸਾਨਾਂ ਨੂੰ ਕਣਕ ਝੋਨੇ ਦੇ ਚੱਕਰ 'ਚੋਂ ਕੱਢਣ ਲਈ ਯੋਗ ਉਪਰਾਲੇ ਕੀਤੇ ਜਾਣ

ਪੰਜਾਬ ਦੇ ਖੇਤੀਬਾੜੀ ਖੇਤਰ ਦੀ ਮੁੱਖ ਸਮੱਸਿਆ ਕਣਕ-ਝੋਨੇ ਦੇ ਫ਼ਸਲ ਚੱਕਰ ਵਿਚੋਂ ਕੁਝ ਰਕਬਾ ਕੱਢ ਕੇ ਦੂਜੀਆਂ ਫ਼ਸਲਾਂ ਹੇਠ ਲੈ ਕੇ ਆਉਣਾ ਹੈ। ਸਾਰੇ ਮਾਹਿਰ ਮੰਨਦੇ ਹਨ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਵੱਧ ਤੋਂ ਵੱਧ 10 ਲੱਖ ਹੈਕਟਰ ਰਕਬਾ ਹੀ ਕੱਢਿਆ ਜਾ ਸਕਦਾ ਹੈ। ਇਸ ਨਾਲ ਮੰਨਿਆ ਜਾਂਦਾ ਹੈ ਕਿ ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇਗੀ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪੰਜਾਬ ਵਿੱਚ ਬਹੁ-ਗਿਣਤੀ ਛੋਟੇ ਕਿਸਾਨਾਂ ਦੀ ਹੈ। ਕੋਈ ਕਿਸਾਨ ਵੀ ਆਪਣੀ ਧਰਤੀ ਨੂੰ ਇੱਕ ਫ਼ਸਲ ਲਈ ਖ਼ਾਲੀ ਛੱਡਣ ਦਾ ਹੌਸਲਾ ਨਹੀਂ ਕਰ ਸਕਦਾ ਹੈ। ਪਹਿਲਾਂ ਸਾਉਣੀ ਵਿੱਚ ਬਹੁਤ ਘੱਟ ਰਕਬੇ 'ਚ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਇਸ ਦਾ ਕਾਰਨ ਸਿੰਚਾਈ ਦੇ ਵਸੀਲਿਆਂ ਦੀ ਘਾਟ ਸੀ।

ਹੁਣ ਜਦੋਂ ਸਿੰਚਾਈ ਸਹੂਲਤਾਂ ਪ੍ਰਾਪਤ ਹਨ ਅਤੇ ਪਾਣੀ ਮੁਫ਼ਤ ਹੀ ਮਿਲ ਰਿਹਾ ਹੈ ਤਾਂ ਹਰੇਕ ਕੋਈ ਇਸ ਦਾ ਫ਼ਾਇਦਾ ਉਠਾਉਣਾ ਚਾਹੇਗਾ। ਪਾਣੀ ਦੀ ਬੱਚਤ ਲਈ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਵੱਧ ਤੋਂ ਵੱਧ ਰਕਬੇ ਨੂੰ ਨਹਿਰੀ ਪਾਣੀ ਨਾਲ ਸਿੰਜਿਆ ਜਾਵੇ ਅਤੇ ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਦੇ ਯਤਨ ਸੰਜੀਦਗੀ ਨਾਲ ਕੀਤੇ ਜਾਣ। ਇਸ ਦੇ ਨਾਲ ਹੀ ਸੀਵਰੇਜ ਅਤੇ ਫ਼ੈਕਟਰੀਆਂ ਦੇ ਗੰਦੇ ਪਾਣੀ ਨੂੰ ਦਰਿਆਵਾਂ ਵਿੱਚ ਪਾਉਣ ਦੀ ਥਾਂ ਸਾਫ਼ ਕਰ ਕੇ ਸਿੰਚਾਈ ਲਈ ਵਰਤਿਆ ਜਾਵੇ। ਪੰਜਾਬ 'ਚ ਨੀਤੀ ਦੇ ਨਾਲੋ-ਨਾਲ ਨੀਅਤ ਦੀ ਵੀ ਲੋੜ ਹੈ। ਨੀਤੀਆਂ ਤਾਂ ਸਾਰੀਆਂ ਰਾਜਸੀ ਪਾਰਟੀਆਂ ਅਤੇ ਮਾਹਿਰ ਘੜਦੇ ਹਨ ਪਰ ਇਨ੍ਹਾਂ ਨੂੰ ਅਮਲੀ ਰੂਪ ਦੇਣ ਦੇ ਯਤਨ ਬਹੁਤ ਘੱਟ ਕੀਤੇ ਜਾਂਦੇ ਹਨ।



ਕਣਕ-ਝੋਨਾ ਹੀ ਇਥੋਂ ਦੀ ਮੁੱਖ ਫ਼ਸਲ ਚੱਕਰ ਬਣ ਗਿਆ ਹੈ। ਇਹ ਦੋਵੇਂ ਅਜਿਹੀਆਂ ਫ਼ਸਲਾਂ ਹਨ ਜਿਨ੍ਹਾਂ ਵਿੱਚ ਖ਼ਤਰਾ ਸਭ ਤੋਂ ਘੱਟ ਹੈ ਤੇ ਕੁਝ ਨਵਾਂ ਕਰਨ ਦੀ ਗੁੰਜ਼ਾਇਸ਼ ਵੀ ਨਹੀਂ ਹੈ। ਇਨ੍ਹਾਂ ਫ਼ਸਲਾਂ ਨੂੰ ਹੁਣ ਕਾਮੇ ਹੀ ਬੀਜਦੇ ਹਨ ਅਤੇ ਕਾਮੇ ਹੀ ਵੱਢਦੇ ਹਨ, ਕਿਸਾਨ ਤਾਂ ਕੇਵਲ ਮੰਡੀ ਵਿਚੋਂ ਪੈਸੇ ਵਸੂਲਣ ਹੀ ਜਾਂਦਾ ਹੈ। ਸਰਕਾਰ ਵੱਲੋਂ ਖੇਤੀ ਵਿਕਾਸ ਲਈ ਪੂਰੇ ਉਤਸ਼ਾਹ ਨਾਲ ਯੋਗਦਾਨ ਪਾਇਆ ਗਿਆ ਸੀ। ਪਿੰਡਾਂ ਦੀਆਂ ਸੜਕਾਂ ਪੱਕੀਆਂ ਕੀਤੀਆਂ ਗਈਆਂ ਤੇ ਬਿਜਲੀ ਪਹੁੰਚਾਈ। ਟਿਊਬਵੈੱਲ ਲਗਾਉਣ ਲਈ ਕਰਜ਼ਾ ਤੇ ਬਿਜਲੀ ਮੁਫ਼ਤ ਦਿੱਤੀ। ਕਣਕ ਝੋਨੇ ਦੀ ਘੱਟੋ-ਘੱਟ ਖ਼ਰੀਦ ਕੀਮਤ ਮਿੱਥੀ ਗਈ ਤੇ ਇਨ੍ਹਾਂ ਦੀ ਖ਼ਰੀਦ ਯਕੀਨੀ ਬਣਾਈ ਗਈ। ਰਸਾਇਣਿਕ ਖਾਦਾਂ ਉਤੇ ਰਿਆਇਤਾਂ ਤੇ ਹੋਰ ਕਈ ਸਹੂਲਤਾਂ ਦਿੱਤੀਆਂ ਗਈਆਂ। ਅਸੀਂ ਸਾਰੇ ਇਸੇ 'ਤੇ ਮਾਣ ਮਹਿਸੂਸ ਕਰਦੇ ਰਹੇ ਅਤੇ ਕਰ ਰਹੇ ਹਾਂ ਕਿ ਪੰਜਾਬ ਕੇਂਦਰੀ ਅੰਨ ਭੰਡਾਰ ਵਿਚ 60 ਫ਼ੀਸਦੀ ਕਣਕ ਅਤੇ 40 ਫ਼ੀਸਦੀ ਚੌਲ ਦੇ ਰਿਹਾ ਹੈ । ਇਹ ਕਿਸੇ ਨਹੀਂ ਸੋਚਿਆ ਕਿ ਖੇਤੀ ਵਿੱਚ ਵਿਕਾਸ ਦਰ ਵਿੱਚ ਤੇਜ਼ੀ ਨਾਲ ਹੋਏ ਵਾਧੇ ਨੂੰ ਬਰਕਰਾਰ ਰੱਖਣ ਲਈ ਭਵਿੱਖ ਯੋਜਨਾ ਦੀ ਲੋੜ ਹੈ। ਕਈ ਦਹਾਕਿਆਂ ਤੋਂ ਅਪਣਾਇਆ ਗਿਆ ਫ਼ਸਲ ਚੱਕਰ ਖੜ੍ਹੋਤ ਦਾ ਕਾਰਨ ਬਣ ਜਾਂਦਾ ਹੈ । ਪੰਜਾਬ ਦੀ ਖੇਤੀ ਦੀ ਵਿਕਾਸ ਦਰ ਦੋ ਪ੍ਰਤੀਸ਼ਤ ਤੋਂ ਵੀ ਘੱਟ ਗਈ ਹੈ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।

ਇਸੇ ਤਰ੍ਹਾਂ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਵੀ ਤਿੰਨਾਂ ਹੀ ਧਿਰਾਂ ਦੀ ਜ਼ਿੰਮੇਵਾਰੀ ਬਣਦੀ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਬਜ਼ੀਆਂ ਦੀ ਕਾਸ਼ਤ ਅਤੇ ਇਨ੍ਹਾਂ ਦੇ ਪਦਾਰਥੀਕਰਨ ਸੰਬੰਧੀ ਖੋਜ ਨੂੰ ਪਹਿਲ ਦੇਣ ਦੀ ਲੋੜ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਯੂਨੀਵਰਸਿਟੀ ਨੂੰ ਇਸ ਕਾਰਜ ਲਈ ਲੋੜੀਂਦੀਆਂ ਮਾਇਕ ਸਹੂਲਤਾਂ ਦੇਵੇ। ਸਬਜ਼ੀਆਂ ਦੇ ਬੀਜ ਵੱਡੀ ਸਮੱਸਿਆ ਹੈ। ਪੰਜਾਬ ਸਰਕਾਰ ਤੇ ਯੂਨੀਵਰਸਿਟੀ ਨੂੰ ਰਲ ਕੇ ਸੁਧਰੀਆਂ ਕਿਸਮਾਂ ਦੇ ਬੀਜ ਤਿਆਰ ਕਰਨੇ ਚਾਹੀਦੇ ਹਨ। ਕਿਸਾਨਾਂ ਨੇ ਸਬਜ਼ੀਆਂ ਦੀ ਕਾਸ਼ਤ ਦੇ ਆਪਣੇ ਆਪ ਸਸਤੇ ਅਤੇ ਸੌਖੇ ਢੰਗ ਵਿਕਸਤ ਕੀਤੇ ਹਨ। ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਯੂਨੀਵਰਸਿਟੀ ਖੋਜ ਨੂੰ ਅੱਗੇ ਤੋਰੇ। ਖਿੱਤੇ ਦੀ ਲੋੜ ਅਤੇ ਪੌਣ-ਪਾਣੀ ਅਨੁਸਾਰ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਵੇ। ਵਿਕਰੀ ਲਈ ਕਿਸਾਨ ਆਪ ਰਲ ਕੇ ਯਤਨ ਕਰ ਸਕਦੇ ਹਨ ਤੇ ਸਰਕਾਰ ਵੀ ਇਸ ਪਾਸੇ ਯੋਗਦਾਨ ਪਾ ਸਕਦੀ ਹੈ। ਸਸਤਾ ਆਟਾ ਦਾਲ ਸਕੀਮ ਅਧੀਨ ਆਲੂ ਅਤੇ ਪਿਆਜ਼ ਵੀ ਸ਼ਾਮਿਲ ਕੀਤੇ ਜਾਣ। ਇੰਝ ਇਨ੍ਹਾਂ ਦੀ ਵਿਕਰੀ ਵਿੱਚ ਕੋਈ ਦਿੱਕਤ ਨਹੀਂ ਆਵੇਗੀ।

ਪੰਜਾਬ ਦੀ ਖੇਤੀ ਲਈ ਡੇਅਰੀ ਫਾਰਮਿੰਗ ਤੇ ਸਬਜ਼ੀਆਂ ਦੀ ਕਾਸ਼ਤ ਸਭ ਤੋਂ ਵੱਧ ਢੁੱਕਵੇਂ ਬਦਲ ਹਨ। ਪੰਜਾਬੀ ਮੁੱਢ ਕਦੀਮ ਤੋਂ ਹੀ ਪਸ਼ੂ-ਪਾਲਕ ਰਹੇ ਹਨ। ਦੁੱਧ ਦੀ ਵਰਤੋਂ ਸਾਰੇ ਸੰਸਾਰ ਵਿਚ ਸਭ ਤੋਂ ਵੱਧ ਪੰਜਾਬੀ ਹੀ ਕਰਦੇ ਹਨ। ਇਸੇ ਕਰ ਕੇ ਦੁੱਧ ਨੂੰ ਪੁੱਤਰ ਨਾਲ ਬਰਾਬਰੀ ਦਿੱਤੀ ਗਈ ਹੈ। ਹਰੇਕ ਪੰਜਾਬੀ ਪਰਿਵਾਰ ਦੁੱਧ ਤੇ ਪੁੱਤ ਲਈ ਲੋਚਦਾ ਹੈ। ਪੰਜਾਬ ਵਿੱਚ ਸਾਰੀ ਧਰਤੀ ਸੇਂਜੂ ਹੋਣ ਕਰ ਕੇ ਇਥੇ ਸਾਰਾ ਸਾਲ ਹਰਾ ਚਾਰਾ ਪ੍ਰਾਪਤ ਹੋ ਸਕਦਾ ਹੈ। ਹੁਣ ਵੀ ਪੰਜਾਬ ਦੁੱਧ ਉਤਪਾਦਨ ਲਈ ਮੋਹਰੀ ਹੈ। ਚੰਗੇ ਪ੍ਰਬੰਧਨ ਨਾਲ ਹੋਰ ਵਾਧਾ ਕੀਤਾ ਜਾ ਸਕਦਾ ਹੈ। ਇਸ ਧੰਦੇ ਨੂੰ ਵਪਾਰਕ ਪੱਧਰ ਉਤੇ ਵਿਕਸਤ ਕਰਨ ਲਈ ਮੁੜ ਤਿੰਨਾਂ ਧਿਰਾਂ ਦੇ ਯੋਗਦਾਨ ਦੀ ਲੋੜ ਹੈ। ਕਿਸਾਨ ਨੂੰ ਹੱਥੀਂ ਮਿਹਨਤ ਕਰਨੀ ਪਵੇਗੀ। ਸਵੇਰੇ ਸ਼ਾਮ ਆਪਣੇ ਪਸ਼ੂਆਂ ਨਾਲ ਗੱਲਾਂ ਕਰਨੀ ਪੈਣਗੀਆਂ ਤੇ ਬੱਚਿਆਂ ਵਾਂਗ ਧਿਆਨ ਰੱਖਣਾ ਪਵੇਗਾ। ਦੁੱਧ ਦੀ ਚੁਆਈ ਤੇ ਸੰਭਾਲ ਦਾ ਕੰਮ ਵੀ ਆਪਣੀ ਦੇਖ-ਰੇਖ ਵਿੱਚ ਕਰਨਾ ਪਵੇਗਾ। ਦੂਜੀ ਲੋੜ ਤਕਨਾਲੋਜੀ ਦੀ ਹੈ। ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਕੋਲ ਦੇਸ਼ ਦਾ ਸਭ ਤੋਂ ਵਧੀਆ ਮੱਝਾਂ ਦਾ ਵੱਗ ਹੈ। ਵਧੀਆ ਨਸਲ ਦੀਆਂ ਵੱਛੀਆਂ ਅਤੇ ਕੱਟੀਆਂ ਤਿਆਰ ਕਰ ਕੇ ਕਿਸਾਨਾਂ ਨੂੰ ਦੇਣ ਦਾ ਪ੍ਰਬੰਧ ਇਸੇ ਦੀ ਜ਼ਿੰਮੇਵਾਰੀ ਹੈ। ਪਸ਼ੂ ਪ੍ਰਬੰਧ ਦੇ ਵਿਗਿਆਨਕ ਢੰਗਾਂ ਦੀ ਸਿਖਲਾਈ ਦੇਣ ਦਾ ਪ੍ਰਬੰਧ ਵੀ ਇਸ ਨੇ ਹੀ ਕਰਨਾ ਹੈ। ਚਾਰਿਆਂ ਦੀਆਂ ਨਵੀਆਂ ਕਿਸਮਾਂ ਵਿਕਸਤ ਹੋਣ। ਇਨ੍ਹਾਂ ਸਾਰੇ ਯਤਨਾਂ ਨਾਲ ਹੀ ਡੇਅਰੀ ਵਿਕਸਤ ਹੋਵੇਗੀ ।



# ਆਪਣੀ ਖ਼ੁਸ਼ਬੂ ਨਾਲ ਜੀਵਨ ਨੂੰ ਸੁਗੰਧਿਤ ਕਰ ਦਿੰਦੇ ਹਨ ਦਿਲਾਂ ਦੇ ਸੱਚੇ ਰਿਸ਼ਤੇ

ਕਮਲਜੀਤ ਕੌਰ ਗੁੰਮਟੀ



ਇਸ ਸੰਸਾਰ ਵਿੱਚ ਮਨੁੱਖ ਨੇ ਬਹੁਤ ਕੁਝ ਹਾਸਿਲ ਕੀਤਾ ਹੈ, ਵਿਗਿਆਨ, ਤਕਨਾਲੋਜੀ, ਦੌਲਤ, ਸ਼ੋਹਰਤ, ਪਰ ਸਭ ਤੋਂ ਸੁੰਦਰ ਅਤੇ ਅਨਮੋਲ ਜੋ ਮਨੁੱਖ ਨੂੰ ਮਿਲਿਆ ਹੈ, ਉਹ ਹਨ ਦਿਲਾਂ ਦੇ ਰਿਸ਼ਤੇ। ਇਹ ਰਿਸ਼ਤੇ ਕੋਈ ਮਨੁੱਖੀ ਬਣਾਵਟ ਨਹੀਂ, ਇਹ ਤਾਂ ਪਰਮਾਤਮਾ ਦੀ ਅਦ੍ਰਿਸ਼ ਬਖ਼ਸ਼ਿਸ਼ ਹਨ, ਜੋ ਰੂਹ ਤੋਂ ਰੂਹ ਤੱਕ, ਦਿਲ ਤੋਂ ਦਿਲ ਤੱਕ ਇੱਕ ਅਣਸੁਣੀ, ਪਰ ਲਿਵਬੱਧ ਡੋਰ ਨਾਲ ਜੁੜਦੇ ਹਨ।

ਦਿਲ ਦੇ ਰਿਸ਼ਤੇ ਲਫ਼ਜ਼ਾਂ ਦੇ ਮੁਹਤਾਜ਼ ਨਹੀਂ, ਸਗੋਂ ਹਸਤੀ ਦੀ ਝਲਕ ਅਤੇ ਖਾਮੋਸ਼ੀ ਦੇ ਰੰਗਾਂ ਵਿੱਚ ਹੀ ਰਚਦੇ ਹਨ। ਜਦ ਇਨਸਾਨ, ਜੀਵ ਜੰਤੂ, ਰੁੱਖ-ਬੂਟੇ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਬਿਨਾਂ ਕਿਸੇ ਬੋਲਣ ਦੇ ਸਮਝਣ ਲੱਗ ਪੈਂਦੇ ਹਨ ਤਾਂ ਇਹ ਸਾਬਿਤ ਕਰ ਦਿੰਦਾ ਹੈ ਕਿ ਉਹ ਰਿਸ਼ਤਾ ਸਿਰਫ਼ ਸਰੀਰਕ ਜਾਂ ਮਾਨਸਿਕ ਨਹੀਂ, ਸਗੋਂ ਰੂਹਾਨੀ ਪੱਧਰ ਉੱਤੇ ਬਣਿਆ ਹੋਇਆ ਹੈ। ਇਨਸਾਨੀ ਪੱਧਰ 'ਤੇ ਇਹ ਰਿਸ਼ਤੇ ਮਾਂ-ਬੇਟੇ ਵਿੱਚ, ਦੋਸਤਾਂ ਵਿੱਚ, ਪਤੀ-ਪਤਨੀ ਵਿੱਚ ਅਤੇ ਕਿਸੇ ਅਣਜਾਣ ਵਿਅਕਤੀ ਨਾਲ ਵੀ ਬਣਦੇ ਹਨ।

ਕਈ ਵਾਰੀ ਕੋਈ ਅਜਿਹਾ ਵੀ ਮਿਲਦਾ ਹੈ ਜਿਸ ਨਾਲ ਪਹਿਲੀ ਵਾਰ ਮਿਲਣ 'ਤੇ ਹੀ ਦਿਲ ਦਾ ਰਿਸ਼ਤਾ ਬਣ ਜਾਂਦਾ ਹੈ। ਇਹ ਰਿਸ਼ਤੇ ਕਿਸੇ ਲਾਭ-ਹਾਨੀ ਦੀ ਗਣਨਾ ਨਹੀਂ ਕਰਦੇ, ਨਾ ਹੀ ਇਨ੍ਹਾਂ ਦੀ ਮੂਲ ਧਾਰਨਾ ਸਵਾਰਥ ਜਾਂ ਜ਼ਰੂਰਤ 'ਤੇ ਆਧਾਰਿਤ ਹੁੰਦੀ ਹੈ। ਇਹ ਤਾਂ ਨਿਸ਼ਕਾਮ ਪਿਆਰ ਅਤੇ ਵਿਸ਼ਵਾਸ ਦੇ ਦਰੱਖਤਾਂ ਦੀਆਂ ਸੁਗੰਧੀਆਂ ਵਾਂਗ ਹੁੰਦੇ ਹਨ, ਜਿਨ੍ਹਾਂ ਦੀ ਜੜ ਪਰਮਾਤਮਾ ਦੀ ਰਹਿਮਤ ਵਿੱਚ ਗੁੱਥੀ ਹੋਈ ਹੁੰਦੀ ਹੈ।

ਜਿਸ ਤਰ੍ਹਾਂ ਇੱਕ ਫੁੱਲ ਆਪਣੀ ਖ਼ੁਸ਼ਬੂ ਆਪ ਨਹੀਂ ਰੱਖਦਾ, ਉਹ ਆਪੇ ਹੀ ਦੁਨੀਆ ਵਿੱਚ ਫੈਲ ਜਾਂਦੀ ਹੈ, ਓਸੇ ਤਰ੍ਹਾਂ ਦਿਲਾਂ ਦੇ ਸੱਚੇ ਰਿਸ਼ਤੇ ਵੀ ਆਪਣੀ ਖ਼ੁਸ਼ਬੂ ਨਾਲ ਜੀਵਨ ਨੂੰ ਸੁਗੰਧਿਤ ਕਰ ਦਿੰਦੇ ਹਨ। ਇਹ ਰਿਸ਼ਤੇ ਸਾਡੇ ਅੰਦਰ ਦੀ ਮਿੱਠਤਾ, ਸਹਿਣਸ਼ੀਲਤਾ ਅਤੇ ਅਪਣੱਤ ਦੇ ਪ੍ਰਤੀਬਿੰਬੀ ਹਨ। ਜਦੋਂ ਅਸੀਂ ਕਿਸੇ ਨਾਲ ਸਵਾਰਥ ਦੇ ਬਿਨਾਂ, ਪਿਆਰ ਤੇ ਭਰੋਸੇ ਨਾਲ ਜੁੜਦੇ ਹਾਂ, ਤਾਂ ਇਹ ਸਾਡੇ ਮਨ ਨੂੰ ਵੀ ਇੱਕ ਅਮੁੱਕ ਸਕੂਨ ਦਿੰਦਾ ਹੈ। ਪਰਮਾਤਮਾ ਨੇ ਮਨੁੱਖੀ ਰੂਹਾਂ ਨੂੰ ਇੱਕ ਅਜਿਹੀ ਸੰਵੇਦਨਾ ਦਿੱਤੀ ਹੈ ਜੋ ਦੁੱਖ-ਸੁੱਖ ਨੂੰ ਸਮਝ ਸਕਣ, ਹੋਰਾਂ ਦੀਆਂ ਭਾਵਨਾਵਾਂ ਨੂੰ ਅਪਣਾ ਸਕਣ।

ਇਹੀ ਰਿਸ਼ਤਿਆਂ ਦੀ ਅਸਲ ਜੜ ਹੈ। ਅਸੀਂ ਜਦੋਂ ਕਿਸੇ ਨੂੰ ਆਪਣਾ ਸਮਾਂ ਦਿੰਦੇ ਹਾਂ, ਆਪਣੇ ਦਿਲ ਤੋਂ ਸਾਥ ਦਿੰਦੇ ਹਾਂ ਤਾਂ ਅਸੀਂ ਅਸਲ ਵਿੱਚ ਪਰਮਾਤਮਾ ਦੀ ਇੱਛਾ ਨੂੰ ਪੂਰਾ ਕਰ ਰਹੇ ਹੁੰਦੇ ਹਾਂ। ਰਿਸ਼ਤਿਆਂ ਦੀ ਸਫਲਤਾ ਵਿੱਚ ਸਬਰ ਅਤੇ ਸਮਝੌਤਾ ਸਭ ਤੋਂ ਮਹੱਤਵਪੂਰਨ ਹੈ। ਦਿਲਾਂ ਦੇ ਰਿਸ਼ਤੇ ਹਮੇਸ਼ਾਂ ਆਸਾਨੀ ਨਾਲ ਨਹੀਂ ਨਿਭਦੇ। ਕਈ ਵਾਰ ਗ਼ਲਤਫਹਿਮੀਆਂ, ਅਹੰਕਾਰ ਜਾਂ ਸਵਾਰਥ ਦੀ ਧੁੰਦ ਇਨ੍ਹਾਂ ਰਿਸ਼ਤਿਆਂ ਉੱਤੇ ਛਾ ਜਾਂਦੀ ਹੈ, ਪਰ ਜੇ ਅਸੀਂ ਇਨ੍ਹਾਂ ਨੂੰ ਪਰਮਾਤਮਾ ਦੀ ਬਖ਼ਸ਼ਿਸ਼ ਸਮਝ ਕੇ ਸੰਭਾਲੀਏ, ਤਾਂ ਅਸੀਂ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦੇ ਸਕਦੇ ਹਾਂ। ਮੁਆਫ਼ੀ, ਦਿਲ ਦੀ ਪਵਿੱਤਰਤਾ ਅਤੇ ਨਿਰਲੇਪ ਪਿਆਰ ਨਾਲ ਹਰ ਰਿਸ਼ਤਾ ਦੁਬਾਰਾ ਫੁੱਲ ਸਕਦਾ ਹੈ। ਅਸਲ ਵਿੱਚ ਜੇ ਅਸੀਂ ਹਰ ਰਿਸ਼ਤੇ ਨੂੰ ਇਸ ਦ੍ਰਿਸ਼ਟੀਕੋਣ ਨਾਲ ਦੇਖੀਏ ਕਿ 'ਇਹ ਮੇਰੇ ਦੁਆਰਾ ਨਹੀਂ ਬਣਿਆ, ਸਗੋਂ ਪਰਮਾਤਮਾ ਨੇ ਮੇਰੇ ਲਈ ਚੁਣਿਆ ਹੈ' ਤਾਂ ਅਸੀਂ ਕਦੇ ਵੀ ਰਿਸ਼ਤਿਆਂ ਨੂੰ ਹਲਕੇ ਵਿੱਚ ਨਹੀਂ ਲੈਂਦੇ। ਅਸੀਂ ਉਨ੍ਹਾਂ ਦੀ ਇੱਜ਼ਤ ਕਰਦੇ ਹਾਂ, ਉਨ੍ਹਾਂ ਲਈ ਧੀਰਜ ਰੱਖਦੇ ਹਾਂ ਅਤੇ ਉਨ੍ਹਾਂ ਨੂੰ ਨਿਖਾਰਨ ਦੀ ਕੋਸ਼ਿਸ਼ ਕਰਦੇ ਹਾਂ। ਸੰਤ ਮਹਾਪੁਰਖ ਵੀ ਸਾਨੂੰ ਸਿਖਾਉਂਦੇ ਹਨ ਕਿ ਹਰ ਰਿਸ਼ਤੇ ਵਿੱਚ ਪਰਮਾਤਮਾ ਨੂੰ ਵੇਖੋ। ਮਾਂ ਦੀ ਮਮਤਾ ਵਿੱਚ ਪਰਮਾਤਮਾ ਦੀ ਦਇਆ, ਪਿਤਾ ਦੀ ਸਰਪ੍ਰਸਤੀ ਵਿੱਚ ਪਰਮਾਤਮਾ ਦੀ ਰੱਖਿਆ, ਦੋਸਤ ਦੀ ਸੱਚੀ ਯਾਰੀ ਵਿੱਚ ਪਰਮਾਤਮਾ ਦੀ ਨਿਸ਼ਕਾਮਤਾ ਅਤੇ ਪਤੀ-ਪਤਨੀ ਦੇ ਪਿਆਰ ਵਿੱਚ ਪਰਮਾਤਮਾ ਦੀ ਰਚਨਾ ਨੂੰ ਸਮਝੋ। ਜਦੋਂ ਅਸੀਂ ਹਰ ਰਿਸ਼ਤੇ ਵਿੱਚ ਪਰਮਾਤਮਾ ਦੀ ਝਲਕ ਵੇਖਣ ਲੱਗ ਪੈਂਦੇ ਹਾਂ ਤਾਂ ਦੁੱਖ ਅਤੇ ਨਿਰਾਸ਼ਾ ਆਪਣੇ ਆਪ ਪਾਸੇ ਹੋ ਜਾਂਦੇ ਹਨ।

ਦਿਲ ਦੇ ਰਿਸ਼ਤੇ ਸਾਡੇ ਆਤਮਿਕ ਵਿਕਾਸ ਦਾ ਮੂਲ ਆਧਾਰ ਹਨ। ਇਹੀ ਸਿਖਾਉਂਦੇਹਨ ਕਿਵੇਂ ਅਹੰਕਾਰ ਨੂੰ ਛੱਡੀਏ, ਕਿਵੇਂ ਮੁਆਫ਼ ਕਰੀਏ, ਕਿਵੇਂ ਦਿਲ ਦੀ ਖ਼ੁਸ਼ੀ ਵਿੱਚ ਹੋਰ ਦੀ ਖ਼ੁਸ਼ੀ ਲੱਭੀਏ। ਰਿਸ਼ਤਿਆਂ ਦੀ ਸੰਭਾਲ ਕਰਨਾ ਇੱਕ ਤਪੱਸਿਆ ਵਰਗਾ ਹੈ, ਨਾ ਦਿਖਾਵਾ, ਨਾ ਹੀ ਬਦਲੇ ਦੀ ਆਸ, ਸਿਰਫ਼ ਨਿਰਲੋਭ ਪਿਆਰ।

ਦਿਲਾਂ ਦੇ ਰਿਸ਼ਤੇ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਸਿਰਫ਼ ਇਕੱਲੇ ਜੀਵ ਨਹੀਂ ਹਾਂ। ਸਾਡਾ ਜੀਵਨ ਇੱਕ ਦੂਜੇ ਨਾਲ ਜੁੜਿਆ ਹੋਇਆ ਹੈ। ਜਿਵੇਂ ਧਰਤੀ 'ਤੇ ਹਰੇਕ ਫੁੱਲ ਨੂੰ ਮਿੱਟੀ, ਪਾਣੀ, ਹਵਾ ਅਤੇ ਸੂਰਜ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਡੇ ਦਿਲ ਨੂੰ ਪਿਆਰ, ਸਮਝ, ਕਰੁਣਾ ਅਤੇ ਵਿਸ਼ਵਾਸ ਦੀ ਲੋੜ ਹੁੰਦੀ ਹੈ। ਦਿਲਾਂ ਦੇ ਰਿਸ਼ਤਿਆਂ ਰਾਹੀਂ ਜੀਵਨ ਦੇ ਅਸਲੀ ਸੁੱਖ ਦਾ ਅਰਥ ਸਮਝ ਆਉਂਦਾ ਹੈ ਜੇਕਰ ਪੂਰੀ ਦੁਨੀਆ ਦੇ ਇਨਸਾਨ ਆਪਸ ਵਿੱਚ ਦਿਲਾਂ ਦੇ ਰਿਸ਼ਤੇ ਜੋੜ ਲੈਣ ਤਾਂ ਧਰਮ ਦੇ ਨਾਮ 'ਤੇ ਦਿਲ ਕੰਬਾਊ ਘਟਨਾਵਾਂ ਕਦੇ ਨਾ ਵਾਪਰਨ। ਕਦੇ ਕੋਈ ਇਨਸਾਨ ਕਿਸੇ ਦੇ ਸਿਰ 'ਤੇ ਬੰਦੂਕ ਨਾ ਤਾਣੇ। ਕੁਦਰਤ ਦੀਆਂ ਬਣਾਈਆਂ ਖ਼ੂਬਸੂਰਤ ਵਾਦੀਆਂ ਕਦੇ ਵੀਰਾਨ ਨਾ ਹੋਣ। ਹਥਿਆਰਾਂ ਦੀ ਲੋੜ ਖ਼ਤਮ ਹੋ ਜਾਵੇ। ਹੱਦਾਂ ਤੇ ਸਰਹੱਦਾਂ ਦਾ ਝਗੜਾ ਨਿੱਬੜ ਜਾਵੇ। ਸਭ ਦਾ ਜੀਵਨ ਬੇਖੌਫ਼ ਹੋ ਜਾਵੇ। ਕਦੇ ਕਦੇ ਆਪਣੇ ਆਪ ਨੂੰ ਇਹ ਸਵਾਲ ਕਰਕੇ ਠਠੰਬਰ ਜਾਂਦੀ ਹਾਂ ਕਿ ਕਿਉਂ ਇਨਸਾਨਾਂ ਵਿੱਚ ਪਿਆਰ ਤੋਂ ਵੱਡੀ ਨਫ਼ਰਤ ਹੋ ਗਈ ਹੈ? ਕਿਵੇਂ ਉਹ ਪਲ ਵਿੱਚ ਦੂਸਰਿਆਂ ਦੀ ਜ਼ਿੰਦਗੀ ਖੋਹ ਲੈਂਦੇ ਹਨ? ਕਿਵੇਂ ਕਿਸੇ ਦੇ ਖ਼ੂਬਸੂਰਤ ਪਲਾਂ ਨੂੰ ਦੁਖਦਾਇਕ ਬਣਾ ਦਿੰਦੇ ਹਨ?

ਇਨਸਾਨੀ ਰਿਸ਼ਤਾ ਅਜਿਹਾ ਹੋਵੇ ਜੋ ਖੁਦਗਰਜ਼ੀ ਤੋਂ ਉੱਪਰ ਉੱਠ ਕੇ ਜੀਵਨ ਦੀਆਂ ਔਖੀਆਂ ਘੜੀਆਂ ਨੂੰ ਆਸਾਨ ਬਣਾ ਦੇਵੇ। ਜਦੋਂ ਜੀਵਨ ਵਿੱਚ ਹੌਸਲਾ ਟੁੱਟ ਰਿਹਾ ਹੋਵੇ, ਤਦ ਇਹ ਰਿਸ਼ਤਾ ਇੱਕ ਆਸ ਦੀ ਕਿਰਨ ਬਣ ਕੇ ਸਾਡੇ ਮਨ ਨੂੰ ਹੌਸਲਾ ਦੇਵੇ। ਆਓ, ਹਰ ਰਿਸ਼ਤੇ ਨੂੰ ਪਰਮਾਤਮਾ ਦੀ ਅਨਮੋਲ ਬਖ਼ਸ਼ਿਸ਼ ਸਮਝ ਕੇ ਸੰਭਾਲੀਏ। ਦਿਲਾਂ ਵਿੱਚ ਪਿਆਰ ਦੀ ਜੋਤ ਜਗਾਈਏ, ਵਿਸ਼ਵਾਸ ਦੀ ਖੇਤੀ ਵਧਾਈਏ ਅਤੇ ਰੂਹਾਨੀ ਪਿਆਰ ਦੀ ਵਹਾਈ ਕਰੀਏ ਕਿਉਂਕਿ ਦਿਲ ਦੇ ਰਿਸ਼ਤੇ ਪਰਮਾਤਮਾ ਦੀ ਰਹਿਮਤ ਨਾਲ ਬਣਦੇ ਹਨ, ਉਹੀ ਸਾਡੀ ਰੂਹ ਨੂੰ ਅਸਲੀ ਆਨੰਦ ਦਿੰਦੇ ਹਨ।

# ਚੰਗੇਰੇ ਜੀਵਨ ਜੁਗਤ ਦੇ ਲਈ ਗਿਆਨ ਸਿਲੇਬਸ ਦੀ ਲੋੜ



ਡਾ. ਇੰਦਰਜੀਤ ਸਿੰਘ ਗੋਗੋਆਣੀ

ਇਸ ਦ੍ਰਿਸ਼ਟਮਾਨ ਸੰਸਾਰ ਵਿੱਚ ਹਰ ਇਨਸਾਨ ਚੰਗਾ ਜੀਵਨ ਜਿਊਣ ਦੀ ਆਸ ਤੇ ਖਾਹਿਸ਼ ਰੱਖਦਾ ਹੈ। ਜੀਵਨ ਜਿਊਣਾ ਤੇ ਜੂਨ ਹੰਢਾਉਣਾ ਦੋ ਵਾਕ ਬਹੁਤ ਵੱਡੇ ਭਾਵ ਅਰਥਾਂ ਦੇ ਲਿਖਾਇਕ ਹਨ। ਜਿਨ੍ਹਾਂ ਨੇ ਜਗਦੇ ਹੋਏ ਦੀਪਕ ਦੀ ਤਰ੍ਹਾਂ ਰੌਸ਼ਨਮਈ ਹੋ ਕੇ ਜੀਵਨ ਜੀਵਿਆ ਉਹ ਸਮਾਜ ਲਈ ਰਾਹ ਦਸੇਰੇ ਬਣੇ ਅਤੇ ਜੋ ਬੁਝੇ ਹੋਏ ਦੀਵੇ ਦੀ ਤਰ੍ਹਾਂ ਹਨੇਰਿਆਂ ਵਿੱਚ ਸਮਾਂ ਪੂਰਾ ਕਰ ਗਏ, ਉਨ੍ਹਾਂ ਦੀ ਕੋਈ ਸਾਰ ਨਹੀਂ ਜਾਣਦਾ। ਚੰਗੀ ਜੀਵਨ ਜੁਗਤ ਤੇ ਮਾਨਵਤਾ ਦੇ ਭਲੇ ਲਈ ਸਾਡੇ ਪੁਰਖਿਆਂ ਨੇ ਗਿਆਨ ਰਿੜਕਦਿਆਂ ਨੀਤੀ ਬਚਨ ਰਚੇ, ਜਿਨ੍ਹਾਂ ਵਿੱਚ ਇੱਕ ਵੱਡਾ ਸੁਨੇਹਾ ਤੇ ਮਹਾਨ ਸਿੱਖਿਆ ਹੈ। ਇਹ ਸਮੂਹ ਮਾਨਵਤਾ ਲਈ ਚੇਤੰਨਤਾ ਦਾ ਮੰਤਰ ਹਨ। ਪਹਿਲਾ ਸਬਕ ਮਾਤਾ ਪਿਤਾ ਲਈ ਹੈ ਕਿ ਉਹ ਮਾਪੇ ਵੀ ਆਪਣੇ ਬੱਚਿਆਂ ਦੇ ਦੁਸ਼ਮਣ ਹਨ, ਜੋ ਆਪਣੀ ਸੰਤਾਨ ਨੂੰ ਵਿੱਦਿਆ ਨਹੀਂ ਪੜ੍ਹਾਉਂਦੇ। ਇਸ ਸਮਾਜ ਵਿੱਚ ਵਿੱਦਿਆ ਤੋਂ ਵਿਹੂਣਾ ਬੱਚਾ ਫਿਰ ਇਸ ਤਰ੍ਹਾਂ ਹੋਵੇਗਾ ਜਿਵੇਂ ਗਿਆਨਵਾਨ ਮੋਤੀ ਚੁਗਣ ਵਾਲੇ ਹੰਸਾਂ ਦੀ ਸਭਾ ਵਿੱਚ ਗਿਆਨਹੀਣ ਬਗਲਾ ਹੋਵੇ। ਹੁਣ ਦੋਵਾਂ ਦੇ ਬਾਹਰੀ ਰੂਪ ਭਾਵੇਂ ਇਕੋ ਜਿਹੇ ਜਾਪਣ, ਪਰ ਹੰਸਾਂ ਦੀ ਖੁਰਾਕ ਮੋਤੀ ਤੇ ਮਾਨਸਰੋਵਰਾਂ 'ਤੇ ਵਾਸਾ ਹੈ ਅਤੇ ਦੂਜੇ ਪਾਸੇ ਬਗਲੇ ਦੀ ਖੁਰਾਕ ਡੱਡੀਆਂ ਮੱਛੀਆਂ ਅਤੇ ਟਿਕਾਣਾ ਮਲੀਨ ਛੱਪੜਾਂ ਟੋਭਿਆ 'ਤੇ ਹੈ ਦੋਵਾਂ ਦੀ ਤੁਲਨਾ ਵਿੱਦਿਆ ਤੇ ਅਵਿੱਦਿਆ ਨਾਲ ਕੀਤੀ ਗਈ ਹੈ।

ਮਾਤ ਪਿਤਾ ਸੋ ਸ਼ਤ੍ਰ ਹੈ, ਪੁੱਤ੍ਰ ਪਢਾਵਤ ਨਾਹਿ॥
ਸੋਭ ਨ ਪਾਵਤ ਸਭਾ ਮਹਿ, ਜਿਉ ਬਗ ਹੰਸਨ ਮਾਹਿ॥

ਦੂਜਾ ਸਬਕ ਵਿਦਿਆਰਥੀਆਂ ਲਈ ਜਾਂ ਆਮ ਇਨਸਾਨ ਨੂੰ ਸੰਬੋਧਿਤ ਹੈ ਕਿ ਜਦ ਤੱਕ ਸਰੀਰ ਵਿੱਚ ਪ੍ਰਾਣ ਚੱਲਦੇ ਹਨ, ਤਦ ਤੱਕ ਵਿੱਦਿਆ ਜਾਂ ਗਿਆਨ ਪ੍ਰਾਪਤੀ ਦੀ ਲੋਚਾ ਤੇ ਲਟਕ ਰੱਖਣੀ ਹੈ। ਸੰਸਾਰੀ ਵਿੱਦਿਆ ਤੋਂ ਲੈ ਕੇ ਚੰਗੀਆਂ ਪੁਸਤਕਾਂ, ਉੱਤਮ ਸਾਹਿਤ ਆਦਿ ਪੜ੍ਹਦੇ ਰਹੋ ਤਾਂ ਕਿ ਗੁਣਾਂ ਤੇ ਲਿਆਕਤ ਦੀ ਪੂੰਜੀ ਇਕੱਠੀ ਹੋ ਜਾਵੇ। ਇਥੋਂ ਜੀਵਨ ਜਿਊਣ ਦੀ ਚੰਗੀ ਸੇਧ ਵੀ ਮਿਲਦੀ ਹੈ ਅਤੇ ਇਹ ਉੱਤਮ ਇਸ਼ਕ ਤੇ ਭਲਾ ਰੁਝਾਨ ਹੈ। ਗਿਆਨਵਾਨ ਇਨਸਾਨ ਐਸੇ ਸੁਭਾਅ ਤੇ ਬਿਰਤੀ ਦਾ ਹੋ ਜਾਂਦਾ ਹੈ ਕਿ ਸੰਸਾਰੀ ਤਲ 'ਤੇ ਇੱਕ ਧਨੀ ਮਨੁੱਖ ਵੀ ਉਹਦੀ ਰੀਸ ਨਹੀਂ ਕਰ ਸਕਦਾ। ਨਿੱਤ-ਨਿੱਤ ਨਵਾਂ ਜਾਣਨਾ ਆਪਣੇ ਵਿਚਾਰਾਂ ਦੀ ਪੂੰਜੀ ਨਾਲ ਧਨਵਾਨ ਤੇ ਖੁਸ਼ਹਾਲ ਹੋਣਾ ਹੈ।



ਤਬ ਲਗ ਵਿਦਯਾ ਕੋ ਪੜ੍ਹੋ, ਜਬ ਲਗ ਘਟ ਮਹਿਪ੍ਰਾਨ॥
ਜਹਿ ਧਨੀ ਪਹੁੰਚੇ ਨਹੀ, ਤਹਿ ਪਹੁੰਚੇ ਵਿਦਯਾਵਾਨ॥

ਤੀਜਾ ਸਬਕ ਸਮਾਜ ਵਿੱਚ ਵਿਚਰਦਿਆਂ ਦੋਸਤ ਮਿੱਤਰ ਕਿਸ ਪ੍ਰਕਾਰ ਦੇ ਹੋਣੇ ਚਾਹੀਦੇ ਹਨ। ਕਈ ਵਾਰ ਬੁਰੀ ਸੰਗਤ ਦੀ ਰੰਗਤ ਨਾਲ ਹੋਣਹਾਰ ਸੋਚ ਵੀ ਗ੍ਰਹਿਣੀ ਜਾਂਦੀ ਹੈ ਜਾਂ ਕਹਿ ਲਉ ਕਿ ਉੱਚੀਆਂ ਉਡਾਣਾਂ ਭਰਨ ਵਾਲੇ ਵੀ ਨੀਵਾਣਾਂ ਵਿੱਚ ਰਿੜ੍ਹ ਜਾਂਦੇ ਹਨ। ਇਸ ਦੇ ਵਿਪਰੀਤ ਚੰਗੀ ਸੰਗਤ ਇਨਸਾਨ ਨੂੰ ਬੁਲੰਦੀਆਂ ਉੱਪਰ ਪਹੁੰਚਾ ਦਿੰਦੀ ਹੈ। ਹੁਣ ਇਹ ਚੋਣ ਕਰਦਿਆਂ ਜਾਗਿਜ਼ੀ ਤੇ ਚੇਤੰਨਤਾ ਵੀ ਜ਼ਰੂਰੀ ਹੈ। ਇਸ ਪੱਖੋਂ ਸੁਚੇਤ ਕਰਦਿਆਂ ਨੀਤੀ ਕਥਾ 'ਚ ਲਿਖਿਆ ਹੈ ਕਿ ਹਜ਼ਾਰਾਂ ਮੂਰਖ (ਸਹਸ ਮੂਢ) ਮਿੱਤਰਾਂ ਨਾਲੋਂ ਸਿਆਣਾ (ਚਤੁਰ) ਮਿੱਤਰ ਇਕ ਹੀ ਭਲਾ ਹੈ ਕਿਉਂਕਿ ਉਸ ਪਾਸ ਗੁਣ ਹੀ ਗੁਣ ਹਨ ਅਤੇ ਦੂਜੇ ਪਾਸੇ ਔਗੁਣਾਂ ਦੀ ਭਰਮਾਰ ਹੈ।

ਬੁਧਿਵਾਨ ਮੇ ਗੁਣ ਘਨੇ, ਸਠ ਮੇ ਔਗੁਣ ਅਨੇਕ॥
ਸਹਸ ਮੂਢ ਕੋ ਛਾਡੀਐ, ਚਤੁਰ ਰਾਖੀਐ ਏਕ॥

ਚੌਥਾ ਸਬਕ ਜਦ ਕਿਸੇ ਖ਼ਾਨਦਾਨ ਵਿੱਚ ਉੱਚ ਵਿਦਿਆ ਪਾ ਕੇ ਕੋਈ ਸ਼ਖ਼ਸ ਉੱਚ ਮਰਤਬੇ 'ਤੇ ਪਹੁੰਚਦਾ ਹੈ ਤਾਂ ਉਸ ਦੀ ਬੰਸ ਮਾਣ ਮਹਿਸੂਸ ਕਰਦੀ ਹੈ ਅਤੇ ਫਿਰ ਉਨ੍ਹਾਂ ਕੁਲਾਂ ਵਿੱਚ ਅੱਗੇ ਹੋਰ ਵਿਕਾਸ ਹੁੰਦਾ ਹੈ। ਇਸ ਨੂੰ ਇਉਂ ਜਾਣੀਏ ਕਿ ਜਿਵੇਂ ਕੋਈ ਸੁਗੰਧੀ ਵਾਲਾ ਬ੍ਰਿਛ ਹੋਵੇ ਤਾਂ ਉਹ ਸਮੁੱਚੇ ਜੰਗਲ ਜਾਂ ਬਾਗ ਨੂੰ ਸੁਗੰਧੀ ਭਰਪੂਰ ਕਰ ਦਿੰਦਾ ਹੈ। ਇਸੇ ਤਰ੍ਹਾਂ ਹੀ ਪਰਿਵਾਰਾਂ ਵਿੱਚ ਗਿਆਨਵਾਨ ਜਾਂ ਸਮਾਜ ਲਈ ਕੁਝ ਕਰਨ ਵਾਲਾ ਪੁਰਖ ਕੁਲ ਦਾ ਨਾਂਅ ਰੁਸ਼ਨਾਉਂਦਾ ਹੈ।

ਜਿਉਂ ਸੁਗੰਧਿ ਪੁਸ਼ਪੀ ਬ੍ਰਿਛ, ਸਭ ਬਨ ਕਰੈ ਸੁਗੰਧਿ॥
ਤਿਉਂ ਸੰਤਾਨ ਤੇ ਹੋਤ ਹੈ, ਆਨੰਦਿਤ ਕੁਲ ਬੰਧਿ॥

ਪੰਜਵਾਂ ਸਬਕ ਕਿ ਜਿਸ ਇਨਸਾਨ ਦੀ ਉਪਰੋਕਤ ਵਿਚਾਰਾਂ ਅਨੁਸਾਰ ਜੀਵਨ ਘਾੜਤ ਤੇ ਚੰਗੀ ਜੀਵਨ ਜੁਗਤ ਹੈ, ਉਹ ਹੀ ਚੰਗੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾਉਂਦਾ ਹੈ। ਵਰਤਮਾਨ ਸਮੇਂ ਵਿੱਚ ਅਸੀਂ ਭਲੇ ਪੁਰਖਾਂ ਦੀਆਂ ਖੋਜਾਂ ਸਦਕਾ ਹੀ ਜੀਵਨ ਦੇ ਸੁਖ ਮਾਣ ਰਹੇ ਹਾਂ। ਇਸੇ ਤਰ੍ਹਾਂ ਦੀਰਘ ਅਧਿਐਨ ਤੇ ਮਾਨਵ ਪੱਖੀ ਖੋਜ ਸਮੂਹ ਮਾਨਵਤਾ ਦਾ ਭਲਾ ਕਰਦੀ ਹੈ। ਭਲਾ ਉਹੀ ਕਰੇਗਾ ਜਿਸ ਪਾਸ ਭਲਿਆਈ ਦਾ ਸਬਕ ਹੋਵੇਗਾ। ਅਜਿਹੇ ਇਨਸਾਨ ਇਸ ਤਰ੍ਹਾਂ ਹੁੰਦੇ ਹਨ ਜਿਵੇਂ ਕੋਈ ਬਿਰਖ ਅਤਿ ਗਰਮੀ ਵਿੱਚ ਆਪਣੇ ਸਿਰ ਉਪਰ ਧੁੱਪ ਸਹਿੰਦਾ ਹੈ ਤੇ ਆਪ ਤਪਸ਼ ਸਹਿ ਕੇ ਪਾਸ ਆਉਣ ਵਾਲਿਆਂ ਨੂੰ ਠੰਢੀ ਛਾਂ ਦਿੰਦਾ ਹੈ। ਇਸੇ ਪ੍ਰਕਾਰ ਭਲੇ ਪੁਰਖ ਆਪ ਸੰਘਰਸ਼ ਕਰਕੇ ਹੋਰਨਾਂ ਨੂੰ ਵੀ ਸੁਖ ਪ੍ਰਦਾਨ ਕਰਦੇ ਹਨ।

ਅਪਨੇ ਸਿਰ ਪਰ ਧੂਪ ਸਹਿ, ਬ੍ਰਿਖ ਔਰ ਸੁਖ ਦੇਤ॥
ਤਿਉ ਤਨ ਪਰ ਦੁਖ ਕੋਟ ਲੈ, ਸੁਜਨ ਔਰ ਸੁਖ ਹੇਤ॥

# ਘੁੰਡ ਕੱਢ ਲੈ ਪਤਲੀਏ ਨਾਰੇ...



## ਸਮੇਂ-ਸਮੇਂ 'ਤੇ ਕਰਵਟਾਂ ਬਦਲਦੀਆਂ ਰਹੀਆਂ ਹਨ ਸਮਾਜਿਕ ਕਦਰਾਂ ਕੀਮਤਾਂ

## ਇਸਤਰੀ ਦੇ ਪ੍ਰਗਤੀਵਾਦੀ ਸਮਾਜ ਨੂੰ ਮੰਨੂੰ ਦੀਆਂ ਸਿਮ੍ਰਤੀਆਂ ਨੇ ਵੀ ਢਾਹ ਲਾਈ

**ਬਲਜਿੰਦਰ ਮਾਨ**

ਪੰਜਾਬ ਦਾ ਸੱਭਿਆਚਾਰ ਅਨੋਖਾ ਅਤੇ ਨਿਵੇਕਲਾ ਰਿਹਾ ਹੈ। ਇੱਥੋਂ ਦੀਆਂ ਸਮਾਜਿਕ ਕਦਰਾਂ ਕੀਮਤਾਂ ਸਮੇਂ-ਸਮੇਂ 'ਤੇ ਕਰਵਟਾਂ ਬਦਲਦੀਆਂ ਰਹੀਆਂ ਹਨ ਕਿਉਂਕਿ ਵਿਦੇਸ਼ੀ ਹਮਲਾਵਰਾਂ ਦਾ ਪਹਿਲਾ ਤੀਰ ਪੰਜਾਬ ਦੇ ਸੀਨੇ ਵਿੱਚ ਹੀ ਵੱਜਦਾ ਸੀ। ਜੇਕਰ ਘੁੰਡ ਦਾ ਇਤਿਹਾਸ ਦੇਖੀਏ ਤਾਂ ਕੋਈ ਬਹੁਤ ਦੂਰ ਨਹੀਂ ਜਾਣਾ ਪੈਂਦਾ।

ਮੁਗ਼ਲ ਹਮਲਾਵਰਾਂ ਨੇ ਜਦੋਂ ਭਾਰਤੀ ਨਾਰੀ ਦੀ ਬੇਪਤੀ ਸ਼ੁਰੂ ਕੀਤੀ ਤਾਂ ਘੁੰਡ ਦਾ ਰਿਵਾਜ ਪੈਣਾ ਲਾਜ਼ਮੀ ਹੋ ਗਿਆ ਕਿਉਂਕਿ ਉਹ ਰੂਪ ਕੱਜਣ ਦਾ ਸਿੱਧਾ ਸਾਦਾ ਤੇ ਸਸਤਾ ਸਾਧਨ ਸੀ। ਇਸਤਰੀ ਦੇ ਪ੍ਰਗਤੀਵਾਦੀ ਸਮਾਜ ਨੂੰ ਮੰਨੂੰ ਦੀਆਂ ਸਿਮ੍ਰਤੀਆਂ ਨੇ ਵੀ ਢਾਹ ਲਾਈ ਹੈ। ਇਸ ਤਰ੍ਹਾਂ ਇਸਤਰੀ ਨੂੰ ਗਿਰਾਵਟ ਵੱਲ ਅਤੇ ਉਸ ਨੂੰ ਮਰਦ ਦੀ ਛਤਰ ਛਾਇਆ ਹੇਠ ਪਲਣ ਦਾ ਜਾਗ ਮੰਨੂੰ ਨੇ ਹੀ ਲਾਇਆ। ਘਰ ਵਿੱਚ ਨੂੰਹ ਅਤੇ ਧੀ ਦਾ ਫ਼ਰਕ ਕਰਨ ਲਈ ਵੀ ਨੂੰਹ ਨੂੰ ਘੁੰਡ ਕੱਢ ਕੇ ਅਤੇ ਧੀ ਨੂੰ ਸਿਰ 'ਤੇ ਚੁੰਨੀ ਰੱਖਣ ਲਈ ਮਜਬੂਰ ਕੀਤਾ ਜਾਂਦਾ ਰਿਹੈ। ਪਿਛਲੇ ਸਮੇਂ ਵਿੱਚ ਭਾਵੇਂ ਇਹ ਸੁੱਘੜ ਸਿਆਣੀ ਔਰਤ ਦੇ ਗੁਣ ਰਹੇ ਹਨ ਪਰ ਅੱਜ ਦੇ ਕੰਪਿਊਟਰ ਯੁੱਗ ਵਿੱਚ ਇਹ ਕਦਰਾਂ ਕੀਮਤਾਂ ਸਾਡੇ ਜਨ ਜੀਵਨ ਵਿੱਚੋਂ ਉਡਾਰੀ ਮਾਰ ਚੁੱਕੀਆਂ ਹਨ।

ਨਾਰੀ ਆਜ਼ਾਦੀ ਦੇ ਨਾਅਰੇ ਤਾਂ ਆਪਾਂ ਰੋਜ਼ ਬਾਹਾਂ ਉੱਚੀਆਂ ਚੁੱਕ-ਚੁੱਕ ਲਾਉਂਦੇ ਹਾਂ, ਪਰ ਸਾਡਾ ਪੇਂਡੂ ਸੱਭਿਆਚਾਰ ਇਹੋ ਜਿਹੀਆਂ ਅਨੇਕਾਂ ਫੋਕੀਆਂ ਅਤੇ ਜੰਗਾਲੀਆਂ ਰਸਮਾਂ ਦਾ ਅਜੇ ਵੀ ਸ਼ਿਕਾਰ ਬਣਿਆ ਬੈਠਾ ਹੈ। ਸਾਡੀ ਲੋਕ ਧਾਰਾ ਵਿੱਚ ਇਨ੍ਹਾਂ ਨੂੰ ਬੜਾ ਸਨਮਾਨ ਦਿੱਤਾ ਜਾਂਦਾ ਰਿਹਾ ਹੈ। ਖ਼ਾਸ ਕਰਕੇ ਸਹੁਰੇ ਘਰ ਘੁੰਢ ਕੱਢਣਾ ਲਾਜ਼ਮੀ ਦੇ ਨਾਲ-ਨਾਲ ਸਿਆਣਪ ਦਾ ਵੀ ਚਿੰਨ੍ਹ ਮੰਨਿਆ ਜਾਂਦਾ ਰਿਹਾ ਹੈ:

ਘੁੰਢ ਕੱਢ ਲੈ ਪਤਲੀਏ ਨਾਰੇ
ਸਹੁਰਿਆਂ ਦਾ ਪਿੰਡ ਆ ਗਿਆ।

ਸੱਜ ਵਿਆਹੀ ਮੁਟਿਆਰ ਦੇ ਰੂਪ ਨੂੰ ਨਿਖਾਰਨ ਵਿੱਚ ਜਿੱਥੇ ਹੋਰ ਗਹਿਣੇ ਆਪਣਾ ਅਹਿਮ ਹਿੱਸਾ ਪਾਉਂਦੇ ਹਨ ਉੱਥੇ ਘੁੰਡ ਵੀ ਉਸ ਦੇ ਹੁਸਨ ਅਤੇ ਚਾਲ-ਢਾਲ ਨੂੰ ਚਾਰ ਚੰਨ ਲਾਉਣ ਵਿੱਚ ਕਦੇ ਪਿੱਛੇ ਨਹੀਂ ਰਹਿੰਦਾ:

ਘੁੰਡ ਕੱਢ ਕੇ ਮੜ੍ਹਕ ਨਾਲ ਤੁਰਨਾ
ਵੱਸਣਾ ਸਹੁਰਿਆਂ ਦਾ।

ਜਦੋਂ ਪੰਜਾਬੀਆਂ ਦਾ ਮਨ ਬਹਾਰ 'ਤੇ ਹੁੰਦਾ ਹੈ ਤਾਂ ਸਾਰੇ ਹੱਦਾਂ ਬੰਨੇ ਟੱਪ ਕੇ ਧਰਤੀ ਦੀ ਹਿੱਕ ਹਿਲਾ ਦਿੰਦੇ ਹਨ। ਗਿੱਧੇ ਵਿੱਚ ਨੱਚਦੀ ਮੁਟਿਆਰ ਤੇ ਭੰਗੜਾ ਪਾਉਂਦੇ ਗੱਭਰੂ ਸਭ ਕੁਝ ਭੁੱਲ ਜਾਂਦੇ ਹਨ। ਇਸ ਵੇਲੇ ਘੁੰਡ ਵਾਲੀ ਮੁਟਿਆਰ ਨੂੰ ਇੰਝ ਆਖਿਆ ਜਾਂਦਾ ਹੈ:

ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਮੇਖ
ਸੋਹਣੀਏਂ ਘੁੰਡ ਚੁੱਕ ਕੇ ਵੱਲ ਅਸਾਡੇ ਦੇਖ।

ਜਿੱਥੇ ਘੁੰਡ ਇੱਕ ਸ਼ਿੰਗਾਰ ਦਾ ਸਾਧਨ ਹੈ, ਉੱਥੇ ਇਹ ਬਦ ਨਜ਼ਰਾਂ ਤੋਂ ਵੀ ਬਚਾਈ ਰੱਖਦਾ ਹੈ:

ਘੁੰਡ ਕੱਢ ਲੈ ਬਾਂਕੀਏ ਨਾਰੇ
ਟੋਲੀ ਆਉਂਦੀ ਮੁੰਡਿਆਂ ਦੀ।

ਇਸਤਰੀ ਦੀ ਪ੍ਰਗਤੀ ਵਿੱਚ ਘੁੰਡ ਇੱਕ ਰੁਕਾਵਟ ਦਾ ਚਿੰਨ੍ਹ ਬਣ ਗਿਆ ਹੈ ਕਿਉਂਕਿ ਅੱਜ ਔਰਤ ਅਤੇ ਮਰਦ ਇੱਕ ਗੱਡੀ ਦੇ ਬਰਾਬਰ ਦੇ ਪਹੀਏ ਬਣ ਚੁੱਕੇ ਹਨ। ਇੱਕ ਪੰਜਾਬੀ ਲੋਕ ਬੋਲੀ ਘੁੰਡ ਨੂੰ ਇੱਕ ਰੁਕਾਵਟ ਵਜੋਂ ਇੰਝ ਪੇਸ਼ ਕਰਦੀ ਹੈ:

ਮੇਰੇ ਘੁੰਡ ਨੇ ਪਵਾੜਾ ਪਾਇਆ
ਲਹਿੰਗੇ ਵਾਲੀ ਖਾਲ਼ ਟੱਪ ਗਈ।

ਬਹੁਤ ਸਮਾਂ ਔਰਤ ਦੀ ਆਵਾਜ਼ ਨੂੰ ਇਸ ਤਰ੍ਹਾਂ ਦਬਾ ਦਿੱਤਾ ਗਿਆ ਕਿ ਉਹ ਆਪਣੇ ਦੁੱਖਾਂ ਤਕਲੀਫ਼ਾਂ ਦਾ ਇਜ਼ਹਾਰ ਵੀ ਨਾ ਕਰ ਸਕੇ। ਇਸ ਕਰਕੇ ਉਹ ਆਪਣੇ ਮਨ ਦਾ ਗੁਬਾਰ ਬੋਲੀਆਂ ਰਾਹੀਂ ਗਿੱਧੇ ਦੇ ਪਿੜ ਵਿੱਚ ਇੰਝ ਕੱਢਦੀ ਹੈ:

ਝਾਵਾਂ! ਝਾਵਾਂ! ਝਾਵਾਂ!
ਮਾਹੀ ਪ੍ਰਦੇਸ ਗਿਆ
ਕਿਹੜੇ ਦਰਦੀ ਨੂੰ ਹਾਲ ਸੁਣਾਵਾਂ।
ਸੱਸ ਮੇਰੀ ਮਾਰੇ ਬੋਲੀਆਂ
ਘੁੰਡ ਕੱਢ ਕੇ ਅੱਥਰੂ ਬਹਾਵਾਂ।

ਜਦੋਂ ਕਿਸੇ ਮੁਟਿਆਰ ਦੇ ਹੁਸਨ ਦਾ ਤੇਜ਼ ਝੱਲਿਆ ਨਹੀਂ ਜਾਂਦਾ ਤਾਂ ਕਿਹਾ ਜਾਂਦਾ ਹੈ:

ਘੁੰਡ ਕੱਢ ਲੈ ਪੱਤਣ 'ਤੇ ਖੜ੍ਹੀਏ
ਪਾਣੀਆਂ ਨੂੰ ਅੱਗ ਲੱਗ ਜੂ।

ਜਦੋਂ ਕੋਈ ਔਰਤ ਆਪਣੇ ਹੁਸਨ ਨੂੰ ਛੁਪਾਈ ਫਿਰਦੀ ਹੈ ਤਾਂ ਬਾਂਕੇ ਗੱਭਰੂ ਬੋਲੀ ਮਾਰਦੇ ਹਨ:

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਇਆ ਪੱਖੀਆਂ
ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿੱਚ ਕੈਦ ਰੱਖੀਆਂ।

ਜਦੋਂ ਮੁਟਿਆਰ ਸਹੁਰੇ ਘਰ ਜਾਂਦੀ ਹੈ ਤਾਂ ਪਿੰਡ ਦੀਆਂ ਬੁੱਢੀਆਂ ਤੇ ਨੱਢੀਆਂ ਘੁੰਡ ਚੁਕਾ ਕੇ ਉਸ ਦਾ ਨਾਂ ਪੁੱਛਦੀਆਂ ਸਨ:

ਨਵੀਂ ਬਹੂ ਮੁਕਲਾਵੇ ਆਈ
ਬਹਿ ਗਈ ਪੀੜਾ ਡਾਹ ਕੇ
ਲਹਿੰਗਾ ਜਾਮਣੀ ਕੁੜਤੀ ਵਰੀ ਦੀ
ਬਹਿ ਗਈ ਚੌਂਕ ਚੰਦ ਪਾ ਕੇ
ਪਿੰਡ ਦੀਆਂ ਆਈਆਂ ਕੁੜੀਆਂ
ਆਈਆਂ ਹੁੰਮ ਹੁਮਾ ਕੇ
ਨਵੀਂ ਵਿਆਹੀ ਦਾ ਨਾਂ ਪੁੱਛਣ ਘੁੰਡ ਚੁਕਾ ਕੇ।

ਭਾਬੀ ਦਾ ਪਿਆਰਾ ਦਿਓਰ ਵੀ ਘੁੰਡ ਚੁਕਾਉਂਦਾ ਹੋਇਆ ਕਹਿ ਉੱਠਦਾ ਹੈ:

ਘੁੰਡ ਚੁੱਕ ਲੈ ਪਤਲੀਏ ਨਾਰੇ
ਲੈ ਲਈਂ ਜਿਹੜਾ ਮੁੱਲ ਲੱਗਦਾ।

ਭਾਵੇਂ ਕਿਸੇ ਸਮੇਂ ਇੱਜ਼ਤ ਅਤੇ ਆਬਰੂ ਦੀ ਨਿਸ਼ਾਨੀ ਔਰਤ ਦੀ ਚੁੰਨੀ ਹੀ ਰਹੀ ਹੈ ਪਰ ਅੱਜ ਕੱਲ੍ਹ ਸਾਡੀ ਸੱਭਿਅਤਾ ਨਿਰੋਲ ਰਹਿਣ ਦੀ ਬਜਾਏ ਪੱਛਮੀ ਸੱਭਿਅਤਾ ਦਾ ਮਿਲਗੋਭਾ ਜਾਂ ਖਿਚੜੀ ਬਣ ਗਈ ਹੈ। ਕਈ ਫੈਸ਼ਨਮੱਤੀਆਂ ਨੱਢੀਆਂ ਨੇ ਤਾਂ ਚੁੰਨੀ ਦਾ ਕਜੀਆ ਹੀ ਮੁਕਾ ਦਿੱਤਾ ਹੈ ਘੁੰਡ ਕੱਢਣਾ ਤਾਂ ਵੱਖਰੀ ਗੱਲ ਰਹੀ।

ਲੋਕ ਗੀਤਾਂ ਦਾ ਕਿਆਮਤ ਤੱਕ ਜ਼ਿਕਰ ਹੁੰਦਾ ਰਹੇਗਾ। ਇਹ ਆਪਣੇ ਵਿਰਸੇ ਨੂੰ ਨਾਲ ਲੈ ਕੇ ਤੁਰਦੇ ਹਨ। ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇਗਾ ਜਿਸ ਦਾ ਜ਼ਿਕਰ ਇਨ੍ਹਾਂ ਰਾਹੀਂ ਨਾ ਹੋਇਆ ਹੋਵੇਗਾ। ਮੁਟਿਆਰ ਨੇ ਆਪਣੀ ਦਬਾਈ ਹੋਈ ਆਵਾਜ਼ ਅਤੇ ਮਨੋਵੇਗਾਂ ਦੀ ਭੜਾਸ ਕੱਢਣ ਲਈ ਇਨ੍ਹਾਂ ਦੀ ਓਟ ਲਈ:

* ਕੋਰੀ ਕੋਰੀ ਕੁੰਡੀ ਵਿੱਚ ਮਿਰਚਾ ਮੈਂ ਰਗੜਾਂ
ਸਹੁਰੇ ਦੀ ਅੱਖ 'ਚ ਪਾ ਦੇਨੀ ਆਂ।
ਘੁੰਡ ਕੱਢਣੇ ਦੀ ਅਲਖ ਮੁਕਾ ਦੇਨੀ ਆਂ।

* ਘੁੰਡ ਦਾ ਭੋਲੀਏ ਕੰਮ ਕੀ ਗਿੱਧੇ ਵਿੱਚ
ਏਥੇ ਨੇ ਤੇਰੇ ਹਾਣੀ
ਜਾਂ ਘੁੰਡ ਕੱਢਦੀ ਬਹੁਤੀ ਸੋਹਣੀ
ਜਾਂ ਘੁੰਡ ਕੱਢਦੀ ਕਾਣੀ
ਤੂੰ ਤਾਂ ਮੈਨੂੰ ਦਿਸੇਂ ਸ਼ੌਕੀਨਣ
ਮੈਂ ਘੁੰਡ 'ਚੋਂ ਅੱਖ ਪਛਾਣੀ।

* ਹੌਲੀ ਜਿਹੇ ਘੁੰਡ ਚੁੱਕ ਕੇ
ਤੱਕ ਲੈਨੀ ਆਂ ਸੌ-ਸੌ ਵਾਰੀ।

* ਘੁੰਡ ਵਿੱਚੋਂ ਨੇ ਨਜ਼ਾਰੇ ਦੇਂਦੀਆਂ
ਅੱਖੀਆਂ ਪ੍ਰੇਮ ਰੱਤੀਆਂ।

# ਪੰਜ ਟੂਮਾਂ ਪਾ ਦੇ ਬਾਬਲਾ...

**ਬਹਾਦਰ ਸਿੰਘ ਗੋਸਲ**



ਔਰਤਾਂ ਦਾ ਗਹਿਣਿਆਂ ਨਾਲ ਸਦੀਆਂ ਤੋਂ ਹੀ ਸੁਭਾਵਿਕ ਪਿਆਰ ਹੈ। ਔਰਤ ਕਿਸੇ ਵੀ ਯੁੱਗ ਵਿੱਚ ਰਹੀ ਹੋਵੇ, ਉਸ ਨੂੰ ਗਹਿਣਿਆਂ ਨਾਲ ਸ਼ਿੰਗਾਰੀ ਜ਼ਰੂਰੀ ਦਿਖਾਇਆ ਜਾਂਦਾ ਹੈ। ਭਾਰਤ ਵਰਗੇ ਵੱਡੇ ਅਤੇ ਬਹੁ-ਜਾਤੀ ਦੇਸ਼ ਵਿੱਚ ਤਾਂ ਔਰਤਾਂ ਭਾਵੇਂ ਕਿਸੇ ਵੀ ਜਾਤੀ-ਧਰਮ ਜਾਂ ਵਰਗ ਨਾਲ ਸਬੰਧ ਰੱਖਦੀਆਂ ਹੋਣ, ਸਦੀਆਂ ਤੋਂ ਹੀ ਗਹਿਣੀਆਂ ਦੀਆਂ ਚਾਹਵਾਨ ਰਹੀਆਂ ਹਨ। ਇਹ ਗਹਿਣੇ ਸੋਨੇ-ਚਾਂਦੀ ਵਰਗੀਆਂ ਮਹਿੰਗੀਆਂ ਧਾਤਾਂ ਤੋਂ ਬਣਾਏ ਜਾਂਦੇ ਹਨ, ਪਰ ਫਿਰ ਵੀ ਹਰ ਗ਼ਰੀਬ-ਅਮੀਰ ਔਰਤ ਇਨ੍ਹਾਂ ਨੂੰ ਪਹਿਨਣ ਦਾ ਸ਼ੌਕ ਰੱਖਦੀ ਹੈ।

ਔਰਤਾਂ ਦੇ ਇਸ ਸ਼ੌਕ ਸਦਕਾ ਹੀ ਭਾਰਤ ਦੇ ਹਰ ਘਰ ਵਿੱਚ ਥੋੜ੍ਹਾ-ਬਹੁਤਾ ਸੋਨਾ ਹੁੰਦਾ ਹੈ, ਜਿਸ ਨੂੰ ਅਮੀਰੀ ਦੀ ਨਿਸ਼ਾਨੀ ਹੀ ਸਮਝਿਆ ਜਾਂਦਾ ਹੈ ਅਤੇ ਦੇਸ਼ ਨੂੰ ਸੋਨੇ ਦੀ ਚਿੜੀ ਕਰਕੇ ਜਾਣਿਆ ਜਾਂਦਾ ਸੀ। ਇਹੀ ਕਾਰਨ ਸੀ ਕਿ ਬਹੁਤ ਸਾਰੇ ਵਿਦੇਸ਼ੀ ਧਾੜਵੀਆਂ ਨੇ ਭਾਰਤ 'ਤੇ ਹਮਲੇ ਕੀਤੇ ਅਤੇ ਉਨ੍ਹਾਂ ਨੇ ਇੱਥੋਂ ਮਣਾਂ-ਮੂਹੀ ਸੋਨਾ ਅਤੇ ਸੋਨੇ ਦੇ ਬਣੇ ਗਹਿਣੇ ਲੁੱਟੇ। ਔਰਤਾਂ ਕੋਲ ਸੋਨਾ ਵੱਧ ਹੋਣ ਦੇ ਕਾਰਨ ਔਰਤਾਂ ਉਨ੍ਹਾਂ ਦੀ ਲੁੱਟ ਦਾ ਖ਼ਾਸ ਨਿਸ਼ਾਨਾ ਬਣੀਆਂ ਰਹਿੰਦੀਆਂ ਹਨ। ਦੂਜੇ ਪਾਸੇ ਇਹ ਗਹਿਣੇ ਔਰਤਾਂ ਦੀ ਸੁੰਦਰਤਾ ਵਿੱਚ ਵੀ ਹੋਰ ਵਾਧਾ ਕਰਦੇ ਹਨ ਅਤੇ ਔਰਤਾਂ ਇਸ ਪੱਖੋਂ ਵੀ ਵਧੇਰੇ ਸੋਨੇ-ਚਾਂਦੀ ਦੇ ਗਹਿਣੇ ਪਹਿਨਦੀਆਂ ਸਨ। ਵਿਦੇਸ਼ੀ ਧਾੜਵੀ ਵੀ ਇਨ੍ਹਾਂ ਕਾਰਨਾਂ ਕਰਕੇ ਭਾਰਤੀ ਔਰਤਾਂ ਜਾਂ ਹਿੰਦੂਸਤਾਨੀ ਕੁੜੀਆਂ ਨੂੰ ਆਪਣੇ ਨਾਲ ਲੈ ਜਾਂਦੇ ਸਨ ਅਤੇ ਆਪਣੇ ਦੇਸ਼ ਜਾ ਕੇ ਉਨ੍ਹਾਂ ਨੂੰ ਵੇਚ ਦਿੰਦੇ ਸਨ।

ਕੀਮਤੀ ਗਹਿਣਿਆਂ ਦੇ ਨਾਲ ਇਹ ਗੱਲ ਵੀ ਬੜੀ ਬਚਿੱਤਰ ਹੈ ਕਿ ਔਰਤਾਂ ਦੇ ਹੱਥਾਂ, ਪੈਰਾਂ, ਗਲ, ਨੱਕ ਕੰਨਾਂ ਆਦਿ ਵਾਸਤੇ ਗਹਿਣੇ ਹੀ ਵੱਖਰੇ-ਵੱਖਰੇ ਨਹੀਂ ਹੁੰਦੇ, ਬਲਕਿ ਉਨ੍ਹਾਂ ਦੇ ਨਾਂ ਵੀ ਵੱਖ-ਵੱਖ ਹੁੰਦੇ ਹਨ, ਜਿਵੇਂ ਕਿ ਗਲ਼ ਵਿੱਚ ਜ਼ੰਜੀਰੀ, ਪੈਰਾਂ ਵਿੱਚ ਝਾਂਜਰਾਂ, ਨੱਕ ਵਿੱਚ ਲੌਂਗ ਅਤੇ ਕੰਨਾਂ ਵਿੱਚ ਵਾਲੇ ਆਦਿ ਗਹਿਣੇ ਪ੍ਰਚੱਲਿਤ ਹਨ। ਭਾਵੇਂ ਅਮੀਰ ਔਰਤਾਂ ਸਾਰੇ ਗਹਿਣੇ ਪਹਿਨਦੀਆਂ ਹਨ, ਪਰ ਗ਼ਰੀਬ ਔਰਤਾਂ ਆਪਣੇ ਪਰਿਵਾਰ ਦੀ ਆਰਥਿਕ ਵਿਵਸਥਾ ਅਨੁਸਾਰ ਹਲਕੇ ਅਤੇ ਸਸਤੇ ਗਹਿਣੇ ਪਹਿਨ ਕੇ ਆਪਣੇ ਮਨ ਨੂੰ ਖ਼ੁਸ਼ ਕਰ ਲੈਂਦੀਆਂ ਹਨ। ਭਾਰਤੀ ਸੱਭਿਅਤਾ ਅਨੁਸਾਰ ਔਰਤਾਂ ਦੀ ਇਸ ਤਰ੍ਹਾਂ ਗਹਿਣਿਆਂ ਦੀ ਚਾਹਤ ਨੇ ਸਾਡੇ ਸਮਾਜ ਵਿੱਚ ਦਾਜ ਪ੍ਰਥਾ ਨੂੰ ਜਨਮ ਦਿੱਤਾ। ਭਾਵੇਂ ਅੱਜ ਅਸੀਂ ਦਾਜ ਪ੍ਰਥਾ ਦੇ ਵਿਰੋਧੀ ਹਾਂ, ਪਰ ਮਾਪੇ ਆਪਣੀਆਂ ਧੀਆਂ ਨੂੰ ਇਹ ਛੋਟੇ-ਛੋਟੇ ਗਹਿਣੇ ਦੇ ਕੇ ਆਰਥਿਕ ਮਦਦ ਦੇਣੀ ਚਾਹੁੰਦੇ ਹਨ ਅਤੇ ਸਮਾਜਿਕ ਪੱਖੋਂ ਵੀ ਆਪਣਾ ਰੁਤਬਾ ਠੀਕ ਦਰਸਾਉਣਾ ਚਾਹੁੰਦੇ ਸਨ। ਹਰ ਧੀ-ਭੈਣ ਨੂੰ ਵਿਆਹ ਸਮੇਂ ਮਾਪੇ ਆਪਣੀ ਵਿੱਤ ਮੁਤਾਬਕ ਗਹਿਣੇ ਦਿੰਦੇ ਹਨ ਤਾਂ ਕਿ ਉਸ ਧੀ-ਭੈਣ ਦਾ ਗਹਿਣੀਆਂ ਪ੍ਰਤੀ ਪਿਆਰ ਫਿੱਕਾ ਨਾ ਪਵੇ ਅਤੇ ਉਹ ਆਪਣੇ ਆਪ ਨੂੰ ਬਹੁਤ ਨਿਰਧਨ ਜਾਂ ਨਿਮਾਣੀ ਨਾ ਸਮਝੇ। ਮੁਟਿਆਰਾਂ ਦਾ ਗਹਿਣਿਆਂ ਪ੍ਰਤੀ ਇਹ ਪਿਆਰ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਤਾਂ ਬਹੁਤ ਹੀ ਨਿਵੇਕਲਾ ਸਥਾਨ ਬਣ ਗਿਆ ਕਿਉਂਕਿ ਹਰ ਵਿਆਹ ਸ਼ਾਦੀ ਅਤੇ ਖ਼ੁਸ਼ੀ ਦੇ ਮੌਕੇ ਗੀਤਾਂ-ਬੋਲੀਆਂ, ਸਿੱਠਣੀਆਂ, ਤਾਅਨਿਆਂ, ਮਿਹਣਿਆਂ ਵਿੱਚ ਇਨ੍ਹਾਂ ਗਹਿਣਿਆਂ ਦੀ ਗੱਲ ਜ਼ਰੂਰੀ ਚੱਲਦੀ ਹੈ ਤਾਂ ਹੀ ਤਾਂ ਇੱਕ ਗ਼ਰੀਬ ਮੁਟਿਆਰ ਆਪਣੇ ਵਿਆਹ ਸਮੇਂ ਆਪਣੇ ਬਾਬਲ ਨੂੰ ਇਹ ਗਹਿਣੇ ਪਾਉਣ ਲਈ ਕਹਿੰਦੀ ਹੈ;

ਕੰਠੀ, ਬਿੰਦੀ ਤੇ ਜ਼ੰਜੀਰੀ, ਫੁੱਲ, ਵਾਲੇ
ਪੰਜ ਟੂਮਾਂ ਪਾ ਦੇ ਬਾਬਲਾ।

ਜਾਂ ਫਿਰ ਜੇ ਉਹ ਮੁਟਿਆਰ ਕਿਸੇ ਚੰਗੇ ਜ਼ਿਮੀਂਦਾਰ ਜਾਂ ਰੱਜੇ ਪੁੱਜੇ ਘਰ ਵਿੱਚ ਜੰਮੀ ਪਲੀ ਹੋਵੇ ਤਾਂ ਉਹ ਗੱਲ ਨੂੰ ਮੋੜ ਕੇ ਇੰਜ ਵੀ ਕਹਿ ਦਿੰਦੀ;

ਤੇਰੀ ਕੱਸੀ ਤੇ ਜ਼ਮੀਨ ਬਥੇਰੀ
ਪੰਜ ਟੂਮਾਂ ਪਾ ਦੇ ਬਾਬਲਾ।

ਕਈ ਵਾਰ ਤਾਂ ਵਿਆਹ ਸਮੇਂ ਆਪਣੇ ਮਾਪਿਆਂ 'ਤੇ ਮਾਣ ਕਰਦੀਆਂ ਹੋਈਆਂ ਵਿਆਂਦੜ ਮੁਟਿਆਰਾਂ ਆਪਣੇ ਗਹਿਣਿਆਂ ਦੇ ਪਿਆਰ ਨੂੰ ਇਸ ਤਰ੍ਹਾਂ ਸੱਭਿਆਚਾਰਕ ਰੂਪ ਵੀ ਦੇ ਦਿੰਦੀਆਂ ਹਨ;

ਕੋਈ ਆਖੇ ਨਾ ਨੰਗਾਂ ਦੀ ਧੀ ਜਾਵੇ
ਕਾਂਟੇ ਪਾ ਕੇ ਤੋਰੀਂ ਬਾਬਲਾ।

ਵਿਆਹ, ਸ਼ਾਦੀਆਂ ਵਿੱਚ ਗਹਿਣਿਆਂ ਦੀ ਸਰਦਾਰੀ ਹੀ ਨਹੀਂ ਹੁੰਦੀ ਸਗੋਂ ਇਹ ਤਾਂ ਘਰ ਪਰਿਵਾਰਾਂ ਵਿੱਚ ਵੀ ਆਮ ਹੀ ਪਹਿਨੇ ਜਾਂਦੇ ਹਨ। ਇੱਥੋਂ ਤੱਕ ਕੇ ਕਈ ਪਰਿਵਾਰਾਂ ਵਿੱਚ ਤਾਂ ਨੂੰਹ-ਸੱਸ ਦਾ ਗਹਿਣੇ ਪਹਿਨਣ ਵਿੱਚ ਮੁਕਾਬਲਾ ਜਿਹਾ ਹੀ ਹੋ ਜਾਂਦਾ ਹੈ। ਉਹ ਇੱਕ ਦੂਜੇ ਤੋਂ ਚੰਗਾ ਅਤੇ ਮਹਿੰਗਾ ਗਹਿਣਾ ਖ਼ਰੀਦ ਕੇ ਆਪਣੇ ਆਪ ਨੂੰ ਵੱਡੀ ਦਰਸਾਉਣ ਦਾ ਯਤਨ ਕਰਦੀਆਂ ਹਨ ਜਿਵੇਂ ਕੋਈ ਨਵ ਵਿਆਹੀ ਮੁਟਿਆਰ ਆਪਣੇ ਪੇਕੇ ਜਾ ਕੇ ਆਪਣੇ ਬਾਪੂ ਨਾਲ ਗੱਲ ਕਰਦੀ ਹੋਈ ਕਹਿੰਦੀ ਏ;

ਮੇਰੀ ਸੱਸ ਦੇ ਲਿਸ਼ਕਦੇ ਵਾਲੇ
ਬਾਪੂ, ਮੈਨੂੰ ਸੰਗ ਲੱਗਦੀ।

ਇਸ ਦੇ ਉੱਤਰ ਵਿੱਚ ਉਸ ਮੁਟਿਆਰ ਦਾ ਬਾਪੂ ਵੀ ਉਸੇ ਲਹਿਜੇ ਵਿੱਚ ਜੁਆਬ ਦਿੰਦਾ ਹੋਇਆ ਕਹਿੰਦਾ ਏ;

ਓਹਨੇ ਆਪਣੇ ਸ਼ੌਕ ਨੂੰ ਪਾਏ
ਤੈਨੂੰ, ਕਾਹਦੀ ਸੰਗ ਬੱਚੀਏ?

ਜਿਸ ਤਰ੍ਹਾਂ ਪਹਿਲਾ ਦੱਸਿਆ ਗਿਆ ਹੈ ਕਿ ਔਰਤਾਂ ਇਹ ਗਹਿਣੇ ਸਰੀਰ ਦੇ ਵੱਖ-ਵੱਖ ਅੰਗਾਂ 'ਤੇ ਪਹਿਨਦੀਆਂ ਹਨ ਅਤੇ ਆਪਣੀ ਜਗ੍ਹਾ ਹਰ ਗਹਿਣੇ ਦੀ ਆਪਣੀ ਮਹੱਤਤਾ ਹੈ। ਜਿਸ ਤਰ੍ਹਾਂ ਮੁੰਦਰੀ, ਛੱਲਿਆਂ ਤੋਂ ਲੈ ਕੇ ਸਿਰ 'ਤੇ ਸਜਾਏ ਜਾਣ ਵਾਲੇ ਗਹਿਣੇ ਔਰਤਾਂ ਲਈ ਮਨਭਾਉਂਦੇ ਅਤੇ ਦਿਲ-ਲਭਾਊ ਹੁੰਦੇ ਹਨ, ਪਰ ਪੰਜਾਬੀ ਸੱਭਿਆਚਾਰ ਨੇ ਤਾਂ ਕਮਾਲ ਹੀ ਕਰ ਦਿੱਤੀ ਹੈ, ਛੋਟੇ ਤੋਂ ਛੋਟੇ ਗਹਿਣੇ ਤੋਂ ਲੈ ਕੇ ਵੱਡੇ ਗਹਿਣੇ ਤੱਕ ਉਨ੍ਹਾਂ ਨੂੰ ਅਜਿਹਾ ਗੀਤਾਂ, ਲੋਕ ਗੀਤਾਂ ਵਿੱਚ ਪਰੋਇਆ ਕਿ ਇਹ ਸਾਰੇ ਗਹਿਣੇ ਔਰਤਾਂ ਦੇ ਹੀ ਨਹੀਂ ਸਗੋਂ ਸਾਰੇ ਲੋਕਾਂ ਦੀ ਜ਼ੁਬਾਨ 'ਤੇ ਰਸ ਹਨ। ਜਿਵੇਂ ਲੌਂਗ ਦਾ ਨਾਂ ਹੀ ਲੈ ਲਵੋ;



ਪਿੱਛੇ ਪਿੱਛੇ ਆਈਂ
ਮੇਰੀ ਤੋਰ ਵਹਿੰਦਾ ਆਈਂ
ਤੂੰ ਨਿਗਾਹ ਮਾਰਦਾ ਆਈਂ ਵੇ
ਮੇਰਾ ਲੌਂਗ ਗੁਆਚਾ।

ਕਿਹਾ ਜਾਂਦਾ ਹੈ ਕਿ ਇਕੱਲਾ ਲੌਂਗ ਹੀ ਨਹੀਂ, ਇਕੱਲੇ ਨੱਕ ਵਿੱਚ 10 ਪ੍ਰਕਾਰ ਦੇ ਗਹਿਣੇ ਪਾਏ ਜਾਂਦੇ ਹਨ ਜਿਨ੍ਹਾਂ ਵਿੱਚ ਲੌਂਗ, ਤੀਲ੍ਹੀ, ਕੋਕਾ, ਰੇਖ ਨੱਥ, ਬੁਲਾਕ, ਬੋਹਰ, ਨੁਕਰਾ, ਗਜਰੀਆ ਅਤੇ ਟਿਪਸੀਆਂ ਆਦਿ।

(ਬਾਕੀ ਸਫ਼ਾ 31 'ਤੇ)

# ਪਾਰਸ ਹੋਇਆ ਪਾਰਸਹੁ ਸਤਿਗੁਰ ਪਰਚੇ ਸਤਿਗੁਰ ਕਹਣਾ

ਰਮੇਸ਼ ਬੱਗਾ ਚੋਹਲਾ

ਪਾਰਸ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰ ਕਹਣਾ।
ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤਿ ਵਿਚਿ ਰਹਣਾ।
ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ।

ਉੱਚ-ਕੋਟੀ ਦੇ ਕਵੀ ਅਤੇ ਗੁਰੂ ਕਾਲ ਦੇ ਪ੍ਰਬੁੱਧ ਦਾਰਸ਼ਨਿਕ ਭਾਈ ਗੁਰਦਾਸ ਜੀ ਦੀਆਂ ਕਲਮਬੰਧ ਕੀਤੀਆਂ ਇਹ ਪੰਕਤੀਆਂ ਇਸ ਗੱਲ ਦੀਆਂ ਹਾਮੀ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਕਰਕੇ ਭਾਈ ਲਹਿਣਾ ਜੀ ਵਰਗੇ ਸੇਵਾ ਦੇ ਪੁੰਜ ਨਾ ਸਿਰਫ਼ ਪਾਰਸ ਹੀ ਸਾਬਤ ਹੋਏ, ਸਗੋਂ ਆਪਣੇ ਆਗਿਆਕਾਰੀ ਸੁਭਾਅ ਸਦਕਾ ਉਹ ਮਹਾਨ ਰੁਤਬਾ ਵੀ ਹਾਸਲ ਕਰ ਗਏ, ਜਿਸ ਦੀ ਬਦੌਲਤ ਉਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਅੰਗ ਸਮਝ ਕੇ ਵਡਿਆਇਆ ਅਤੇ ਸਲਾਹਿਆ ਜਾਂਦਾ ਹੈ।

ਭਾਈ ਲਹਿਣਾ ਜੀ ਦਾ ਪਿਛੋਕੜ ਭਾਵੇਂ ਇੱਕ ਦੇਵੀ ਪੂਜਕ ਵਜੋਂ ਹੀ ਜਾਣਿਆਂ ਜਾਂਦਾ ਹੈ, ਪਰ ਉਨ੍ਹਾਂ ਵੱਲੋਂ ਕੀਤੀ ਗਈ ਸ਼ਬਦ ਦੀ ਕਮਾਈ ਅਤੇ ਗੁਰੂ ਬਾਬੇ ਦੀ ਬੇਲਾਗ ਸੇਵਾ ਨੇ ਉਨ੍ਹਾਂ ਦੇ ਵਿਅਕਤੀਤਵ ਵਿੱਚ ਚੰਦਨ ਜਿਹੀ ਮਹਿਕ ਪੈਦਾ ਕਰ ਦਿੱਤੀ। ਭਾਈ ਸਾਹਿਬ ਨੂੰ ਚੰਦਨ ਦੇ ਬ੍ਰਿਛ ਰੂਪੀ ਗੁਰੂ ਨਾਨਕ ਸਾਹਿਬ ਦੀ ਛਾਵੇਂ ਬਹਿਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਇਸ ਸੁਭਾਗ ਸਦਕਾ ਹੀ ਭਾਈ ਲਹਿਣਾ ਜੀ ਨੇ ਗੁਰੂ ਉਪਦੇਸ਼ ਦੀ ਰਹਿਤ-ਬਹਿਤ ਨੂੰ ਆਪਣੀ ਤਰਜ਼-ਏ-ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ ਸੀ।

ਭਾਈ ਲਹਿਣਾ (ਗੁਰੂ ਅੰਗਦ ਦੇਵ ਜੀ) ਦਾ ਅਵਤਾਰ 5 ਵਿਸਾਖ 1561 ਬਿੱਕਰਮੀ ਨੂੰ ਮੱਤੇ ਦੀ ਸਰਾਂ ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਮਾਤਾ ਦਇਆ ਕੌਰ ਅਤੇ ਪਿਤਾ ਫ਼ੇਰੂ ਮੱਲ ਜੀ ਦੇ ਘਰ ਹੋਇਆ। ਭਾਈ ਫ਼ੇਰੂ ਮੱਲ ਨੂੰ ਕਿਸੇ ਕਾਰਨ ਇਸ ਪਿੰਡ ਨੂੰ ਅਲਵਿਦਾ ਕਹਿਣੀ ਪਈ, ਜਿਸ ਕਰਕੇ ਇਸ ਪਿੰਡ ਵਿੱਚ ਭਾਈ ਲਹਿਣਾ ਜੀ ਦੀ ਠਹਿਰ ਥੋੜ੍ਹਚਿਰੀ ਹੀ ਹੈ। ਇਸ ਅਲਵਿਦਾ ਤੋਂ ਬਾਅਦ ਭਾਈ ਲਹਿਣਾ ਜੀ ਪਰਿਵਾਰ ਸਮੇਤ ਖਡੂਰ ਸਾਹਿਬ



(ਅੰਮ੍ਰਿਤਸਰ) ਆ ਗਏ। ਗੁਰੂ ਪਰਿਵਾਰ ਦੀ ਆਮਦ ਅਤੇ ਵਿਸ਼ੇਸ਼ ਦੇਣ ਸਦਕਾ ਖਡੂਰ ਸਾਹਿਬ ਪੂਜਨੀਕ ਸਥਾਨ ਬਣ ਗਿਆ।

ਗੁਰੂ ਅੰਗਦ ਦੇਵ ਜੀ ਦਾ ਵਿਆਹ ਖਡੂਰ ਸਾਹਿਬ ਨੇੜਲੇ ਪਿੰਡ ਸੰਘਰ ਦੇ ਵਸਨੀਕ ਭਾਈ ਦੇਵੀ ਚੰਦ ਦੀ ਪੁੱਤਰੀ ਬੀਬੀ ਖੀਵੀ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਪੁੱਤਰ ਭਾਈ ਦਾਤੂ ਤੇ ਦਾਸੂ ਜੀ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਨੇ ਜਨਮ ਲਿਆ। ਗੁਰੂ ਨਾਨਕ ਪਾਤਸ਼ਾਹ ਦੇ ਅੰਗ ਲੱਗਣ ਤੋਂ ਪਹਿਲਾਂ ਭਾਈ ਲਹਿਣਾ ਜੀ ਵੈਸ਼ਨੋ ਦੇਵੀ ਦੇ ਭਗਤ ਸਨ। ਉਹ ਹਰ ਸਾਲ ਮਾਤਾ ਦੇ ਦਰਸ਼ਨ ਦੀਦਾਰੇ ਲਈ ਜਥਾ ਲੈ ਕੇ ਜਾਇਆ ਕਰਦੇ ਸਨ। ਇਹ ਸਿਲਸਿਲਾ ਲਗਾਤਾਰ ਕਈ ਸਾਲ ਚੱਲਦਾ ਰਿਹਾ।

ਇਸ ਸਿਲਸਿਲੇ ਵਿੱਚ ਖੜੋਤ ਉਦੋਂ ਆਈ ਜਦੋਂ ਭਾਈ ਲਹਿਣਾ ਜੀ ਦਾ ਮਿਲਾਪ ਖਡੂਰ ਸਾਹਿਬ ਦੇ ਰਹਿਣ ਵਾਲੇ ਭਾਈ ਜੋਧ ਜੀ ਨਾਲ ਹੋਇਆ। ਭਾਈ ਜੋਧ ਜਿੱਥੇ ਨੇਕ ਦਿਲ ਇਨਸਾਨ ਸਨ, ਉੱਥੇ ਹੀ ਉਹ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਪ੍ਰੀਤਵਾਨ ਵੀ ਸਨ। ਆਪਣੀ ਪ੍ਰੀਤ ਦਾ ਸਬੂਤ ਉਹ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰਕੇ ਗੁਰੂ ਨਾਨਕ ਦੇਵ ਜੀ ਦੀ ਰਸਭਿੰਨੀ ਬਾਣੀ ਪੜ੍ਹ ਕੇ ਦਿਆ ਕਰਦੇ ਸਨ। ਇੱਕ ਦਿਨ ਭਾਈ ਲਹਿਣਾ ਜੀ ਦੇ ਕੰਨੀਂ ਇਸ ਇਲਾਹੀ ਬਾਣੀ ਦੀ ਆਵਾਜ਼ ਪੈ ਗਈ। ਇਸ ਬਾਣੀ ਦੀ ਖਿੱਚ ਸਦਕਾ ਉਨ੍ਹਾਂ ਦੇ ਕਦਮ ਭਾਈ ਜੋਧ ਜੀ ਦੇ ਘਰ ਵੱਲ ਮੁੜ ਗਏ। ਭਾਈ ਜੋਧ ਨੇ ਖਿੜੇ ਮੱਥੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਜਲ ਪਾਨ ਵੀ ਕਰਵਾਇਆ। ਜਦੋਂ ਭਾਈ ਲਹਿਣਾ ਜੀ ਨੇ ਭਾਈ ਜੋਧ ਕੋਲੋਂ ਉਸ ਰਸੀਲੀ ਬਾਣੀ ਬਾਰੇ ਜਾਣਕਾਰੀ ਲੈਣੀ ਚਾਹੀ ਤਾਂ ਉਨ੍ਹਾਂ ਦੱਸਿਆ ਕਿ ਇਹ ਬਾਣੀ ਨਿਰੰਕਾਰੀ ਜੋਤ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ 'ਚੋਂ ਉਚਾਰਣ ਕੀਤੀ ਹੋਈ ਹੈ, ਜਿਹੜੀ ਮਨੁੱਖਤਾ ਨੂੰ ਸੁਚੱਜੀ ਜੀਵਨ ਜਾਂਚ ਬਾਰੇ ਗਿਆਤ ਕਰਵਾਉਂਦੀ ਹੈ। ਭਾਈ ਜੋਧ ਨੇ ਇਹ ਵੀ ਦੱਸਿਆ ਕਿ ਨਾਨਕ ਨਾਮ ਲੇਵਾ ਸੰਗਤ ਇਸ ਬਾਣੀ ਨੂੰ ਜੀਵਨ ਆਧਾਰ ਸਮਝ ਕੇ ਪੜ੍ਹਦੀ ਹੈ। ਹੁਣ ਭਾਈ ਜੋਧ ਦੇ ਘਰ ਜਾ ਕੇ ਬਾਣੀ ਸੁਣਨਾ ਉਨ੍ਹਾਂ ਦਾ ਨਿਤਨੇਮ ਬਣ ਗਿਆ। ਬਾਣੀ ਪੜ੍ਹਦਿਆਂ-ਸੁਣਦਿਆਂ ਅਜਿਹਾ ਅਸਰ ਹੋਇਆ ਕਿ ਬਾਣੀਕਾਰ ਦੇ ਦਰਸ਼ਨਾਂ ਦੀ ਤਾਂਘ ਵੀ ਜਾਗ ਪਈ। ਇਸ ਤਾਂਘ ਦੀ ਤੀਬਰਤਾ ਸਦਕਾ ਭਾਈ ਲਹਿਣਾ ਜੀ ਨੇ ਕਰਤਾਰਪੁਰ ਸਾਹਿਬ ਜਾਣ ਦਾ ਮਨ ਬਣਾ ਲਿਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ।

ਕਰਤਾਰਪੁਰ ਸਾਹਿਬ ਜਾਂਦਿਆਂ ਭਾਈ ਲਹਿਣਾ ਜੀ ਘੋੜੀ 'ਤੇ ਸਵਾਰ ਸਨ ਪਰ ਗੁਰੂ ਸਾਹਿਬ ਪੈਦਲ ਤੁਰੇ ਆ ਰਹੇ ਸਨ। ਭਾਈ ਸਾਹਿਬ ਦੇ ਮਨ ਮੰਦਰ ਵਿੱਚ ਤਰੰਗਾਂ ਛਿੜ ਪਈਆਂ:

ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥
ਜੋ ਤੂੰ ਦੇਹਿ ਸੋਈ ਸੁਖੁ ਸਹਣਾ॥

ਇੱਧਰ ਬਾਬੇ ਨੂੰ ਚਾਅ ਸੀ ਕਿ ਉਸ ਦਾ ਲਹਿਣੇਦਾਰ ਆ ਰਿਹਾ ਹੈ। ਬਾਬੇ ਨੇ ਪੁੱਛਿਆ, 'ਪੁਰਸ਼ਾ ਕੌਣ ਹੈਂ ਤੂੰ?' ਜਵਾਬ ਸੀ, 'ਜੀ ਮੈਂ ਲਹਿਣਾ।' ਗੁੱਝੀ ਰਮਜ਼ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਠੀਕ ਹੈ ਭਾਈ ਲੈਣੇਦਾਰ ਘੋੜੀਆਂ 'ਤੇ ਸਵਾਰ ਹੋ ਕੇ ਹੀ ਆਇਆ ਕਰਦੇ ਸਨ ਅਤੇ ਦੇਣਦਾਰ ਪੈਦਲ ਹੀ। ਭਾਈ ਲਹਿਣਾ ਜੀ ਨੂੰ ਆਪਣੇ ਬੀਤੇ 'ਤੇ ਬੜਾ ਅਫ਼ਸੋਸ ਹੋਇਆ, ਪਰ ਡੁੱਲੇ ਬੇਰਾਂ ਦਾ ਅਜੇ ਵੀ ਕੁੱਝ ਨਹੀਂ ਸੀ ਵਿਗੜਿਆ। ਬਾਬੇ ਦੇ ਦਰਸ਼ਨ ਨਾਲ ਤਨ-ਮਨ ਨਿਹਾਲ ਹੋ ਗਿਆ। ਮੰਝਦਾਰ ਵਿੱਚ ਫ਼ਸੀ ਕਿਸ਼ਤੀ ਨੂੰ ਜਿਵੇਂ ਕਿਨਾਰਾ ਮਿਲ ਗਿਆ ਹੋਵੇ। ਇਹ ਮੁਲਾਕਾਤ ਜੀਵਨ ਲਈ ਇੱਕ ਨਵੀਂ ਸਵੇਰ ਬਣ ਗਈ। ਇਸ ਦਿਨ ਤੋਂ ਹੀ ਭਾਈ ਲਹਿਣੇ ਤੋਂ ਅੰਗਦ (ਗੁਰੂ) ਬਣਨ ਦਾ ਸਫ਼ਰ ਆਰੰਭ ਹੋ ਗਿਆ। ਸੇਵਾ ਤੇ ਸਿਮਰਨ ਇਸ ਸਫ਼ਰ ਦੀ ਰਾਹਦਾਰੀ ਬਣ ਗਏ ਕਿਉਂਕਿ:

ਸਤਿਗੁਰੁ ਸੇਵੇ ਤਾਂ ਸਭ ਕਿਛੁ ਪਾਏ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫ਼ਲੁ ਪਾਏ॥

ਭਾਈ ਲਹਿਣਾ ਜੀ ਦੇ ਪੂਰਬਲੇ ਭਾਗ ਜਾਗੇ। ਦੇਰੀ ਦਰੁਸਤੀ ਵਿੱਚ ਬਦਲ ਗਈ। ਗੁਰੂ ਬਾਬੇ ਨੇ ਗਲ ਨਾਲ ਲਾ ਲਿਆ। ਰਾਤ-ਦਿਨ ਹਜ਼ੂਰ ਦੀ ਸੇਵਾ ਵਿੱਚ ਬਤੀਤ ਹੋਣ ਲੱਗਾ। ਰਾਤ ਦਿਨ ਹਜ਼ੂਰ ਦੀ ਸੇਵਾ ਵਿੱਚ ਬਤੀਤ ਹੋਣ ਲੱਗਾ।

ਗੁਰੂ ਨਾਨਕ ਦਰਬਾਰ ਵਿੱਚ ਉਸ ਸਮੇਂ ਬਾਬਾ ਬੁੱਢਾ ਜੀ, ਭਾਈ ਭਗੀਰਥ, ਭਾਈ ਮਨਮੁੱਖ ਅਤੇ ਭਾਈ ਸਧਾਰਨ ਵਰਗੇ ਕਈ ਪ੍ਰਮੁੱਖ ਸੇਵਕ ਸਨ, ਪਰ ਭਾਈ ਲਹਿਣਾ ਜੀ ਦੀ ਸੇਵਾ ਬਾਬੇ ਦੇ ਮਨ ਭਾਅ ਗਈ।

ਜਿਸ ਤਰ੍ਹਾਂ ਨਦੀ ਸਮੁੰਦਰ ਵਿੱਚ ਡਿੱਗ ਕੇ ਸਮੁੰਦਰ ਦਾ ਰੂਪ ਹੀ ਹੋ ਜਾਂਦੀ ਹੈ, ਉਸੇ ਤਰ੍ਹਾਂ ਭਾਈ ਲਹਿਣਾ ਜੀ ਦਾ ਨਿੱਜੀਤਵ ਵੀ ਆਪਣੇ ਗੁਰੂ ਵਿੱਚ ਸਮਾ ਗਿਆ। ਅੱਠ ਸਾਲ ਦੀ ਸਖ਼ਤ ਘਾਲਣਾ ਤੋਂ ਬਾਅਦ ਅਤੇ ਪਰਖ ਦੀ ਕਸਵੱਟੀ 'ਤੇ ਖਰਾ ਉਤਰਨ ਤੋਂ ਬਾਅਦ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦਾ ਅਨਿੱਖੜਵਾਂ ਅੰਗ ਭਾਵ ਗੁਰੂ ਅੰਗਦ ਦੇਵ ਜੀ ਬਣਨ ਵਿੱਚ ਸਫ਼ਲ ਹੋ ਗਏ। ਇਸ ਸਫ਼ਲਤਾ ਦਾ ਆਧਾਰ ਉਨ੍ਹਾਂ ਦੀ ਯੋਗਤਾ ਤੋਂ ਇਲਾਵਾ ਗੁਰੂ ਘਰ ਪ੍ਰਤੀ ਸਹਿਯੋਗਤਾ ਵੀ ਸੀ।

ਗੁਰ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫ਼ਲ ਫ਼ਲਿਆ।
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।

ਜੋ ਅੰਗਿਆ ਗਿਆ, ਉਹ ਪਿੱਛੇ ਨਹੀਂ ਪਰਤਦਾ। ਉਹ ਜੂਝਣ ਲਈ ਸਦਾ ਤਤਪਰ ਵਿਖਾਈ ਦਿੰਦਾ ਹੈ। ਭਗਤ ਕਬੀਰ ਜੀ ਦੇ ਬਚਨ ਨੇ:

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ॥

ਗੁਰੂ ਨਾਨਕ ਦੇਵ ਜੀ ਦੇ ਗੁਰਪੁਰੀ ਪਿਆਨਾ ਕਰ ਜਾਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਬਾਬੇ ਨਾਨਕ ਦੀ ਸੋਚ 'ਤੇ ਪਹਿਰਾ ਦਿੰਦਿਆਂ ਸਰਬਤ ਦੇ ਭਲੇ ਲਈ ਕਈ ਅਜਿਹੇ ਕਾਰਜ ਵਿੱਢੇ, ਜਿਨ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਬਾਬਤ ਪਹਿਲੀ ਜਨਮ ਸਾਖੀ ਲਿਖਵਾਈ। ਪੰਜਾਬੀ ਬੋਲੀ ਦੇ ਵਿਕਾਸ ਲਈ ਗੁਰਮੁੱਖੀ ਲਿਪੀ ਨੂੰ ਨਾ ਸਿਰਫ਼ ਮਾਂਜਿਆਂ-ਸੰਵਾਰਿਆ, ਸਗੋਂ ਵੱਖ-ਵੱਖ ਆਵਾਜ਼ਾਂ ਲਈ ਵੱਖਰੇ-ਵੱਖਰੇ ਅੱਖਰਾਂ ਨੂੰ ਪ੍ਰਮਾਣਿਕ ਤੌਰ 'ਤੇ ਪੱਕਾ ਵੀ ਕੀਤਾ। ਸੰਗਤ ਲਈ ਗੁਰਬਾਣੀ ਦੇ ਗੁਟਕੇ ਤਿਆਰ ਕਰਵਾਏ। ਵਿੱਦਿਅਕ ਅਦਾਰੇ ਖੋਲ੍ਹੇ। ਸਿਹਤ ਸੰਭਾਲ ਹਿੱਤ ਕਸਰਤੀ ਅਖਾੜਿਆਂ ਦਾ ਪ੍ਰਬੰਧ ਕੀਤਾ। ਗ੍ਰਹਿਸਤ ਪ੍ਰਧਾਨ ਸਮਾਜ ਦੀ ਹਾਮੀ ਭਰੀ। ਮਨੁੱਖੀ ਏਕਤਾ ਅਤੇ ਭਾਈਚਾਰਕ ਸਾਂਝ ਲਈ ਵਡੇਰੇ ਉਪਰਾਲੇ ਕਰਨ ਦੇ ਨਾਲ-ਨਾਲ ਲੋਕਾਂ ਨੂੰ ਵਿਰਾਗਮਈ ਰੁਚੀਆਂ ਤੋਂ ਵਰਜਿਆ। ਗੁਰੂ ਨਾਨਕ ਦੇਵ ਦੇ ਵਿਅਕਤੀਤਵ ਦੀ ਗੁਰੂ ਅੰਗਦ ਦੇਵ ਜੀ ਤੇ ਇੰਨੀ ਡੂੰਘੀ ਛਾਪ ਸੀ ਕਿ ਉਨ੍ਹਾਂ ਵੱਲੋਂ ਰਚਿਤ 62 ਸਲੋਕਾਂ ਦੇ ਉਦੇਸ਼ ਦੀ ਬਾਬੇ ਨਾਨਕ ਦੇ ਸਲੋਕਾਂ ਦੇ ਉਦੇਸ਼ ਨਾਲ ਕਾਫ਼ੀ ਨੇੜਤਾ ਹੈ। ਕਈ ਥਾਵਾਂ 'ਤੇ ਸ਼ਾਬਦਿਕ ਸਾਂਝ ਵੀ ਸਪੱਸ਼ਟ ਵਿਖਾਈ ਦਿੰਦੀ ਹੈ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬਾਬਾ ਬੰਦਾ ਸਿੰਘ ਬਹਾਦਰ

ਸਿੱਖ ਧਰਮ ਦਾ ਸੰਦੇਸ਼ ਬਰਾਬਰਤਾ ਹੈ। ਸਾਦਾ ਜੀਵਨ ਵਿੱਚ ਕ੍ਰਿਤ ਕਰੋ, ਨਾਮੁ ਜਪੋ ਤੇ ਵੰਡ ਛਕੋ ਦਾ ਸਿਧਾਂਤ ਹੈ। ਗੁਰੂਆਂ ਦੇ ਸੱਚੇ ਸੰਦੇਸ਼ ਸਰਵਣ ਕਰਕੇ, ਦੂਜੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿੱਚ ਆਏ। ਪੰਗਤ ਸੰਗਤ ਵਿੱਚ ਬੈਠ ਕੇ ਸਾਂਝੇ ਲੰਗਰ ਛੱਕਣਾ ਇਹ ਇੱਕ ਬਰਾਬਰਤਾ ਦਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਪ੍ਰਚਲਤ ਝੂਠੇ ਕਰਮਕਾਂਡਾ, ਬੇਲੋੜੇ ਰੀਤੀ ਰਿਵਾਜਾਂ ਦਾ ਖੰਡਨ ਕਰਕੇ, ਸਮਾਜ ਨੂੰ ਇੱਕ ਸੱਚੀ ਦਿਸ਼ਾ ਪਰਮਾਤਮਾ ਦੇ ਰਾਹ ਤੋਰਿਆ। ਮਨੁੱਖ ਨੂੰ ਨਿਰਭਓ ਨਿਰਵੈਰ ਬਣਾ ਕੇ ਸੱਚ ਲਈ ਚੱਲਣ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇੱਕ ਕਰਕੇ ਜੋੜਿਆ। ਸਮਾਜਿਕ ਰਾਜਨੀਤਿਕ ਚੇਤਨਾ ਸੱਚੇ ਧਰਮ ਵਿਚੋਂ ਮਿਲਦੀ ਹੈ। ਜਿਸ ਨਾਲ ਨਰੋਏ ਸਮਾਜ ਦੀ ਉਸਾਰੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ 'ਤੇ ਖ਼ਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ ਮਾਣ ਅਤੇ ਸਵੈ ਰੱਖਿਆ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ। ਆਪਣੇ ਜੋਤੀ ਜੋਤ ਸਮਾਉਣ ਵੇਲੇ ਬੰਦਾ ਸਿੰਘ ਬਹਾਦਰ ਜੀ ਨੂੰ ਸੰਘਰਸ਼ ਜਾਰੀ ਰੱਖਣ ਲਈ ਹਥਿਆਰਬੰਦ ਬਣਾ ਕੇ ਖ਼ਾਲਸਾ ਦੀ ਅਗਵਾਈ ਦੇ ਰਾਹ ਤੋਰਿਆ।

ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਜਾਂਬਾਜ ਯੋਧਾ ਹੋਇਆ ਹੈ। ਉਸ ਨੇ ਫਿਰ ਤੋਂ ਖ਼ਾਲਸਾ ਫ਼ੌਜ ਨੂੰ ਜੁਝਾਰੂ ਰੂਪ ਦਿੱਤਾ। ਉਹਨਾਂ ਦੀ ਅਗਵਾਈ ਹੇਠ ਇੱਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਦੇ ਜ਼ੁਲਮਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜ਼ੋਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਣ ਦਾ ਨਾਮ ਲਛਮਣ ਦਾਸ ਸੀ। ਉਸ ਦੇ ਕੋਲ ਦੁਨਿਆਵੀਂ ਹਿਸਾਬੀ ਵਿਦਿਆ ਨਹੀਂ ਸੀ। ਸਮੇਂ ਦੀ ਲੋੜ ਅਨੁਸਾਰ ਉਹ ਬਚਪਣ ਵਿੱਚ ਹੀ ਇੱਕ ਚੰਗਾ ਘੋੜ ਸਵਾਰ ਅਤੇ ਨਿਸ਼ਾਨੇਬਾਜ਼ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਣ ਲੱਗੀ ਤੇ 15 ਸਾਲ ਦੀ ਉਮਰ ਵਿੱਚ ਬੈਰਾਗੀ ਹੋ ਗਿਆ। ਉਸ ਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਸਾਧੂ ਨੇ ਨਾਉਂ ਬਦਲ ਕੇ ਮਾਧੋਦਾਸ ਰੱਖ ਦਿੱਤਾ।

ਮਾਧੋਦਾਸ ਨੇ ਨੰਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾ ਲਿਆ। ਉਥੇ ਆਪਣੀ ਯੋਗ ਵਿਦਿਆ ਨਾਲ ਲੋਕਾਂ ਨੂੰ ਭਰਮਾਉਣ ਲੱਗ ਪਿਆ। ਮਾਧੋਦਾਸ ਦੀਆਂ ਚਲਾਕ ਕਾਰਵਾਈਆਂ ਦੀ ਖ਼ਬਰ ਗੁਰੂ ਸਾਹਿਬ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸ ਦੇ ਡੇਰੇ ਜਾ ਮਿਲੇ। ਮਾਧੋਦਾਸ ਗੁਰੂ ਜੀ ਦੀ ਸ਼ਖਸ਼ੀਅਤ ਦਾ ਤੇਜ ਪ੍ਰਤਾਪ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਦਾ ਗੁਲਾਮ ਹੋ ਗਿਆ। ਉਸ ਗੁਰੂ ਜੀ ਨੂੰ ਕਿਹਾ ਕਿ ਇਸ ਬੰਦੇ 'ਤੇ ਆਪਣੇ ਰਹਿਮ ਦੀ ਕ੍ਰਿਪਾ ਕਰੋ ਮੈਂ ਆਪ ਜੀ ਦਾ ਸੇਵਕ ਬੰਦਾ ਹਾਂ। ਗੁਰੂ ਜੀ ਨੂੰ ਵੀ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇੱਕ ਬੰਦੇ ਦੀ ਤਲਾਸ਼ ਸੀ। ਗੁਰੂ ਜੀ ਨੇ ਜਾਣ ਲਿਆ ਕਿ ਉਹਨਾਂ ਨੂੰ ਬੰਦਾ ਲੱਭ ਗਿਆ ਹੈ। ਗੁਰੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਬੰਦਾ ਸਿੰਘ ਨਾਉਂ ਦਿੱਤਾ ਤੇ ਸਨਮਾਨ ਵਜੋਂ ਬਹਾਦਰ ਨਾਲ ਜੋੜ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਉਮਰ 38 ਸਾਲ ਸੀ। ਉਹਨਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇਂ ਸਨ ਪਰ ਫੁਰਤੀਲੇ ਬਹੁਤ ਸਨ। ਇਹੀ ਉਹਨਾਂ ਦੀ ਬਹਾਦਰੀ ਦਾ ਕਰਤਬ ਸੀ। ਉਹਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਸੀ। ਜਿਸ ਨੇ ਜੰਗਾਂ ਵਿੱਚ ਕਮਾਲ ਕੀਤਾ। ਉਹਨਾਂ ਨੇ ਜੀਅ ਜਾਨ ਨਾਲ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਗੁਰਾਂ ਨੇ ਉਹਨਾਂ ਨੂੰ ਸਿੱਖੀ ਦੇ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂੰ ਕਰਵਾਇਆ ਤਾਂ ਕਿ ਉਹ ਮਾਨਸਿਕ ਤੌਰ 'ਤੇ ਆਪਣੇ ਫਰਜ ਲਈ ਤਿਆਰ ਹੋ ਸਕਣ। ਗੁਰਾਂ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਦਾ ਉਤਮ ਕਾਰਜ ਹੈ। ਗੁਰਾਂ ਨੇ ਉਹਨਾਂ ਨੂੰ ਖ਼ਾਲਸਾ ਜਥੇਦਾਰ ਦੀ ਜ਼ਿਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਗੁਰਾਂ ਨੇ ਸਿੱਖਾਂ ਲਈ ਹੁਕਮਨਾਮੇ ਲਿਖ ਦਿੱਤੇ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਆਪਣਾ ਆਗੂ ਮੰਨਣ। ਮੁਗਲਾਂ ਵਿਰੁੱਧ ਆਰੰਭੇ ਜਾਣ ਵਾਲੇ ਜੰਗਾਂ ਵਿੱਚ ਉਹਨਾਂ ਦਾ ਸਾਥ ਦੇਣ ਅਤੇ ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ, ਪੰਜ ਤੀਰ ਦਿੱਤੇ। ਪੰਜ ਸਲਾਹਕਾਰ ਭੇਜੇ, ਜੋ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ, ਭਾਈ ਰਣ ਸਿੰਘ ਅਤੇ ਭਾਈ ਵੀਰ ਸਿੰਘ ਸਨ। ਵੀਹ ਸਿੰਘਾਂ ਦਾ ਜਥਾ ਵੀ ਸ਼ਾਮਲ ਕੀਤਾ। ਕੁਝ ਹਥਿਆਰ ਵੀ ਦਿੱਤੇ। ਇਸ ਕਾਫ਼ਲੇ ਸਮੇਤ ਅਕਤੂਬਰ 1708 ਵਿਚ ਜੰਗੀ ਮੁਹਿੰਮ 'ਤੇ ਤੁਰੇ।

ਇਹ ਕਾਫ਼ਲਾ ਜੈਪੁਰ ਅਤੇ ਰਾਜਪੂਤ ਰਿਆਸਤਾਂ, ਦਿੱਲੀ ਆਦਿ ਲੰਘ ਕੇ ਰੋਹਤਕ ਸੋਨੀਪਤ, ਸਹੇਰੀ ਖੰਡਾ ਪਿੰਡ ਵਿੱਚ ਰੁਕਿਆ। ਇੱਥੋਂ ਉਹਨਾਂ ਸਫਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇਥੋਂ ਉਹਨਾਂ ਨੇ ਸੂਚਨਾ ਪੱਤਰ ਅਤੇ ਗੁਰੂ ਜੀ ਦੇ ਹੁਕਮਨਾਮੇ ਜਾਰੀ ਕੀਤੇ ਕਿ ਸਿੰਘ ਹਥਿਆਰਬੰਦ ਹੋ ਕੇ ਪਿੰਡ ਸਹੇਰੀ ਖੰਡ ਪਹੁੰਚਣ। ਸਿੰਘ ਜੋ ਵੀ ਹਥਿਆਰ ਲੱਭਾ, ਲੈ ਕੇ ਜਥਿਆਂ ਦੇ ਰੂਪ ਵਿੱਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਜਿਵੇਂ ਭਾਈ ਭਗਤੂ ਦਾ ਪੋਤਰਾ ਫਤਹਿ ਸਿੰਘ, ਭਾਈ ਰੂਪੇ ਦੀ ਸੰਤਾਨ ਵਿੱਚ ਕਰਮ ਸਿੰਘ, ਧਰਮ ਸਿੰਘ ਨਗਾਹੀਆ ਸਿੰਘ ਤੇ ਚੂਹੜ ਸਿੰਘ ਪਹੁੰਚੇ। ਨਾਲ ਹੀ ਸਲੋਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆ ਘਰਾਣੇ ਦੇ ਚੌਧਰੀ ਰਾਮ ਸਿੰਘ ਤੇ ਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸੇਹਰੀ ਖੰਡਾ ਇੱਕ ਫ਼ੌਜੀ ਛਾਉਣੀ ਬਣ ਗਿਆ।

ਸੋਨੀਪਤ 'ਤੇ ਹਮਲਾ ਕਰਕੇ ਆਪਣੀ ਮੁਹਿੰਮ ਸ਼ੁਰੂ ਕੀਤੀ। ਸੋਨੀਪਤ ਮੁਗਲ ਹਕੂਮਤ ਦੇ ਮਜਬੂਤ ਅੱਡੇ ਦੀ ਜਿੱਤ ਸਿੰਘਾਂ ਦੀ ਪਹਿਲੀ ਇਖਲਾਕੀ ਜਿੱਤ ਸੀ। ਸੋਨੀਪਤ ਦਾ ਫ਼ੌਜਦਾਰ ਭੱਜ ਗਿਆ। ਸੋਨੀਪਤ ਤੋਂ ਸਮਾਣਾ ਵੱਲ ਵਧਿਆ। ਕੈਥਲ ਨੇੜ ਪਿੰਡ ਭੂਣਾ ਦੇ ਕੋਲ ਜਾਂਦੇ ਸਰਕਾਰੀ ਖਜ਼ਾਨੇ ਨੂੰ ਲੁੱ ਟ ਲਿਆ। ਬਹੁਤ ਸਾਰੇ ਘੋੜੇ ਵੀ ਕਾਬੂ ਆ ਗਏ। ਕੈਥਲ 'ਤੇ ਕਬਜਾ ਹੋ ਗਿਆ। ਸੋਨੀਪਤ ਅਤੇ ਕੈਥਲ ਦਾ ਪ੍ਰਬਧ ਪੰਚਾਇਤਾਂ ਨੂੰ ਸੌਂਪ ਦਿੱਤਾ। ਨਵੰਬਰ 11, 1709 ਨੂੰ ਸਮਾਣਾ ਸ਼ਹਿਰ 'ਤੇ ਹਮਲਾ ਕੀਤਾ। ਕਈ ਘੰਟੇ ਕਤਲੋਗਾਰਤ ਹੁੰਦੀ ਰਹੀ। ਨੇੜਲੇ ਪਿੰਡਾਂ ਦੇ ਮੁਜ਼ਾਰੇ ਵੀ ਵੱਡੀ ਗਿਣਤੀ ਵਿੱਚ ਆ ਰਲੇ। ਮਹਿਲ ਮਾੜੀਆਂ ਨੂੰ ਮਿੱਟੀ ਕਰ ਦਿੱਤਾ। ਕਿਸੇ ਵੀ ਧਾਰਮਿਕ ਸਥਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਡਾ. ਗੰਡਾ ਸਿੰਘ ਅਨੁਸਾਰ ਇਸ ਵਿੱਚ ਦਸ ਹਜ਼ਾਰ ਦਾ ਜਾਨੀ ਨੁਕਸਾਨ ਹੋਇਆ। ਜੋ ਬਚ ਗਏ ਉਹ ਸ਼ਹਿਰ ਛੱਡ ਗਏ। ਬਹੁਤ ਸਾਰੀ ਦੌਲਤ ਅਤੇ ਜੰਗੀ ਸਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਹਿ ਸਿੰਘ ਨੂੰ ਸਮਾਣਾ ਦਾ ਫ਼ੌਜਦਾਰ ਨਿਯੁਕਤ ਕੀਤਾ ਅਤੇ ਇੱਕ ਖ਼ਾਲਸਾ ਪੰਚਾਇਤ ਕਾਇਮ ਕੀਤੀ।

ਸਮਾਣੇ ਨੂੰ ਜਿੱਤ ਕੇ ਖ਼ਾਲਸੇ ਨੇ ਘੁੜਾਮ, ਠਸਕਾ, ਸ਼ਾਹਬਾਜ਼ ਕੁੰਜਪੁਰਾ, ਮੁਸਤਾਬਾਦ ਆਦਿ ਮੁਗਲ ਦੇ ਅੱਡੇ ਫਤਹਿ ਕੀਤੇ। ਇਹਨਾਂ ਹਮਲਿਆਂ ਵਿਚੋਂ ਖਜ਼ਾਨਾ, ਤੋਪਾਂ ਅਤੇ ਜੰਗੀ ਸਮਾਨ ਮਿਲਿਆ। ਫਿਰ ਕਪੂਰੀ ਪੁੱਜੇ। ਹਾਕਮ ਕਦਮਦੀਨ ਬੜੇ ਜੁਲਮ ਕਰਦਾ ਸੀ। ਇਸਤਰੀਆਂ ਦੇ ਡੋਲੇ ਲੁੱਟ ਕੇ ਪੱਤ ਲੁੱਟਦਾ ਸੀ। ਕਪੂਰੀ ਨੂੰ ਸਰ ਕਰਕੇ ਉਸਦੇ ਬਦਮਾਸ਼ੀ ਅੱਡਿਆਂ ਨੂੰ ਖਤਮ ਕੀਤਾ। ਉਸ ਦੀ ਦੌਲਤ ਨੂੰ ਕਾਬੂ ਕੀਤਾ। ਸਢੌਰਾ ਦਾ ਹਾਕਮ ਉਸਮਾਨ ਖਾਂ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ। ਉਹਨਾਂ ਨੂੰ ਧਾਰਮਿਕ ਰਸਮਾਂ ਨਿਭਾਉਣ 'ਤੇ ਪਾਬੰਦੀ ਸੀ। ਮੁਰਦਿਆਂ ਦੇ ਸਸਕਾਰ ਕਰਨ ਦੀ ਮਨਾਹੀ ਸੀ। ਜਦੋਂ ਸਿੰਘਾਂ ਨੇ ਹਮਲਾ ਕੀਤਾ ਤਾਂ ਪਿੰਡਾਂ ਦੇ ਦੁਖੀ ਕਿਸਾਨ ਵੀ ਸ਼ਾਮਲ ਹੋ ਗਏ। ਖੂਨੀ ਲੜਾਈ ਹੋਈ। ਅਮੀਰ ਵਜ਼ੀਰ ਡਰ ਕੇ ਪੀਰ ਬੁਧੂ ਸ਼ਾਹ ਦੀ ਹਵੇਲੀ ਵਿੱਚ ਲੁਕੇ। ਹਜੂਮ ਨੇ ਉਹਨਾਂ ਨੂੰ ਹਵੇਲੀ ਵਿੱਚ ਹੀ ਕਤਲ ਕਰ ਦਿੱਤਾ। ਉਸ ਹਵੇਲੀ ਦਾ ਨਾਉਂ ਕਤਲਗੜ੍ਹੀ ਪੈ ਗਿਆ। ਅਮੀਰ ਰਜਵਾੜਿਆਂ ਦੀਆਂ ਹਵੇਲੀਆਂ ਵਿੱਚ ਦੌਲਤ ਅਤੇ ਹਥਿਆਰ ਕਬਜ਼ੇ ਵਿੱਚ ਆ ਗਏ। ਪਹਾੜੀ ਕਿਲਾ ਮੁਖਲਿਸ ਗੜ੍ਹ 'ਤੇ ਵੀ ਕਬਜ਼ਾ ਕਰ ਲਿਆ।

ਅਗਲਾ ਨਿਸ਼ਾਨਾ ਸਰਹਿੰਦ ਸੀ। ਮਾਝੇ ਅਤੇ ਦੋਆਬੇ ਦੇ ਸਿੰਘ ਵੀ ਕੀਰਤਪੁਰ ਤੋਂ ਤੁਰ ਪਏ। ਦੋਹਾਂ ਦਲਾਂ ਦਾ ਮਿਲਾਪ ਰੋਕਣ ਲਈ ਵਜ਼ੀਰ ਖਾਂ ਨੇ ਮਾਲੇਰਕੋਟਲੇ ਦੇ ਨਵਾਬ ਨੂੰ ਕਿਹਾ। ਉਹ ਤਗੜੀ ਫ਼ੌਜ ਲੈ ਕੇ ਰੋਪੜ ਵੱਲ ਵਧਿਆ। ਰੋਪੜ ਦੇ ਕੋਲ ਸਿੰਘਾਂ ਅਤੇ ਪਠਾਣਾਂ ਦੀ ਦੋ ਦਿਨ ਸਖਤ ਲੜਾਈ ਹੋਈ। ਸਿੰਘਾਂ ਕੋਲ ਫ਼ੌਜ ਵੀ ਥੋੜੀ ਸੀ ਤੇ ਹਥਿਆਰ ਅਤੇ ਘੋੜਿਆਂ ਦਾ ਵੀ ਘਾਟਾ ਸੀ। ਫਿਰ ਵੀ ਮੈਦਾਨ ਖ਼ਾਲਸੇ ਦੇ ਹੱਥ ਆਇਆ। ਬਾਬਾ ਜੀ ਵੀ ਛੱਤ ਬਨੂੜ ਤੋਂ ਖਰੜ ਵੱਲ ਤੁਰ ਪਏ। ਜੇਤੂ ਸਿੰਘਾਂ ਨਾਲ ਬਾਬਾ ਜੀ ਦੀ ਮਿਲਣੀ ਖਰੜ ਅਤੇ ਬਨੂੜ ਦੇ ਵਿਚਕਾਰ ਹੋਈ। ਇਸ ਨਾਲ ਖ਼ਾਲਸੇ ਦੀ ਤਾਕਤ ਵਧ ਗਈ, ਉਹ ਸਰਹਿੰਦ ਵੱਲ ਤੁਰ ਪਏ।

ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮਲਿਆ। ਚੱਪੜਚਿੜੀ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ ਲਾਂਡਰਾਂ ਸੜਕ 'ਤੇ ਹੈ। ਵਜ਼ੀਰ ਖਾਂ ਦੀ ਫ਼ੌਜਾਂ ਸਿੰਘਾਂ ਦੀ ਚੜਾਈ ਰੋਕਣ ਲਈ ਅੱਗੇ ਵਧੀਆ। ਸਿੰਘਾਂ ਨੇ ਸਰਹਿੰਦ 'ਤੇ ਹਮਲੇ ਦੀਆਂ ਤਿਆਰੀਆਂ ਵਿੱਚ ਬਹੁਤ ਸਮਾਂ ਜੰਗੀ ਅਭਿਆਸ ਵਿੱਚ ਲਾਇਆ ਸੀ। ਸਰਹਿੰਦ ਦੀ ਤਾਕਤ ਖਤਮ ਕਰਨ ਲਈ ਪਹਿਲਾਂ ਹੀ ਕਈ ਇਲਾਕੇ ਜਿੱਤ ਲਏ ਸਨ। ਮਈ 12,1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਖੂਨ ਡੋਲਵੀਂ ਜੋਰਦਾਰ ਜੰਗ ਹੋਈ। ਇਸ ਮੁਕਾਬਲੇ ਦੀ ਜੰਗ ਵਿੱਚ ਵਜ਼ੀਰ ਖਾਂ ਮਾਰਿਆ ਗਿਆ। ਮੁਸਲਮਾਨ ਫ਼ੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਖ਼ਾਲਸੇ ਨੇ ਸਰਹਿੰਦ ਫਤਹਿ ਕਰ ਲਈ।

ਮੁਗਲਾਂ ਨੂੰ ਲੱਕ ਤੋੜਵੀਂ ਸ਼ਿਕਸ਼ਿਤ ਦੇਣ ਬਾਅਦ 14 ਮਈ 1710 ਨੂੰ ਜੇਤੂ ਹੋ ਕੇ ਸਰਹਿੰਦ ਵਿੱਚ ਖ਼ਾਲਸਾ ਦਾਖਲ ਹੋਇਆ। ਬਾਬਾ ਜੀ ਨੇ ਇਸ ਜੁਲਮੀ ਨਗਰੀ ਦੀ ਇੱਟ ਨਾਲ ਇੱਟ ਖੜਕਾ ਕੇ ਇੱਟਾਂ ਦੇ ਢੇਰ ਵਿੱਚ ਬਦਲ ਦਿੱਤਾ। ਨਾਲ ਆਣ ਰਹਲੇ ਹਜੂਮ ਨੇ ਤਿੰਨ ਦਿਨ ਸ਼ਹਿਰ ਵਿੱਚ ਲੁੱਟ ਮਾਰ ਚਲਾਈ ਰਖੀ। ਮੁਸਲਮਾਨਾਂ ਦਾ ਕਤਲੇਆਮ ਹੋਇਆ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ। ਦੋਸ਼ੀਆਂ ਨੂੰ ਚੁਣ ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹਿਲਾਂ ਵਿਚੋਂ ਬਹੁਤ ਸਾਰਾ ਧਨ ਖ਼ਾਲਸੇ ਦੇ ਹੱਥ ਲੱਗਿਆ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਹੁਕਮਰਾਨ ਨਿਯੁਕਤ ਕੀਤਾ । ਸਮਾਣਾ ਦਾ ਹੁਕਮਰਾਨ ਸਰਦਾਰ ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ।

ਸਰਹਿੰਦ ਤੋਂ ਬਾਅਦ ਬਾਬਾ ਜੀ ਮਾਲੇਰਕੋਟਲੇ ਵੱਲ ਵਧੇ। ਨਵਾਬ ਮਾਲੇਰਕੋਟਲੇ ਨੇ ਕੋਈ ਮੁਕਾਬਲਾ ਨਾ ਕੀਤਾ। ਇਸ ਸ਼ਹਿਰ ਵਿੱਚ ਕੋਈ ਨੁਕਸਾਨ ਨਹੀਂ ਹੋਇਆ। ਸਿਰਫ਼ ਬੀਬੀ ਅਨੂਪ ਕੌਰ ਦੀ ਕਬਰ ਪੁਟੀ ਅਤੇ ਲਾਸ਼ ਨੂੰ ਸਿੱਖ ਮਰਿਆਦਾ ਅਨੁਸਾਰ ਸਸਕਾਰ ਕੀਤਾ। ਜਿਸ ਨੂੰ ਸ਼ੇਰ ਮੁਹੰਮਦ ਖਾਂ ਜਬਰੀ ਚੁੱਕ ਕੇ ਲੈ ਗਿਆ ਸੀ। ਉਸ ਨੇ ਆਪਣੀ ਅਣਖ ਖਾਤਰ ਆਤਮ ਹਤਿਆ ਕਰ ਲਈ ਸੀ। ਬਾਬਾ ਜੀ ਨੇ ਮੁਖਲਿਸ ਗੜ੍ਹ ਨੂੰ ਰਾਜਧਾਨੀ ਬਣਾਇਆ। ਮੁਖਲਿਸਗੜ੍ਹ ਦਾ ਕਿਲਾ ਸ਼ਾਹ ਜਹਾਨ ਦੇ ਸਮੇਂ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਜੀ ਨੇ ਇਸ ਕਿਲੇ 'ਤੇ ਕਬਜ਼ਾ ਕੀਤਾ ਤਾਂ ਬੜੀ ਟੁੱਟੀ ਭੱਜੀ ਹਾਲਤ ਵਿੱਚ ਸੀ। ਇਸ ਦੀ ਮੁਰੰਮਤ ਕਰਵਾ ਕੇ ਨਾਉਂ ਲੋਹਗੜ੍ਹ ਰਖਿਆ ਗਿਆ। ਜੰਗਾਂ ਵਿਚੋਂ ਪ੍ਰਾਪਤ ਹੋਇਆ ਮਾਲ ਅਸਬਾਬ ਜੰਗੀ ਸਮਾਨ, ਉਗਰਾਇਆ ਮਾਮਲਾ ਸਭ ਕੁਝ ਇੱਥੇ ਇੱਕਠਾ ਕਰ ਲਿਆ। ਫ਼ੌਜੀ ਸੁਰਖਿਆ ਵਜੋਂ ਇਹ ਜਗ੍ਹਾ ਲਾਭਕਾਰੀ ਸੀ ਕਿ ਇਹ ਮੁੱਖ ਮਾਰਗ ਤੋ ਹਟ ਕੇ ਪਹਾੜੀ ਇਲਾਕੇ ਵਿੱਚ ਸੀ। ਹੁਣ ਬਾਬਾ ਬੰਦਾ ਸਿੰਘ ਬਹਾਦਰ ਇੱਕ ਬਾਦਸ਼ਾਹ ਸਥਾਪਤ ਹੋ ਗਿਆ ਸੀ। ਉਸ ਕੋਲ ਸਮਰਪਿਤ ਸਿੰਘਾਂ ਦੀ ਫ਼ੌਜ ਸੀ। ਰਾਜ ਕਾਜ ਲਈ ਰਾਜਧਾਨੀ ਅਤੇ ਰਹਿਣ ਲਈ ਮਹਿਲ ਸੀ।

ਬਾਦਸ਼ਾਹ ਦੀ ਪੱਕੀ ਨਿਸ਼ਾਨੀ ਵਜੋਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਦਾ ਸਿੱਕਾ ਜਾਰੀ ਕਰ ਦਿੱਤਾ। ਜਿਸ 'ਤੇ ਫਾਰਸੀ ਵਿੱਚ ਉਕਰਿਆ ਸੀ ਕਿ

ਸਿੱਕਾ ਜਦਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ॥

ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜਲਿ ਸੱਚਾ ਸਾਹਿਬ ਅਸਤ॥

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉੱਤੇ, ਬਖਸ਼ਾ ਬਖਸ਼ੀਆ ਨਾਨਕ ਦੀ ਤੇਗ ਨੇ ਜੀ। ਫਤਹਿ ਸ਼ਾਹਿ ਸ਼ਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਨੇ ਜੀ।

ਚਲੰਤ ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਦੂਜੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਸ਼ਬਦ ਸਨ- ਜਰਬ ਬ-ਅਮਾਨ-ਦਹਿਰ ਮੁਸਵਰਤ ਸ਼ਹਿਰ, ਜੀਨਤੁ ਤਖਤੁ, ਮੁਬਾਰਕ ਬਖਤ। ਅਰਥਾਤ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ ਸ਼ਹਿਰ ਦੀ ਮੂਰਤਿ ਧੰਨਭਾਗੀ ਰਾਜਧਾਨੀ ਤੋਂ । ਬਾਬਾ ਜੀ ਨੇ ਸਰਕਾਰੀ ਦਸਤਾਵੇਜ, ਸਨਦਾ,ਪ੍ਰਵਾਨਿਆ ਆਦਿ ਲਈ ਮੋਹਰ ਬਣਵਾਈ ਜਿਸ ਦੇ ਸ਼ਬਦ ਸਨ- ਦੇਗੋ ਤੇਗੋ ਫ਼ਤਹਿ ਨੁਸਰਤਿ ਬੇ-ਦਿਰੰਗ॥ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥ ਅਰਥਾਤ ਦੇਗ ਤੇਗ ਜਿੱਤ, ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ। ਮੁਗਲ ਬਾਦਸ਼ਾਹਾਂ ਦੇ ਰਾਜ ਸੰਮਤ ਦੀ ਤਰ੍ਹਾਂ ਬਾਬਾ ਜੀ ਨੇ ਵੀ ਸਰਹਿੰਦ ਦੀ ਫਤਹਿ ਤੋਂ ਇੱਕ ਨਵਾਂ ਸੰਮਤ ਨਾਨਕਸ਼ਾਹੀ ਆਰੰਭ ਕੀਤਾ, ਜੋ ਉਹਨਾਂ ਦੇ ਰਾਜ ਦੇ ਅੰਤ ਨਾਲ ਹੀ ਸਮਾਪਤ ਹੋ ਗਿਆ। ਇਹ ਸਭ ਕੁਝ ਮੁਗਲ ਬਾਦਸ਼ਾਹਾਂ ਨੂੰ ਅਹਿਸਾ ਕਰਵਾਉਣਾ ਕਿ ਸਿੰਘਾਂ ਦੀ ਸ਼ਾਨ ਬਾਦਸ਼ਾਹਾਂ ਤੋਂ ਘੱਟ ਨਹੀਂ ਹੈ। ਬਾਬਾ ਜੀ ਨੇ ਨਿਜੀ ਨਾਉਂ ਉਤੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬਾਨ ਦਾ ਸੇਵਕ ਦਸਿਆ।

ਖ਼ਾਲਸਾ ਰਾਜ ਦੇ ਸਥਾਪਤ ਅਤੇ ਵਿਸਥਾਰ ਲਈ ਜੰਗਾਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਬਾਬਾ ਜੀ ਨੇ ਜੁਲਾਈ 1710 ਵਿੱਚ ਗੰਗਾ ਤੇ ਯਮਨਾ ਦੇ ਇਲਾਕਿਆਂ ਤੇ ਕਬਜਾ ਕਰ ਲਿਆ। ਅਕਤੂਬਰ 1710 ਵਿੱਚ ਕਿਲਾ ਭਗਵੰਤ ਰਾਏ ਤੇ ਭੀਲੋਵਾਲ ਵੀ ਕਬਜ਼ੇ ਹੇਠ ਆ ਗਏ। ਜਦ ਮੁਗਲ ਸਮਰਾਟ ਬਹਾਦਰ ਸ਼ਾਹ ਨੂੰ ਜਦੋਂ ਖ਼ਾਲਸੇ ਦੀਆਂ ਜਿੱਤਾਂ ਦਾ ਪਤਾ ਲਗਿਆ ਉਸ ਨੇ ਜਿੱਤੇ ਇਲਾਕੇ ਵਾਪਸ ਲੈਣ ਲਈ ਪੰਜਾਬ ਵੱਲ ਵਧਿਆ। ਵਕਤ ਦੀ ਨਜ਼ਾਕਤ ਵੇਖ ਕੇ ਬਾਬਾ ਜੀ ਲੋਹਗੜ੍ਹ ਦੇ ਕਿਲੇ ਵਿੱਚ ਜਾ ਟਿੱਕੇ। ਸ਼ਾਹੀ 60,000 ਦੀ ਫ਼ੌਜ ਨੇ ਕਿਲੇ ਨੂੰ ਘੇਰ ਲਿਆ। ਬਾਬਾ ਜੀ ਖ਼ਾਲਸਾ ਫ਼ੌਜ ਨਾਲ ਪਹਾੜਾਂ ਵੱਲ ਚਲੇ ਗਏ। ਖ਼ਾਲਸਾ ਫ਼ੌਜ ਨੇ ਬਿਲਾਸਪੁਰ 'ਤੇ ਹਮਲਾ ਕਰ ਦਿੱਤਾ। ਇਸ ਜੰਗ ਵਿੱਚ ਪਹਾੜੀ ਰਾਜੇ ਭੀਮ ਚੰਦ ਦੇ ਨਲ ਉਸ ਦੇ 1300 ਸੈਨਿਕ ਮਾਰੇ ਗਏ। ਬਾਕੀ ਪਹਾੜੀ ਰਾਜੇ ਸ਼ਰਨ ਵਿੱਚ ਆ ਗਏ। ਮੰਡੀ ਦੇ ਰਾਜੇ ਸਿੱਧਸੈਨ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਉਸ ਨੇ ਕੁਲੂ ਦੇ ਰਾਜੇ ਵਿਰੁੱਧ ਬਾਬਾ ਜੀ ਦੀ ਮਦਦ ਕੀਤੀ। ਚੰਬਾ ਰਿਆਸਤ ਦੇ ਰਾਜੇ ਨੇ ਆਪਣੀ ਸੁੰਦਰ ਲੜਕੀ ਬਾਬਾ ਜੀ ਨਾਲ ਵਿਆਹ ਦਿੱਤੀ। ਉਸ ਦੀ ਕੁਖੋਂ ਪੁੱਤਰ ਅਜੈ ਸਿੰਘ ਪੈਦਾ ਹੋਇਆ। ਜੂਨ 4,1711 ਨੂੰ ਬਹਿਰਾਮ ਦਾ ਜੰਗ ਹੋਇਆ। ਜੰਮੂ ਦਾ ਫ਼ੌਜਦਾਰ ਹਾਰ ਗਿਆ। ਖ਼ਾਲਸੇ ਨੇ ਬਹਿਰਾਮ ਤੇ ਰਾਏ ਪੁਰ 'ਤੇ ਕਬਜ਼ਾ ਕਰ ਲਿਆ। ਨਾਲ ਹੀ ਕਲਾਨੌਰ ਬਟਾਲਾ 'ਤੇ ਕਬਜ਼ਾ ਕਰ ਲਿਆ। ਉਸ ਵੇਲੇ ਮੁਹੰਮਦ ਅਮੀਨ ਖਾਂ ਤੇ ਰੁਸਤਮ ਦਿਲ ਖਾਂ ਦੀ ਫ਼ੌਜ ਆਉਣ 'ਤੇ ਬਾਬਾ ਜੀ ਫਿਰ ਪਹਾੜੀਆਂ ਵਿੱਚ ਚਲੇ ਗਏ।

ਬਾਦਸ਼ਾਹ ਵੱਲੋਂ ਹੁਕਮ ਹੋਇਆ ਕਿ ਜਿੱਥੇ ਵੀ ਕੋਈ ਸਿੱਖ ਮਿਲੇ, ਮਾਰ ਦਿੱਤਾ ਜਾਵੇ। ਬਹਾਦਰ ਸ਼ਾਹ 18 ਫਰਵਰੀ 1712 ਨੂੰ ਪਾਗਲ ਹੋ ਕੇ ਮਰ ਗਿਆ। ਸੰਨ 1713 ਨੂੰ ਫਰੁਖਸੀਅਰ ਬਾਦਸ਼ਾਹ ਬਣ ਗਿਆ। ਤਖ਼ਤ ਵਾਸਤੇ ਮੁਗਲਾਂ ਦੇ ਘਰੋਗੀ ਝਗੜੇ ਨੇ ਬਾਬਾ ਜੀ ਨੂੰ ਆਪਣੇ ਖੁਸੇ ਹੋਏ ਇਲਾਕਿਆਂ 'ਤੇ ਮੁੜ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ। ਸਢੌਰਾ ਅਤੇ ਲੋਹਗੜ੍ਹ 'ਤੇ ਕਬਜ਼ਾ ਕਰ ਲਿਆ। ਅਬਦੁਲ ਸਮੱਦ ਖਾਂ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। ਉਸ ਦੇ ਪੁੱਤਰ ਜਕਰੀਆ ਖਾਨ ਨੂੰ ਜੰਮੂ ਦਾ ਹਾਕਮ ਥਾਪਿਆ। ਉਹਨਾਂ ਨੇ ਅਕਤੂਬਰ 1713 ਵਿੱਚ ਸਢੌਰਾ ਤੇ ਲੋਹਗੜ੍ਹ 'ਤੇ ਜਿੱਤ ਪ੍ਰਾਪਤ ਕਰ ਲਈ। ਬਾਬਾ ਜੀ ਜੰਮੂ ਦੀਆਂ ਪਹਾੜੀਆਂ ਵਿੱਚ ਚਲੇ ਗਏ। ਸੰਨ 1715 ਵਿੱਚ ਕਲਾਨੌਰ ਅਤੇ ਬਟਾਲਾ ਜਿੱਤ ਲਏ। ਮੁਗਲਾਂ ਨੇ ਲਾਹੌਰ ਵਿਖੇ ਵੱਡੀ ਸੈਨਾ ਇੱਕਠੀ ਕਰ ਲਈ। ਕਾਂਗੜੇ ਦਾ ਕਟੋਚ ਰਾਜਾ ਅਤੇ ਜਸਰੋਟਾ ਦੇ ਰਾਜੇ ਵੱਲੋਂ ਸੈਨਿਕ ਭੇਜੇ। ਬਾਬਾ ਜੀ ਨੇ ਕੋਟ ਮਿਰਜ਼ਾ ਜਾਨ ਪਿੰਡ ਤੋਂ ਮੁਗਲਾਂ ਦਾ ਟਾਕਰਾ ਕੀਤਾ। ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬਾਬਾ ਜੀ ਸ਼ਾਹੀ ਫ਼ੌਜਾਂ ਨੂੰ ਹਾਰ ਦੇਣ ਦੇ ਬਿਲਕੁਲ ਨੇੜੇ ਸਨ ਕਿ ਮੁਗਲਾਂ ਦੀ ਹੋਰ ਭਾਰੀ ਫ਼ੌਜ ਆਣ ਪਹੁੰਚੀ। ਇਸ ਲਈ ਸਿੰਘਾਂ ਨੇ ਗੁਰਦਾਸ ਨੰਗਲ ਪਿੰਡ ਵੱਲ ਪਿਛੇ ਹਟਣਾ ਪਿਆ। ਉਥੇ ਭਾਈ ਦੁਨੀ ਚੰਦ ਦੀ ਹਵੇਲੀ ਵਿੱਚ ਠਹਿਰੇ। ਹਵੇਲੀ ਦੇ ਗਿਰਦ ਮੋਰਚੇ ਬਣਾਏ। ਦੋਹੀਂ ਪਾਸੀ ਖਾਈ ਪੁਟ ਕੇ ਪਾਣੀ ਭਰ ਲਿਆ।

ਸ਼ਾਹੀ ਫ਼ੌਜਾਂ ਨੇ ਅਪ੍ਰੈਲ 1715 ਈ. ਵਿੱਚ ਗੁਰਦਾਸ ਨੰਗਲ ਆ ਘੇਰਿਆ। ਸਿੰਘਾਂ ਨੇ ਗੁਰੀਲਾ ਯੁੱਧ ਨੀਤੀ ਅਪਨਾਈ। ਚਾਲੀ ਪੰਜਾਹ ਸਿੱਖ ਬਾਹਰ ਨਿਕਲਦੇ, ਪਸ਼ੂਆਂ ਲਈ ਘਾਹ ਪੱਠਾ ਲੈਂਦੇ, ਸ਼ਾਹੀ ਫ਼ੌਜਾਂ ਟਾਕਰਾ ਕਰਦੀਆਂ ਤਾਂ ਉਹਨਾਂ ਦਾ ਖਾਤਮਾ ਕਰਕੇ ਅਲੋਪ ਹੋ ਜਾਂਦੇ। ਘੇਰੇ ਦੇ ਲੰਮੇਰੇ ਹੋ ਜਾਣ ਕਰਕੇ ਆਟਾ ਦਾਣਾ ਮੁੱਕ ਗਿਆ। ਬਾਬਾ ਬਿਨੋਦ ਸਿੰਘ ਆਪਣੇ ਪੁੱਤਰ ਨੂੰ ਲੈ ਕੇ ਕਿਲਾ ਛੱਡ ਗਿਆ। ਸਿੰਘਾਂ ਨੂੰ ਘੋੜਿਆਂ, ਖੋਤਿਆਂ ਤੇ ਪਸ਼ੂਆਂ ਦਾ ਮਾਸ ਖਾਣਾ ਪਿਆ। ਉਹਨਾਂ ਨੇ ਘਾਹ ਅਤੇ ਦਰਖਤਾਂ ਦੇ ਪੱਤੇ ਖਾ ਕ ਗੁਜਾਰਾ ਕੀਤਾ। ਬਹੁਤ ਸਾਰੇ ਬਿਮਾਰਆਂ ਕਰਕੇ ਮਰਦੇ ਗਏ। ਸਿੰਘ ਅੱਠ ਮਹੀਨੇ ਤੱਕ ਮੁਗਲਾਂ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ। ਜਿਸ ਵਿੱਚ 8 ਹਜ਼ਾਰ ਸਿੰਘ ਸ਼ਹੀਦੀ ਪਾ ਗਏ। ਦਸਬੰਰ 7, 1715 ਨੂੰ ਮੁਗਲ ਫ਼ੌਜ ਨੇ ਹਵੇਲੀ 'ਤੇ ਕਬਜ਼ਾ ਕਰ ਲਿਆ। ਬਾਬਾ ਜੀ ਅਤੇ ਸਿੰਘਾਂ ਨੂੰ ਕੈਦ ਕਰ ਲਿਆ ਗਿਆ।

ਮੁਗਲਾਂ ਨੇ ਲਗਭਗ 300 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਸਿੰਘਾਂ ਦੇ ਮ੍ਰਿਤਕ ਸਰੀਰਾਂ ਦੀ ਚੀਰਫਾੜ ਕਰ ਦਿੱਤੀ ਕਿ ਇਹਨਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹਨ। ਸ਼ਹੀਦ ਸਿੱਖਾਂ ਦੇ ਸਿਰ ਨੇਜਿਆਂ ਬਰਛਿਆਂ 'ਤੇ ਟੰਗੇ ਗਏ। ਬਾਬਾ ਜੀ ਦੀ ਸੁਪਤਨੀ ਤੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੀ ਫੜ ਲਿਆ। ਗੁਰਦਾਸ ਨੰਗਰ ਤੋਂ ਬਾਬਾ ਜੀ ਅਤੇ ਸਾਥੀਆਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਬਾਬਾ ਜੀ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ। ਪਿੰਜਰਾ ਹਾਥੀ ਉਪਰ ਬੰਨ ਦਿੱਤਾ। ਦੋ ਮੁਗਲ ਸੈਨਿਕ ਖੰਜਰ ਦੇ ਕੇ ਪਹਿਰਾ ਦੇ ਰਹੇ ਸਨ। ਸਾਥੀਆਂ ਨੂੰ ਵੀ ਜੰਜੀਰਾਂ ਨਾਲ ਬੰਨ ਕੇ ਖਰਚਾਂ ਖੋਤਿਆਂ ਉਪਰ ਬਿਠਾਇਆ।

ਬੰਦਾ ਸਿੰਘ ਬਹਾਦਰ ਜੀ ਨਾਲ 200 ਸਾਥੀਆਂ ਨੂੰ ਜਕਰੀਆ ਖਾਂ ਨੇ ਜਲੂਸ ਦੀ ਸ਼ਕਲ ਵਿੱਚ ਦਿੱਲੀ ਵੱਲ ਤੋਰਿਆ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਸ ਨੇ ਕੈਦੀਆਂ ਗਿਣਤੀ ਵਧਾਉਣ ਦੀ ਸੋਚੀ । ਰਾਹ ਵਿੱਚ ਹੋਰ ਸਿੱਖ ਫੜਨੇ ਸ਼ੁਰੂ ਕਰ ਦਿੱਤੇ। ਕੁਝ ਨੂੰ ਕੈਦੀ ਬਣਾ ਲਿਆ , ਕੁਝ ਦੇ ਸਿਰ ਵੱਢ ਕੇ ਹੋਰ ਨੇਜਿਆਂ 'ਤੇ ਟੰਗ ਲਏ। ਇਸ ਤਰ੍ਹਾਂ ਕੈਦੀਆਂ ਦੀ ਗਿਣਤੀ 740 ਅਤੇ ਟੰਗੇ ਹੋਏ ਸਿਰਾਂ ਦੀ ਗਿਣਤੀ 2 ਹਜਾਰ ਹੋ ਗਈ। ਇਸ ਤੋਂ ਇਲਾਵਾ ਸਿੱਖਾਂ ਦੇ ਸਿਰ ਗੱਡਿਆਂ 'ਤੇ ਵੀ ਲੱਦੇ ਹੋਏ ਸਨ। ਇਹ ਜਲੂਸ 29 ਫਰਵਰੀ 1716 ਈ. ਨੂੰ ਦਿੱਲੀ ਪੁੱਜਾ। ਜਲੂਸ ਦੇ ਅੱਗ ਟੰਗੇ ਹੋਏ ਸਿਰ ਸਨ। ਉਹਨਾਂ ਨਾਲ ਇੱਕ ਬਿੱਲੀ ਵੀ ਟੰਗੀ ਸੀ। ਇਹ ਦੱਸਣ ਲਈ ਕਿ ਗੁਰਦਾਸ ਨੰਗਲ ਵਿੱਚ ਸਿੱਖ ਤਾਂ ਇੱਕ ਪਾਸੇ, ਬਿੱਲੀ ਤੱਕ ਵੀ ਮਾਰ ਦਿੱਤੀ ਹੈ। ਇਸ ਤੋਂ ਬਾਅਦ ਬਾਬਾ ਜੀ ਸਨ, ਜੋ ਹਾਥੀ 'ਤੇ ਇੱਕ ਪਿੰਜਰੇ ਵਿੱਚ ਸਨ।

ਮਖੌਲ ਉਡਾਉਣ ਲਈ ਤਿਲੇ ਗੋਟੇ ਵਾਲੇ ਕੀਮਤੀ ਕੱਪੜੇ ਪਾਏ ਹੋਏ ਸਨ। ਉਹਨਾਂ ਦੇ ਪਿੱਛੇ ਇੱਕ ਸੈਨਿਕ ਨੰਗੀ ਤਲਵਾਰ ਲੈ ਕੇ ਖੜਾ ਸੀ। ਪਿੱਛੇ ਕੈਦੀ ਆ ਰਹੇ ਸਨ। ਜੋ ਦੋ ਦੋ ਬੰਨ ਕੇ ਬਿਨਾਂ ਕਾਠੀ ਵਾਲੇ ਊਠਾਂ ਉਤੇ ਬੰਨੇ ਹੋਏ ਸਨ। ਜਿਨ੍ਹਾਂ ਦੇ ਸਿਰਾਂ ਉਤੇ ਭੇਡ ਦੀ ਖੱਲ ਦੀਆਂ ਨੋਕਦਾਰ ਸ਼ੀਸ਼ੇ ਜੜੀਆਂ ਟੋਪੀਆਂ ਸਨ। ਆਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜੇ ਦੇ ਵਿਚਕਾਰ ਮੀਲਾਂ ਲੰਬੀ ਸੜਕ ਦੇ ਦੋਵੇਂ ਪਾਸੇ ਤਮਾਸ਼ਬੀਨ ਖੜੇ ਸਨ।

ਮਿਰਜਾ ਮੁਹੰਮਦ ਹਰੀਸੀ, ਇਸ ਨੂੰ ਦੇਖਿਆ ਤਮਾਸ਼ਾ ਕਹਿੰਦਾ ਹੈ। ਗਲੀਆਂ ਬਾਜ਼ਾਰਾਂ ਵਿੱਚ ਇਤਨਾ ਭਾਰੀ ਇੱਕਠ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ। ਮੁਸਲਮਾਨ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ, ਪਰ ਸਿੱਖ ਵੀ ਭਾਣੇ ਨੂੰ ਮੰਨਦੇ ਹੋਏ ਸ਼ਾਂਤ ਸਨ। ਗੁਰਬਾਣੀ ਦਾ ਜਾਪ ਕਰਦੇ ਰਹੇ। ਤਮਾਸ਼ਬੀਨ ਆਖਦੇ ਕਿ ਤੁਹਾਡੀਆਂ ਕੀਤੀਆਂ ਨੇ ਇਹ ਨਿ ਵਿਖਾਏ ਹਨ। ਸਿੰਘ ਕਹਿੰਦੇ, ਸਭ ਕੁਝ ਰੱਬ ਦੀ ਰਜ਼ਾ ਵਿੱਚ ਹੋ ਰਿਹਾ ਹੈ। ਭੀੜ ਨੇ ਕਿਹਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਿੰਘ ਕਹਿੰਦੇ ਕਿ ਅਸੀਂ ਮੌਤ ਤੋਂ ਕਦ ਡਰੇ ਹਾਂ? ਜੇਕਰ ਅਸੀਂ ਡਰਦੇ ਹੁੰਦੇ ਤਾਂ ਇਨੀਆਂ ਜੰਗਾਂ ਕਿਵੇਂ ਲੜ ਸਕਦੇ ਸੀ? ਅਸੀਂ ਤਾਂ ਮਜ਼ਬੂਰੀ ਵੱਸ ਤੁਹਾਡੇ ਕਾਬੂ ਆ ਗਏ ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਕਿਹੋ ਜਿਹੇ ਹੱਥ ਵਿਖਾ ਸਕਦੇ ਹਾਂ? ਜਦੋਂ ਸ਼ਾਹੀ ਕਿਲੇ ਕੋਲ ਪਹੁੰਚੇ ਤਾਂ ਬਾਬਾ ਜੀ ਦੇ ਪ੍ਰਮੁੱਖ ਸਾਥੰ ਜਿਵੇਂ ਬਾਜ ਸਿੰਘ, ਫਤਹਿ ਸਿੰਘ, ਬਾਬਾ ਕਾਨ ਸਿੰਘ ਆਦਿ ਨੂੰ ਬੰਦੀਖਾਨੇ ਭੇਜ ਦਿੱਤਾ। ਬਾਬਾ ਜੀ ਨੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ, ਉਸ ਦੀ ਮਾਤਾ ਤੇ ਖਿਡਾਵੀ ਨੂੰ ਸ਼ਾਹੀ ਜਨਾਨਖਾਨਾ ਵਿੱਚ ਰਖਿਆ। ਮਾਰਚ 5,1716 ਨੂੰ ਕੋਤਵਾਲੀ ਦੇ ਸਾਹਮਣੇ ਸਿੱਖ ਕੈਦੀਆਂ ਦੇ 100-100 ਕਰਕੇ ਕਤਲ ਸ਼ੁਰੂ ਹੋਏ। ਵਾਰ ਵਾਰ ਐਲਾਨ ਕੀਤਾ ਜਾਂਦਾ ਕਿ ਜਿਹੜਾ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣ ਜਾਵੇ ਉਸ ਦੀ ਜਾਨ ਬਖਸ਼ ਦਿੱਤੀ ਜਾਵ। ਜਾਨ ਸਰਮਨ ਸਟੀਫਨਸਨ ਜੋ ਸ਼ਾਹੀ ਦਰਬਾਰ ਵਿੱਚੋਂ ਸਨ, ਦਾ ਕਥਨ ਹੈ ਕਿ ਕੋਈ ਵੀ ਸਿੱਖ ਆਪਣੇ ਧਰਮ ਤੋਂ ਨਹੀਂ ਫਿਰਿਆ। ਸੱਤ ਦਿਨਾਂ ਵਿੱਚ ਸਾਰੇ ਸਿੱਖ ਸ਼ਹੀਦ ਹੋ ਗਏ। ਰਾਤ ਨੂੰ ਸ਼ਹੀਦਾਂ ਦੇ ਸਰੀਰ ਗੱਡਿਆਂ ਉਤੇ ਲੱਦ ਕੇ ਸ਼ਹਿਰੋ ਬਾਹਰ ਦਰਖਤਾਂ 'ਤੇ ਟੰਗ ਦਿੱਤੇ ਜਾਂਦੇ।

(ਬਾਕੀ ਸਫ਼ਾ 31 'ਤੇ)




# ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਨੈਤਿਕਤਾ ਦੀ ਸਿੱਖਿਆ ਵੀ ਦਿਓ

**ਰਾਜਿੰਦਰ ਰਾਣੀ ਗੰਢੂਆਂ**



ਨੈਤਿਕਤਾ ਦਾ ਭਾਵ ਮਨੁੱਖੀ ਕਿਰਦਾਰ ਤੋਂ ਹੈ, ਜੋ ਸਮਾਜ 'ਚ ਵਿਚਰਨ ਲਈ ਜ਼ਰੂਰੀ ਹੈ। ਨੈਤਿਕਤਾ ਦਾ ਸਿੱਧਾ ਸਬੰਧ ਸਾਡੇ ਮਨ ਤੇ ਆਤਮਾ ਨਾਲ ਹੈ, ਜੋ ਸਾਨੂੰ ਹਰ ਵੇਲੇ ਕੁਝ ਕਰਨ ਤੋਂ ਵਰਜਦੇ ਹਨ ਤੇ ਕੁਝ ਨਵਾਂ ਕਰਨ ਲਈ ਪ੍ਰੇਰਦੇ ਹਨ। ਚੰਗੀ ਸੰਗਤ, ਚੰਗਾ ਸਾਹਿਤ, ਚੰਗੀ ਸਿੱਖਿਆ, ਚੰਗੇ ਸੰਸਕਾਰ, ਸਿਆਣੇ ਮਾਪੇ, ਉੱਚੇ ਕਿਰਦਾਰ ਦੇ ਅਧਿਆਪਕ ਆਦਿ ਨੈਤਿਕਤਾ ਦਾ ਪੱਧਰ ਉੱਚਾ ਕਰਨ 'ਚ ਮਦਦ ਕਰਦੇ ਹਨ, ਇਨ੍ਹਾਂ ਦੀ ਘਾਟ ਹੀ ਨੈਤਿਕਤਾ ਦੀ ਘਾਟ ਹੈ।

ਨੈਤਿਕਤਾ ਉਹ ਹੈ, ਜਿਸ ਨਾਲ ਅਸੀਂ ਸਮਾਜ ਵਿੱਚ ਆਦਰ-ਮਾਣ, ਸਤਿਕਾਰ ਅਤੇ ਪਛਾਣ ਪ੍ਰਾਪਤ ਕਰਦੇ ਹਾਂ। ਇਸੇ ਤਰ੍ਹਾਂ ਸਕੂਲਾਂ 'ਚ ਗੁਰੂ ਜਾਂ ਅਧਿਆਪਕ ਸਿਰਫ਼ ਕਿਤਾਬੀ ਗਿਆਨ ਨਹੀਂ ਦਿੰਦੇ ਸਗੋਂ ਨੈਤਿਕਤਾ ਦਾ ਪਾਠ ਵੀ ਪੜ੍ਹਾਉਂਦੇ ਹਨ ਤੇ ਜਿਊਣ ਦਾ ਢੰਗ ਵੀ ਬੱਚਿਆਂ ਨੂੰ ਦੱਸਦੇ ਹਨ। ਅਸੀਂ ਦੂਜਿਆਂ ਨਾਲ ਆਦਰ-ਸਤਿਕਾਰ ਨਾਲ ਵਿਚਰੀਏ, ਦੂਜਿਆਂ ਪ੍ਰਤੀ ਹਮਦਰਦੀ ਰੱਖਣੀ ਚਾਹੀਦੀ ਹੈ। ਸਾਡੇ ਮਨ 'ਚ ਸਬਰ ਦਾ ਹੋਣਾ ਜ਼ਰੂਰੀ ਹੈ। ਨੈਤਿਕਤਾ ਸਾਨੂੰ ਬਚਪਨ 'ਚ ਹੀ ਛੋਟੇ ਹੁੰਦਿਆਂ ਤੋਂ ਪਰਿਵਾਰ ਵਿੱਚ ਸਿਖਾਈ ਜਾਂਦੀ ਹੈ। ਵੱਡੇ ਹੁੰਦਿਆਂ-ਹੁੰਦਿਆਂ ਸਾਨੂੰ ਸਮਝ ਆ ਜਾਂਦੀ ਹੈ ਕਿ ਕੀ ਗ਼ਲਤ ਤੇ ਕੀ ਸਹੀ ਹੈ। ਆਪਣੀ ਮਰਜ਼ੀ ਨਾਲ ਦੂਜਿਆਂ ਨੂੰ ਸਹਿਯੋਗ ਕਰਨਾ ਤੇ ਦੂਜਿਆਂ ਦੀ ਮਦਦ ਕਰਦੇ ਰਹਿਣਾ, ਖ਼ੁਦ ਨੂੰ ਪ੍ਰੇਰਿਤ ਕਰਦੇ ਰਹਿਣਾ, ਚੰਗੇ ਕੰਮਾਂ ਲਈ ਆਦਿ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸ਼ੁਰੂਆਤੀ ਬਚਪਨ ਦਾ ਸਮਾਂ ਬੱਚੇ ਦੇ ਚਰਿੱਤਰ ਨਿਰਮਾਣ ਅਤੇ ਨੈਤਿਕਤਾ ਨੂੰ ਸਿੱਖਣ ਦਾ ਸਹੀ ਵਕਤ ਹੁੰਦਾ ਹੈ। ਨੈਤਿਕਤਾ ਪਹਿਲੀ ਉਮਰ 'ਚ ਆਸਾਨੀ ਨਾਲ ਸਿੱਖੀ ਜਾ ਸਕਦੀ ਹੈ ਪਰ ਇਨਸਾਨ ਸਾਰੀ ਉਮਰ ਸਿੱਖਦਾ ਰਹਿੰਦਾ ਹੈ। ਬਚਪਨ 'ਚ ਦਿੱਤੀ ਸਿੱਖਿਆ ਸਾਰੀ ਉਮਰ ਨਾਲ ਰਹਿੰਦੀ ਤੇ ਕੰਮ ਆਉਂਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਬਚਪਨ ਤੋਂ ਹੀ ਬੱਚਿਆਂ 'ਚ ਨਿਮਰਤਾ, ਇਮਾਨਦਾਰੀ, ਆਦਰ-ਸਤਿਕਾਰ, ਸਨਮਾਨ ਆਦਿ ਸੰਸਕਾਰ ਦੇਣ।

**ਮਨੁੱਖੀ ਸ਼ਖ਼ਸੀਅਤ ਲਈ ਜ਼ਰੂਰੀ**

ਨੈਤਿਕ ਕਦਰਾਂ-ਕੀਮਤਾਂ ਦੀ ਸਾਰਿਆਂ ਨੂੰ ਬਹੁਤ ਜ਼ਰੂਰਤ ਹੈ ਭਾਵੇਂ ਉਹ ਬੱਚਾ ਹੋਵੇ, ਜਵਾਨ ਜਾਂ ਬਜ਼ੁਰਗ ਹੋਵੇ। ਇਨ੍ਹਾਂ ਦਾ ਸੰਬੰਧ ਸਾਡੇ ਆਚਰਨ ਤੇ ਵਿਵਹਾਰ ਨਾਲ ਹੁੰਦਾ ਹੈ। ਵਿੱਦਿਅਕ ਯੋਗਤਾ ਤੇ ਗਿਆਨ ਭਾਵੇਂ ਸਾਡੀ ਲਈ ਮਹੱਤਵਪੂਰਨ ਹਨ ਪਰ ਚੰਗਾ ਚਰਿੱਤਰ ਹੋਣਾ ਵੱਧ ਜ਼ਰੂਰੀ ਹੈ, ਜਿਸ ਨਾਲ ਸਾਡੀ ਸ਼ਖ਼ਸੀਅਤ ਬਣਦੀ ਹੈ। ਨੈਤਿਕ ਕਦਰਾਂ-ਕੀਮਤਾਂ ਸਾਡੇ ਸਮਾਜ ਲਈ ਅਹਿਮ ਰੋਲ ਅਦਾ ਕਰਦੀਆਂ ਹਨ। ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਇਨ੍ਹਾਂ ਅਨੁਸਾਰ ਜ਼ਿਆਦਾ ਚੱਲਦੀ ਹੈ, ਜੋ ਸਾਨੂੰ ਸਹੀ ਤੇ ਗ਼ਲਤ ਬਾਰੇ ਸਿਖਾਉਂਦੀਆਂ ਹਨ ਤੇ ਚੰਗਾ-ਮਾੜਾ ਦੱਸਦੀਆਂ ਹਨ। ਬੱਚੇ ਵਿਚ ਦਿਆਲਤਾ, ਨਿਮਰਤਾ, ਇਮਾਨਦਾਰੀ, ਸਮਾਨਤਾ, ਘਰ ਤੋਂ ਸਕੂਲ ਜਾਣ-ਆਉਣ ਵੇਲੇ ਵੱਡਿਆਂ ਦੇ ਪੈਰੀਂ ਹੱਥ ਲਾਉਣਾ ਅਤੇ ਉਨ੍ਹਾਂ ਨੂੰ ਜੱਫੀ ਪਾ ਕੇ ਮਿਲਣਾ ਆਦਿ ਵਰਗੇ ਸੰਸਕਾਰ ਸਿਖਾਉਣੇ ਚਾਹੀਦੇ ਹਨ।

**ਸਮਾਜ ਨੂੰ ਦੇਖ ਕੇ ਬਹੁਤ ਕੁਝ ਸਿੱਖਦਾ ਬੱਚਾ**

ਅੱਜ-ਕੱਲ੍ਹ ਨੈਤਿਕ ਕਦਰਾਂ-ਕੀਮਤਾਂ ਸਬੰਧੀ ਵੱਡੀ ਘਾਟ ਦੇਖਣ ਨੂੰ ਮਿਲ ਰਹੀ ਹੈ, ਜਿਸ ਕਾਰਨ ਬੱਚਾ ਸਹੀ ਵਿਵਹਾਰ ਨਹੀਂ ਕਰਦਾ। ਇਸ ਲਈ ਪਰਿਵਾਰ, ਸਿੱਖਿਅਕ ਸੰਸਥਾਵਾਂ ਤੇ ਸਮਾਜ ਦਾ ਉਹ ਹਰ ਵਿਅਕਤੀ ਜ਼ਿੰਮੇਵਾਰ ਹੈ, ਜੋ ਆਪਣੀ ਜ਼ਿੰਦਗੀ ਦੇ ਤਜਰਬਿਆਂ, ਪਰਿਵਾਰ ਤੋਂ ਮਿਲੀ ਨੈਤਿਕ ਸਿੱਖਿਆ ਬੱਚਿਆਂ ਤੇ ਆਲੇ-ਦੁਆਲੇ ਪ੍ਰਦਾਨ ਨਹੀਂ ਕਰਦਾ। ਬੱਚਾ ਸਮਾਜ ਤੋਂ ਦੇਖ ਕੇ ਬਹੁਤ ਕੁਝ ਸਿੱਖਦਾ ਹੈ। ਅੱਜ ਦੇ ਸਮੇਂ ਵਿਚ ਬੱਚੇ ਖ਼ੁਦ ਵੀ ਮਾਪਿਆਂ, ਦਾਦਾ-ਦਾਦੀ ਤੇ ਆਪਣੇ ਵੱਡਿਆਂ ਕੋਲ ਨਹੀਂ ਬੈਠਦੇ ਸਗੋਂ ਮੋਬਾਈਲ ਫੋਨ, ਗੇਮਾਂ ਤੇ ਸੋਸ਼ਲ ਮੀਡੀਆ ਦੀ ਵੱਧ ਵਰਤੋਂ ਕਰਦੇ ਹਨ। ਇਸ ਕਾਰਨ ਬੱਚੇ ਨੈਤਿਕਤਾ ਤੋਂ ਬਹੁਤ ਦੂਰ ਜਾ ਰਹੇ ਹਨ। ਉਨ੍ਹਾਂ ਨੂੰ ਸਹੀ-ਗ਼ਲਤ ਦਾ ਗਿਆਨ ਨਹੀਂ ਹੁੰਦਾ। ਅਧਿਆਪਕਾਂ ਕੋਲ ਵੀ ਇੰਨਾ ਸਮਾਂ ਨਹੀਂ ਹੁੰਦਾ। ਦਿਨੋਂ-ਦਿਨ ਸਾਂਝੇ ਪਰਿਵਾਰ ਘਟਦੇ ਜਾ ਰਹੇ ਹਨ। ਆਧੁਨਿਕ ਤਕਨਾਲੋਜੀ, ਸੋਸ਼ਲ ਮੀਡੀਆ ਦਾ ਅਸਰ ਬਹੁਤ ਜ਼ਿਆਦਾ ਹੈ। ਸਮਾਜ ਵਿਚ ਸੇਵਾ ਭਾਵਨਾ, ਰਿਸ਼ਤਿਆਂ ਦੀ ਕਦਰ, ਮੋਹ-ਪਿਆਰ ਵਰਗੀਆਂ ਭਾਵਨਾਵਾਂ ਖ਼ਤਮ ਹੁੰਦੀਆਂ ਜਾਂਦੀਆਂ ਹਨ। ਬੱਚਿਆਂ ਨੂੰ ਵੀ ਕੋਈ ਵੀ ਨੈਤਿਕਤਾ ਬਾਰੇ ਗਿਆਨ ਦੇਣ ਦੀ ਜਾਂ ਸਮਝਾਉਣ ਦੀ ਕੋਸ਼ਿਸ਼ ਨਹੀਂ ਕਰਦਾ।



**ਨੈਤਿਕ ਸਿੱਖਿਆ ਦਾ ਵਿਸ਼ਾ ਕੀਤਾ ਜਾਵੇ ਲਾਜ਼ਮੀ**

ਸਕੂਲਾਂ-ਕਾਲਜਾਂ ਵਿੱਚ ਨੈਤਿਕ ਸਿੱਖਿਆ 'ਤੇ ਸੈਮੀਨਾਰ ਕਰਵਾਉਣੇ ਚਾਹੀਦੇ ਹਨ। ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਦਾ ਵਿਸ਼ਾ ਵੀ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਨੈਤਿਕ ਸਿੱਖਿਆ ਵਿਦਿਆਰਥੀ ਨੂੰ ਚੰਗੀ ਸ਼ਖ਼ਸੀਅਤ ਦਾ ਮਾਲਕ ਬਣਾਉਂਦੀ ਹੈ, ਉਸ ਨੂੰ ਜ਼ਿੰਮੇਵਾਰ ਬਣਾਉਂਦੀ ਹੈ। ਬੱਚਿਆਂ ਅੰਦਰ ਇਨ੍ਹਾਂ ਦਾ ਸੰਚਾਰ ਪਰਿਵਾਰ, ਅਧਿਆਪਕ ਤੇ ਸਮਾਜ ਨੇ ਕਰਨਾ ਹੁੰਦਾ ਹੈ। ਸਾਨੂੰ ਵੀ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ, ਦੂਜਿਆਂ ਨੂੰ ਸਹਿਯੋਗ ਦੇਣਾ, ਮਿਲ ਕੇ ਰਹਿਣਾ ਚਾਹੀਦਾ ਹੈ। ਪਰਿਵਾਰਕ ਰਿਸ਼ਤਿਆਂ ਤੇ ਦੂਜਿਆਂ ਦੀ ਸਿਹਤ ਦੀ ਸੰਭਾਲ ਰੱਖਣੀ ਚਾਹੀਦੀ ਹੈ। ਚੰਗੀ ਸਿੱਖਿਆ ਲੈਣੀ ਚਾਹੀਦੀ ਹੈ ਤੇ ਦੂਜਿਆਂ ਨੂੰ ਪ੍ਰਦਾਨ ਕਰਨੀ ਚਾਹੀਦੀ ਹੈ। ਸਾਨੂੰ ਦੂਜਿਆਂ ਨਾਲ ਵੀ ਆਦਰ-ਸਤਿਕਾਰ ਤੇ ਹੱਸ ਕੇ ਮਿਲਣਾ ਤੇ ਗੱਲਬਾਤ ਕਰਨੀ ਚਾਹੀਦੀ ਹੈ। ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨਾ ਵੀ ਸਾਡਾ ਮਹੱਤਵਪੂਰਨ ਫ਼ਰਜ਼ ਹੈ। ਸਾਡਾ ਆਪਸੀ ਵਿਵਹਾਰ ਹੀ ਸਾਡੀ ਨੈਤਿਕਤਾ ਤੇ ਅਨੈਤਿਕਤਾ ਬਾਰੇ ਦੱਸਦਾ ਹੈ।

# ਸ਼ਖ਼ਸੀਅਤ ਦੇ ਸੰਤੁਲਿਤ ਵਿਕਾਸ ਲਈ ਸ਼ੌਕ ਬਹੁਤ ਜ਼ਰੂਰੀ

**ਰਮਨਦੀਪ ਕੌਰ**

## ਜਿਸ ਮਨ ਨੂੰ ਰੁਚੀ ਮਿਲ ਜਾਵੇ, ਉਹ ਕਦੇ ਵੀ ਰਾਹ ਨਹੀਂ ਭੁੱਲਦਾ

ਸਰੀਰਕ ਵਿਕਾਸ ਲਈ ਖ਼ੁਰਾਕ ਜ਼ਰੂਰੀ ਹੈ, ਉਸੇ ਤਰ੍ਹਾਂ ਮਨੁੱਖੀ ਸ਼ਖ਼ਸੀਅਤ ਦੇ ਸੰਤੁਲਿਤ ਵਿਕਾਸ ਲਈ ਰੁਚੀਕਰ ਗਤੀਵਿਧੀਆਂ ਜਾਂ ਸ਼ੌਕ ਬਹੁਤ ਜ਼ਰੂਰੀ ਹਨ। ਸ਼ੌਕ ਕਿਸੇ ਵੀ ਵਿਅਕਤੀ ਨੂੰ ਰਚਨਾਤਮਿਕ ਦਿਸ਼ਾ ਵੱਲ ਮੋੜਦੇ ਹਨ। ਪੇਂਟਿੰਗ, ਸੰਗੀਤ, ਖੇਡਾਂ ਜਾਂ ਹੋਰ ਰੁਚੀਕਰ ਗਤੀਵਿਧੀਆਂ ਵਿਅਕਤੀ ਦੇ ਮਨ ਨੂੰ ਸ਼ਾਂਤ ਰੱਖਦੀਆਂ ਹਨ ਤੇ ਊਰਜਾ ਨੂੰ ਸਹੀ ਮੋੜ ਦਿੰਦੀਆਂ ਹਨ ।

ਆਪਣੇ ਸਕੂਲ ਰੱਤੀ ਰੋੜੀ ਡੱਗੋ ਰੁਮਾਣਾ ਜ਼ਿਲ੍ਹਾ ਫ਼ਰੀਦਕੋਟ ਵਿਖੇ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ 'ਤੇ ਸਰਵੇ ਕੀਤਾ, ਜਿੱਥੇ ਉਨ੍ਹਾਂ ਕੋਲੋਂ ਸਕਰੀਨ ਟਾਈਮ ਪੁੱਛਿਆ ਗਿਆ ਤਾਂ ਬੱਚਿਆਂ ਨੇ ਦੱਸਿਆ ਕਿ ਉਹ ਦੋ ਘੰਟੇ ਤੋਂ ਲੈ ਕੇ ਪੰਜ ਘੰਟੇ ਤੱਕ ਮੋਬਾਈਲ ਜਾਂ ਟੀਵੀ ਦੇਖਦੇ ਹਨ। ਜਦੋਂ ਸਰਵੇ 'ਚ ਕਾਰਨ ਪੁੱਛੇ ਗਏ ਤਾਂ ਸਾਹਮਣੇ ਆਇਆ ਕਿ ਵਿਦਿਆਰਥੀਆਂ 'ਚ ਕਿਸੇ ਵੀ ਕਿਸਮ ਦੀ ਸ਼ੌਕ ਦੀ ਅਣਹੋਂਦ ਦੇਖੀ ਗਈ। ਇਸ ਲਈ ਸਹੀ ਕਿਹਾ ਗਿਆ ਹੈ, 'ਜਿਸ ਮਨ ਨੂੰ ਰੁਚੀ ਮਿਲ ਜਾਵੇ, ਉਹ ਕਦੇ ਵੀ ਰਾਹ ਨਹੀਂ ਭੁੱਲਦਾ।' ਵਿਦਿਆਰਥੀ ਜੀਵਨ 'ਚ ਹੀ ਸ਼ੌਕ ਨੂੰ ਲੱਭਿਆ ਤੇ ਸਿਰਜਿਆ ਜਾ ਸਕਦਾ ਹੈ ਤੇ ਜ਼ਿੰਦਗੀ ਦੇ ਬੇਲਗਾਮ ਘੋੜੇ 'ਤੇ ਲਗਾਮ ਪਾਈ ਜਾ ਸਕਦੀ ਹੈ। ਇਹ ਸ਼ੌਕ ਹੀ ਨੇ, ਜੋ ਦਿਸ਼ਾ ਦਿੰਦੇ ਹਨ।



ਕਈ ਵਾਰੀ ਰੁਚੀ ਬਾਰੇ ਵਿਦਿਆਰਥੀਆਂ ਨੂੰ ਪਤਾ ਨਹੀਂ ਲੱਗਦਾ। ਸੋ ਸਾਂਝੇ ਕਰਦੇ ਹਾਂ ਕੁਝ ਨੁਕਤੇ, ਜਿਨ੍ਹਾਂ ਨਾਲ ਵਿਦਿਆਰਥੀ ਆਪਣੇ ਸ਼ੌਕ ਦੀ ਤਲਾਸ਼ ਨੂੰ ਪੂਰਾ ਕਰ ਸਕਦਾ ਹੈ।

**ਕਿਹੜਾ ਕੰਮ ਹੈ ਪਸੰਦ:** ਇੱਕ ਹਫ਼ਤਾ ਧਿਆਨ ਨਾਲ ਦੇਖੋ ਕਿ ਤੁਹਾਨੂੰ ਕਿਹੜਾ ਕੰਮ ਕਰਨਾ ਪਸੰਦ ਹੈ ਤੇ ਕਿਹੜੀ ਚੀਜ਼ 'ਚ ਤੁਸੀਂ ਦਿਲੋਂ ਖ਼ੁਸ਼ ਹੁੰਦੇ ਹੋ, ਜਿਵੇਂ ਪੌਦੇ ਲਗਾਉਣਾ, ਖਾਣਾ ਬਣਾਉਣਾ ਜਾਂ ਫਿਰ ਪੇਂਟਿੰਗ। ਉਹ ਗਤੀਵਿਧੀਆਂ ਸੋਚੋ ਜੋ ਤੁਹਾਨੂੰ ਖ਼ੁਸ਼ੀ ਦਿੰਦੀਆਂ ਹਨ।

**ਨਵੀਆਂ ਗਤੀਵਿਧੀਆਂ ਅਜ਼ਮਾਓ:** ਹਰ ਮਹੀਨੇ ਕੋਈ ਇੱਕ ਨਵੀਂ ਰੁਚੀ ਟਰਾਈ ਕਰੋ, ਜਿਵੇਂ ਸੰਗੀਤ, ਖੇਡ, ਯੋਗਾ, ਨਵੀਂ ਭਾਸ਼ਾ ਸਿੱਖਣਾ ਆਦਿ।

**ਰੁਚੀ ਨੂੰ ਆਪਣੀ ਸ਼ਖ਼ਸੀਅਤ ਅਨੁਸਾਰ ਮਿਲਾਉਣਾ:** ਜਿਸ ਦਾ ਅਰਥ ਹੈ ਕਿ ਜੇ ਤੁਸੀਂ ਅੰਤਰਮੁਖੀ ਹੋ ਤਾਂ ਜ਼ਰੂਰੀ ਨਹੀਂ ਕਿ ਲੋਕਾਂ ਵਿੱਚ ਵਿਚਰਨ ਵਾਲੀ ਰੁਚੀ ਚੁਣੋ। ਤੁਸੀਂ ਕੁਝ ਅਜਿਹਾ ਚੁਣੋ, ਜਿਸ ਲਈ ਤੁਹਾਨੂੰ ਕਿਸੇ ਨਾਲ ਬੋਲਣਾ ਨਾ ਪਵੇ, ਜਿਵੇਂ ਪੇਂਟਿੰਗ। ਜੇ ਤੁਸੀਂ ਬਾਹਰਮੁਖੀ ਹੋ ਤਾਂ ਸਮਾਜਿਕ ਖੇਡਾਂ ਜਾਂ ਕਮਿਊਨਿਟੀ ਈਵੈਂਟਸ ਵਿੱਚ ਭਾਗ ਲੈ ਸਕਦੇ ਹੋ ।

**ਛੋਟੇ ਸਮੇਂ ਲਈ ਸ਼ੁਰੂ ਕਰੋ:** ਜਦੋਂ ਕੋਈ ਨਵਾਂ ਸ਼ੌਕ ਲੱਭ ਰਹੇ ਹੋ ਤਾਂ ਸ਼ੁਰੂ ਵਿੱਚ ਸਿਰਫ਼ ਇੱਕ ਦਿਨ 'ਚ 20 ਜਾਂ 30 ਮਿੰਟ ਹੀ ਉਸ ਰੁਚੀ 'ਤੇ ਲਗਾਓ, ਨਹੀਂ ਤਾਂ ਸ਼ੌਕ ਬੋਝ ਲੱਗਣ ਲੱਗ ਜਾਵੇਗਾ। ਸਿਰਫ਼ ਇਸ ਦਾ ਆਨੰਦ ਮਾਣੋ।

**ਨਤੀਜੇ ਨਾ ਲੱਭੋ:** ਰੁਚੀ ਦਾ ਸਿਰਫ਼ ਆਨੰਦ ਲਵੋ। ਕਿਸੇ ਕਿਸਮ ਦੇ ਨਤੀਜੇ 'ਤੇ ਨਾ ਪਹੁੰਚੋ, ਨਾ ਹੀ ਇਸ ਬਾਰੇ ਬਹੁਤਾ ਉੱਚਾ ਸੋਚੋ।

**ਵੱਖ-ਵੱਖ ਮੌਕਿਆਂ ਤੇ ਕਲਾਸਾਂ 'ਚ ਭਾਗ ਲਓ:** ਆਪਣੇ ਸਕੂਲ, ਸੰਸਥਾ ਜਾਂ ਕਾਲਜ ਵਿੱਚ ਹੋਣ ਵਾਲੇ ਵੱਖ-ਵੱਖ ਦਿਨਾਂ 'ਤੇ ਕਰਵਾਏ ਜਾਂਦੇ ਮੁਕਾਬਲਿਆਂ, ਪ੍ਰੋਗਰਾਮਾਂ ਵਿੱਚ ਭਾਗ ਲਵੋ। ਇਸ ਨਾਲ ਆਪਣੀ ਰੁਚੀ ਲੱਭਣ 'ਚ ਬਹੁਤ ਮਦਦ ਮਿਲੇਗੀ।

ਇੱਕ ਵਾਰੀ ਜਦੋਂ ਸਾਨੂੰ ਸਾਡੇ ਸ਼ੌਕ ਦਾ ਪਤਾ ਲੱਗ ਜਾਂਦਾ ਹੈ ਤੇ ਅਸੀਂ ਉਸ ਸ਼ੌਕ 'ਤੇ ਕੰਮ ਕਰਨ ਲੱਗਦੇ ਹਾਂ ਤਾਂ ਸੱਚ ਮੰਨੋ ਇੱਕ ਜਾਦੂ ਵਰਗਾ ਕੰਮ ਹੁੰਦਾ ਹੈ। ਅਸੀਂ ਬਿਨਾਂ ਕਿਸੇ ਦਬਾਅ ਤੇ ਯਤਨ ਦੇ ਖ਼ੁਦ ਅਨੁਸ਼ਾਸਿਤ ਹੋ ਜਾਂਦੇ ਹਾਂ। ਪੜ੍ਹਾਈ ਦੇ ਨਾਲ ਜਦੋਂ ਹੋਵੇ ਰਸ, ਸ਼ੌਕ ਬਣਾਉਂਦੇ ਹਰ ਦਿਨ ਨੂੰ ਖ਼ਾਸ। ਮਨ ਦੀ ਥਕਾਵਟ ਲਹਿ ਜਾਂਦੀ, ਜਦ ਸਿਰਜਨਾਤਮਿਕਤਾ ਹਰ ਪਾਸੇ ਵਹਿ ਜਾਂਦੀ।

**ਜ਼ਿੰਦਗੀ 'ਚ ਅਨੁਸ਼ਾਸਨ ਲਿਆਉਂਦੀ ਰੁਚੀ**




**ਨਿਯਮਤਾ:** ਜਦੋਂ ਅਸੀਂ ਹਰ ਰੋਜ਼ ਅਪਣੀ ਰੁਚੀ ਲਈ ਸਮਾਂ ਕੱਢਦੇ ਹਾਂ ਤਾਂ ਇਹ ਸਾਨੂੰ ਨਿਯਮਿਤ ਜੀਵਨ ਜਿਊਣਾ ਸਿਖਾਉਂਦੀ ਹੈ।

**ਸਮਾਂ ਪਾਬੰਦੀ:** ਰੁਚੀ ਕਰਨ ਲਈ ਅਸੀਂ ਆਪਣੇ ਦਿਨ ਦਾ ਕੁਝ ਸਮਾਂ ਨਿਸ਼ਚਿਤ ਕਰਦੇ ਹਾਂ, ਜਿਸ ਨਾਲ ਸਮੇਂ ਦੀ ਕਦਰ ਆਉਂਦੀ ਹੈ।

**ਝੂਠੇ ਬਹਾਨਿਆਂ ਤੋਂ ਬਚਾਅ:** ਹੌਬੀ ਇੱਕ ਉਦੇਸ਼ ਦਿੰਦੀ ਹੈ, ਜਿਸ ਨਾਲ ਅਸੀਂ ਟਾਲ-ਮਟੋਲ ਨਾ ਕਰਕੇ ਕੰਮ 'ਤੇ ਧਿਆਨ ਦਿੰਦੇ ਹਾਂ।

**ਸੰਘਰਸ਼ ਦੀ ਆਦਤ:** ਕਿਸੇ ਵੀ ਸ਼ੌਕ ਵਿੱਚ ਨਿਖਾਰ ਲਿਆਉਣ ਲਈ ਮਿਹਨਤ ਤੇ ਲਗਨ ਚਾਹੀਦੀ ਹੈ, ਜੋ ਸਾਨੂੰ ਜ਼ਿੰਦਗੀ ਵਿੱਚ ਕਾਮਯਾਬੀ ਲਈ ਤਿਆਰ ਕਰਦੀ ਹੈ।

**ਆਤਮ-ਅਨੁਸ਼ਾਸਨ :** ਸ਼ੌਕ ਸਾਨੂੰ ਖ਼ੁਦ ਨੂੰ ਸੰਭਾਲਣ, ਆਪਣੇ ਕੰਮ ਦੀ ਜ਼ਿੰਮੇਵਾਰੀ ਲੈਣ ਤੇ ਧਿਆਨ ਕੇਂਦਰਿਤ ਕਰਨ ਦੀ ਆਦਤ ਪਾਉਂਦੀ ਹੈ।

**ਧੀਰਜ ਤੇ ਲਗਾਤਾਰਤਾ:** ਸ਼ੌਕ 'ਚ ਨਤੀਜੇ ਤੁਰੰਤ ਨਹੀਂ ਮਿਲਦੇ। ਇਹ ਸਿਖਾਉਂਦਾ ਹੈ ਕਿ ਕਿਵੇਂ ਧੀਰਜ ਤੇ ਲਗਾਤਾਰ ਕੋਸ਼ਿਸ਼ਾਂ ਨਾਲ ਅੱਗੇ ਵਧਣਾ ਹੈ।

**ਖ਼ੁਦ 'ਤੇ ਨਿਯੰਤਰਨ:** ਜਦੋਂ ਅਸੀਂ ਆਪਣੇ ਮਨਪਸੰਦ ਕੰਮ ਲਈ ਹੋਰ ਕਈ ਕੰਮਾਂ ਨੂੰ ਮੂਲ ਤੌਰ 'ਤੇ ਪਿੱਛੇ ਰੱਖਦੇ ਹਾਂ ਤਾਂ ਅਸੀਂ ਆਪਣੇ ਮਨ 'ਤੇ ਨਿਯੰਤਰਨ ਸਿੱਖਦੇ ਹਾਂ, ਜੋ ਸੱਚੇ ਅਨੁਸ਼ਾਸਨ ਦੀ ਨਿਸ਼ਾਨੀ ਹੈ।

ਸ਼ੌਕ ਸਾਨੂੰ ਸਿਖਾਉਂਦਾ ਹੈ ਕਿ ਜ਼ਿੰਦਗੀ 'ਚ ਕੋਈ ਵੀ ਚੀਜ਼ ਲਗਨ, ਨਿਯਮਤਾ ਤੇ ਸਮਰਪਣ ਨਾਲ ਹਾਸਿਲ ਕੀਤੀ ਜਾ ਸਕਦੀ ਹੈ। ਇਹ ਸਾਰੇ ਅਨੁਸ਼ਾਸਨ ਦੇ ਅਸਲ ਰੂਪ ਹਨ। ਇਸ ਕਰਕੇ ਇਹ ਕਹਿਣਾ ਅਤਿਕਥਨੀ ਨਹੀਂ ਹੈ ਕਿ ਰੁਚੀ ਕਿਸੇ ਤਰ੍ਹਾਂ ਦਾ ਟਾਈਮ ਖ਼ਰਾਬ ਨਹੀਂ ਕਰਦੀ ਸਗੋਂ ਕੇ ਸਾਨੂੰ ਉੱਚੇ ਆਦਰਸ਼ਾਂ ਵੱਲ ਲੈ ਕੇ ਜਾਂਦੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਕੁਰਸੀ ਜੱਜ ਦੇ ਬਰਾਬਰ ਡਹਿੰਦੀ'

ਸੁਰਿੰਦਰ ਸਿੰਘ ਨੇਕੀ





ਰਣਜੀਤ ਗੜ੍ਹਦੀਵਾਲਾ ਤੋਂ ਬੱਸ ਰਾਹੀਂ ਦਸੂਹੇ ਪਹੁੰਚਿਆ। ਦਸੂਹੇ ਤੋਂ ਜਲੰਧਰ ਜਾਣ ਵਾਲੀ ਬੱਸ 'ਚ ਜਾ ਕੇ ਬੈਠ ਗਿਆ। ਰਣਜੀਤ ਖ਼ਾਲਸਾ ਕਾਲਜ ਗੜ੍ਹਦੀਵਾਲਾ ਦਾ ਬੀ.ਏ ਦਾ ਵਿਦਿਆਰਥੀ ਸੀ। ਉਸ ਦਾ ਪਿੰਡ ਗੜ੍ਹਦੀਵਾਲਾ ਦੇ ਨੇੜੇ ਹੀ ਸੀ। ਆਪਣੀ ਪੜ੍ਹਾਈ ਦੇ ਨਾਲ-ਨਾਲ ਉਸ ਨੂੰ ਸਾਹਿਤਕ ਰਸਾਲੇ ਤੇ ਅਖ਼ਬਾਰ ਪੜ੍ਹਨ ਦਾ ਵੀ ਸ਼ੌਕ ਸੀ। ਕਾਲਜ ਦੇ ਮੈਗਜ਼ੀਨ ਦੇ ਪੰਜਾਬੀ ਭਾਗ ਦਾ ਉਹ ਵਿਦਿਆਰਥੀ ਸੰਪਾਦਕ ਵੀ ਸੀ।

ਦਸੂਹੇ ਤੋਂ ਬੱਸ ਚੱਲਦਿਆਂ ਹੀ ਕੰਡਕਟਰ ਨੇ ਟਿਕਟਾਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ। ਰਣਜੀਤ ਡਰਾਈਵਰ ਦੀ ਸੀਟ ਤੋਂ ਦੋ ਸੀਟਾਂ ਛੱਡ ਕੇ ਬੈਠਾ ਸੀ। ਉਸ ਦੇ ਖੱਬੇ ਹੱਥ ਵਾਲੀ ਸੀਟ ਅਜੇ ਖਾਲੀ ਸੀ। ਉਸੇ ਵੇਲੇ ਹੀ ਇਕ ਚਾਲੀ ਕੁ ਸਾਲ ਦਾ ਵਿਅਕਤੀ ਖੁੱਲਾ ਕੁੜਤਾ-ਪਜ਼ਾਮਾ ਪਾਈ ਪਿਛਿਓਂ ਆ ਕੇ ਉਸ ਨਾਲ ਬੈਠ ਗਿਆ। ਉਸ ਦੀ ਦਾਹੜੀ ਖੁੱਲ੍ਹੀ ਸੀ। ਕਾਲੀ ਦਾਹੜੀ 'ਚ ਕੋਈ-ਕੋਈ ਚਿੱਟਾ ਵਾਲ ਵੀ ਨਜ਼ਰ ਆਉਂਦਾ ਸੀ। ਰਣਜੀਤ ਨਾਲ ਆ ਕੇ ਬੈਠਣ ਵਾਲੇ ਵਿਅਕਤੀ ਦੇ ਚਿਹਰੇ ਉੱਪਰ ਇੱਕ ਸਿਆਣੀ ਅਤੇ ਸੁਲਝੀ ਹੋਈ ਤਹਿਜ਼ੀਬ ਦੇ ਚਿੰਨ੍ਹ ਸਪੱਸ਼ਟ ਦਿਖਾਈ ਦੇ ਰਹੇ ਸਨ।

'ਸਾਸਰੀ ਕਾਲ ਨੌਜਵਾਨ, ਮੇਰਾ ਨਾਂ ਪਿਆਰਾ ਸਿੰਘ ਹੈ। ਮੈਂ ਅੰਬਰਸਰ ਜਾ ਰਿਹਾ ਬਜਾਜੀ ਲੈਣ।'

'ਬਹੁਤ ਅੱਛਾ ਜੀ, ਪਿੰਡ ਕਿਹੜਾ ਤੁਹਾਡਾ?'

'ਮੇਰਾ ਪਿੰਡ ਉੱਪਰ ਕੰਢੀ 'ਚ ਆ। ਬੜਾ ਪਛੜਿਆ ਇਲਾਕਾ ਏ ਮੇਰਾ। ਸਾਡੇ ਪਿੰਡਾਂ ਵੱਲ ਕੋਈ ਨਿਆਣਿਆਂ ਨੂੰ ਪੜ੍ਹਾਉਂਦਾ ਨਹੀ। ਛੋਟੇ-ਛੋਟੇ ਮੁੰਡਿਆਂ ਨੂੰ ਡੰਗਰ ਚਾਰਨ ਲਾ ਦਿੰਦੇ ਆ ਘਰ ਦੇ। ਮੈਨੂੰ ਪਤਾ ਪੜ੍ਹਾਈ ਕੀ ਚੀਜ਼ ਆ। ਮੈਂ ਜਾਨਾਂ ਰਹਿਨਾਂ ਸ਼ਹਿਰਾਂ 'ਚ। ਮੈਨੂੰ ਪੜ੍ਹਾਈ ਦੀ ਕੀਮਤ ਦਾ ਪਤਾ।'

'ਤੁਹਾਡਾ ਸ਼ੁਭ ਨਾਮ ਨੌਜਵਾਨ? ਤੁਸੀਂ ਕਿੱਥੋਂ ਆਏ ਓ?'

'ਮੇਰਾ ਨਾਂ ਰਣਜੀਤ ਏ। ਮੈਂ ਖ਼ਾਲਸਾ ਕਾਲਜ ਗੜ੍ਹਦੀਵਾਲਾ ਪੜਦਾਂ। ਨੇੜੇ ਈ ਮੇਰਾ ਪਿੰਡ ਆ।'

'ਪੜ੍ਹਾਈ ਦੇ ਨਾਲ ਕਹਾਣੀ ਲਿਖਣ ਦਾ ਵੀ ਸ਼ੌਕ ਏ ਮੈਨੂੰ। ਅੱਜ ਸ਼ਾਮ ਨੂੰ ਰੇਡੀਓ 'ਤੇ ਮੇਰੀ ਕਹਾਣੀ ਆਉਣੀ ਏ। ਉਹੀਓ ਸੁਣਾਉਣ ਜਾ ਰਿਹਾ।' ਰਣਜੀਤ ਨੇ ਆਪਣੀ ਸੰਖੇਪ ਜਾਣਕਾਰੀ ਕਰਾਈ।

'ਬਹੁਤ ਅੱਛਾ ਤੁਸੀ ਪੜ੍ਹਾਈ ਦੇ ਨਾਲ-ਨਾਲ ਕਹਾਣੀਆਂ ਵੀ ਲਿਖਦੇ ਓ। ਸੁਣ ਕੇ ਚੰਗਾ ਲੱਗਾ।'

'ਮੇਰਾ ਵੀ ਵੱਡਾ ਮੁੰਡਾ ਸੰਦੀਪ ਚਠਿਆਲੀ ਸਕੂਲ 'ਚ ਪੜ੍ਹਦਾ ਸੱਤਵੀ ਜਮਾਤ 'ਚ। ਮੈਨੂੰ ਉਹਦਾ ਫਿਕਰ ਰਹਿੰਦਾ ਏ। ਮੈਂ ਚਾਹੁੰਨਾ ਉਹ ਪੜ੍ਹ ਜਾਵੇ। ਤੁਸੀਂ ਮੇਰੀ ਕੋਈ ਮਦਦ ਕਰ ਸਕਦੇ ਓ।

'ਮੈ ਗਿਆਨੀ ਜੀ.. ਮੈਂ ਅਜੇ ਆਪ ਵਿਦਿਆਰਥੀ ਹਾਂ। ਮੈਂ ਕੀ ਮਦਦ ਕਰ ਸਕਦਾਂ ਉਹਦੀ?'

'ਦੇਖ ਲਓ ਨੌਜਵਾਨ। ਤੁਸੀਂ ਬੀ.ਏ ਤਕ ਪਹੁੰਚੇ ਓ। ਆਖਰ ਪੜ੍ਹਾਈ ਕਰਕੇ ਈ ਪਹੁੰਚੇ ਓ। ਜੇ ਮੇਰੇ ਬੱਚੇ ਦੀ ਕੋਈ ਮਦਦ ਹੋ ਜਾਏ।' ਦੋ ਮਿੰਟ ਚੁੱਪ ਰਹੀ। ਰਣਜੀਤ ਸੋਚਣ ਲੱਗਾ ਕਿ ਉਹ ਕਿਸ ਤਰ੍ਹਾਂ ਸੰਦੀਪ ਦੀ ਸਹਾਇਤਾ ਕਰ ਸਕਦਾ ਏ?

'ਹਾਂ ਗਿਆਨੀ ਜੀ। ਮੈਂ ਇੱਕ ਕੰਮ ਕਰ ਸਕਦਾਂ ਹਾਂ। ਮੈਂ ਤੁਹਾਡੇ ਬੇਟੇ ਨੂੰ ਕਾਗਜ਼ ਉੱਪਰ ਇੱਕ ਟਾਈਮ-ਟੇਬਲ ਬਣਾ ਕੇ ਦੇ ਸਕਦਾ ਹਾਂ। ਜੇਕਰ ਉਹ ਉਸ ਟਾਈਮ-ਟੇਬਲ ਮੁਤਾਬਿਕ ਪੜ੍ਹੇਗਾ ਤਾਂ ਜ਼ਰੂਰ ਹੀ ਕਾਮਯਾਬ ਹੋਵੇਗਾ।' ਰਣਜੀਤ ਨੇ ਕੁਝ ਸੋਚਦਿਆਂ ਆਖਿਆ।

'ਬਹੁਤ ਵਧੀਆ। ਠੀਕ ਹੈ। ਦੱਸੋ ਕਿਸ ਦਿਨ ਲੈ ਕੇ ਆਵਾਂ ਕਾਕੇ ਨੂੰ।' ਗਿਆਨੀ ਪਿਆਰਾ ਸਿੰਘ ਦੀਆਂ ਅੱਖਾਂ 'ਚ ਇੱਕ ਵੱਖਰੀ ਕਿਸਮ ਦੀ ਚਮਕ ਸੀ।

'ਅੱਜ ਸੋਮਵਾਰ ਏ। ਤੁਸੀਂ ਬੁੱਧਵਾਰ ਡੇਢ ਵਜੇ ਸੰਦੀਪ ਨੂੰ ਲੈ ਕੇ ਕਾਲਜ ਆ ਜਾਓ। ਉਸ ਸਮੇਂ ਤਕ ਮੇਰੇ ਪੀਰੀਅਡ ਖ਼ਤਮ ਹੋ ਜਾਂਦੇ ਨੇ।'

'ਠੀਕ ਆ ਨੌਜਵਾਨ। ਮੈਂ ਸੰਦੀਪ ਨੂੰ ਲੈ ਕੇ ਬੁੱਧਵਾਰ ਆ ਜਾਵਾਂਗਾ।' ਗਿਆਨੀ ਜੀ ਨੇ ਉਤਸ਼ਾਹ ਨਾਲ ਆਖਿਆ। ਉਸ ਸਮੇਂ ਬੱਸ ਦੀ ਗਤੀ ਹੌਲੀ ਹੋ ਰਹੀ ਸੀ। ਸ਼ਾਇਦ ਜਲੰਧਰ ਆ ਗਿਆ ਸੀ। ਬੁੱਧਵਾਰ ਆਪਣੇ ਪੀਰੀਅਡ ਖ਼ਤਮ ਕਰਕੇ ਰਣਜੀਤ ਕਾਲਜ ਸਾਹਮਣੇ ਅੰਬਾਂ ਦੇ ਰੁੱਖਾਂ ਹੇਠ ਆ ਗਿਆ। ਉਸ ਨੇ ਦੂਰੋਂ ਹੀ ਗਿਆਨੀ ਪਿਆਰਾ ਸਿੰਘ ਨੂੰ ਵੇਖ ਲਿਆ ਸੀ। ਨਾਲ ਉਸ ਦਾ ਬੇਟਾ ਸੰਦੀਪ ਵੀ ਸੀ ਜਿਹੜਾ ਕਿ ਸਕੂਲ ਦੀ ਵਰਦੀ 'ਚ ਹੀ ਸੀ। ਇੱਕ ਪਾਸੇ ਗਿਆਨੀ ਜੀ ਨੇ ਭੰਗ ਦੇ ਬੂਟੇ ਨਾਲ ਘੋੜਾ ਬੰਨ੍ਹਿਆ ਹੋਇਆ ਸੀ ਜਿਹੜਾ ਕਿ ਘਾਹ ਨੂੰ ਮੂੰਹ ਮਾਰ ਰਿਹਾ ਸੀ।

'ਰਣਜੀਤ ਸਿੰਘ ਜੀ, ਇਸ ਘੋੜੇ 'ਤੇ ਹੀ ਮੈਂ ਕੰਢੀ ਇਲਾਕੇ 'ਚ ਬਜਾਜੀ ਵੇਚਣ ਜਾਨਾਂ। ਆਹ ਮੇਰਾ ਬੇਟਾ ਸੰਦੀਪ ਏ।' ਗਿਆਨੀ ਜੀ ਨੇ ਰਣਜੀਤ ਨੂੰ ਦੱਸਿਆ। ਸੰਦੀਪ ਨੇ ਦੋਵੇਂ ਹੱਥ ਜੋੜ ਕੇ ਰਣਜੀਤ ਨੂੰ ਸਤਿ ਸ਼੍ਰੀ ਅਕਾਲ ਬੁਲਾਈ। ਰਣਜੀਤ ਨੇ ਉਸ ਨੂੰ ਪਿਆਰ ਨਾਲ ਗਲਵੱਕੜੀ ਪਾ ਕੇ ਪਿੱਠ ਪਿੱਛੇ ਥਾਪੀ ਦਿੱਤੀ। ਰਣਜੀਤ ਨੂੰ ਸੰਦੀਪ ਇਕ ਸਿਆਣਾ ਤੇ ਚੁਸਤ ਮੁੰਡਾ ਜਾਪਿਆ। ਰਣਜੀਤ ਨੇ ਨੇੜੇ ਹੀ ਕਾਲਜ ਕੰਟੀਨ 'ਚੋਂ ਤਿੰਨ ਕੱਪ ਚਾਹ ਦੇ ਨਾਲ ਪਕੌੜੇ ਵੀ ਮੰਗਵਾ ਲਏ। ਚਾਹ ਪੀਂਦਿਆਂ ਹੀ ਰਣਜੀਤ ਨੇ ਆਪਣੀ ਫਾਈਲ 'ਚੋਂ ਇੱਕ ਕਾਗਜ਼ ਕੱਢਿਆ ਅਤੇ ਸੰਦੀਪ ਕੋਲੋਂ ਉਸ ਦੇ ਪੜ੍ਹੇ ਜਾ ਰਹੇ ਵਿਸ਼ਿਆਂ ਬਾਰੇ ਪੁੱਛ ਕੇ ਉਸ ਨੂੰ ਇੱਕ ਟਾਈਮ-ਟੇਬਲ ਬਣਾ ਕੇ ਦੇ ਦਿੱਤਾ।

'ਲੈ ਬਾਈ ਸੰਦੀਪ। ਇਸ ਟਾਈਮ ਟੇਬਲ ਮੁਤਾਬਕ ਪੜ੍ਹਾਈ ਕਰਨੀ ਏ। ਐਤਵਾਰ ਅਤੇ ਛੁੱਟੀ ਵਾਲੇ ਦਿਨ ਪਿਛਲੀ ਕੀਤੀ ਪੜ੍ਹਾਈ ਦੀ ਦੁਹਰਾਈ ਕਰਨੀ ਏ। ਇਸ ਨੂੰ ਕਾਗਜ਼ ਦਾ ਟੁੱਕੜਾ ਨਹੀਂ ਸਮਝਣਾ। ਇਸ ਨੂੰ ਆਪਣਾ ਉਸਤਾਦ ਸਮਝਣਾ। ਮਿਹਨਤ ਕਰਨੀ ਏ ਤੇ ਬੱਸ ਮਿਹਨਤ ਕਰਨੀ ਏ। ਗਿਆਨੀ ਜੀ, ਸੰਦੀਪ ਨੂੰ ਇਸ ਟਾਈਮ-ਟੇਬਲ ਮੁਤਾਬਕ ਪੜ੍ਹਾਉਣਾ ਤੇ ਚਲਾਉਣਾ ਹੁਣ ਤੁਹਾਡੀ ਜ਼ਿੰਮੇਵਾਰੀ ਏ। ਪਰਮਾਤਮਾ ਨੇ ਚਾਹਿਆ ਤਾਂ ਸੰਦੀਪ ਜ਼ਰੂਰ ਹੀ ਤਰੱਕੀ ਕਰੇਗਾ।' ਰਣਜੀਤ ਨੇ ਆਪਣੇ ਵੱਲੋਂ ਸੰਦੀਪ ਨੂੰ ਇੱਕ ਕਿਸਮ ਦੀ ਦੁਆ ਦਿੱਤੀ। ਰਣਜੀਤ ਦੀ ਗੱਲ ਸੁਣਦਿਆਂ ਹੀ ਗਿਆਨੀ ਹੋਰਾਂ ਦੀਆਂ ਅੱਖਾਂ 'ਚ ਇੱਕ ਅਨੋਖੀ ਚਮਕ ਆ ਗਈ।

'ਰਣਜੀਤ ਸਿੰਘ ਜੀ, ਤੁਹਾਡਾ ਬਹੁਤ-ਬਹੁਤ ਸ਼ੁਕਰੀਆ। ਹੁਣ ਤੁਹਾਨੂੰ ਮੇਰੀ ਇੱਕ ਹੋਰ ਬੇਨਤੀ ਮੰਨਣੀ ਪਏਗੀ।'

'ਦੱਸੋ ਗਿਆਨੀ ਜੀ। ਬੇਨਤੀ ਨਹੀਂ, ਹੁਕਮ ਕਰੋ। ਤੁਸੀਂ ਵੱਡੇ ਓ।'

'ਜਿਸ ਤਰ੍ਹਾਂ ਡਾਕਟਰ ਕਦੀ-ਕਦੀ ਆਪਣੇ ਮਰੀਜ਼ ਦਾ ਹਾਲ-ਚਾਲ ਪੁੱਛਦਾ ਏ। ਤੁਸੀਂ ਵੀ ਸੰਦੀਪ ਦੀ ਪੜ੍ਹਾਈ ਦਾ ਹਾਲ-ਚਾਲ ਪੁੱਛਣ ਕਦੀ-ਕਦੀ ਮੇਰੇ ਘਰ ਫੇਰਾ ਜ਼ਰੂਰ ਮਾਰਿਆ ਕਰਨਾ। ਤੁਹਾਡੇ ਆਉਣ 'ਤੇ ਮੈਨੂੰ ਖੁਸ਼ੀ ਹੋਵੇਗੀ।'

'ਜ਼ਰੂਰ, ਜ਼ਰੂਰ। ਜਦੋਂ ਵੀ ਸਮਾਂ ਮਿਲੇਗਾ ਮੈਂ ਜ਼ਰੂਰ ਆਇਆ ਕਰਾਂਗਾ।'

ਰਣਜੀਤ ਗਿਆਨੀ ਹੋਰਾਂ ਦੀ ਕੀਤੀ ਬੇਨਤੀ 'ਤੇ ਐਤਵਾਰ ਜਾਂ ਕਿਸੇ ਛੁੱਟੀ ਵਾਲੇ ਦਿਨ ਸਾਈਕਲ 'ਤੇ ਉਹਨਾਂ ਦੇ ਪਿੰਡ ਜਾ ਆਉਂਦਾ। ਗਿਆਨੀ ਹੋਰਾਂ ਦੇ ਪਿੰਡ ਜਾਂਦਿਆਂ ਇੰਨ੍ਹੀ ਹਰਿਆਵਲ ਤੇ ਬਨਸਪਤੀ ਵੇਖ ਕੇ ਰਣਜੀਤ ਦਾ ਮਨ ਖੁਸ਼ੀ ਨਾਲ ਝੂਮ ਉਠਦਾ। ਸਾਈਕਲ ਚਲਾ ਰਿਹਾ ਰਣਜੀਤ ਇੱਕ ਵੱਖਰੇ ਸੁਪਨਮਈ ਸੰਸਾਰ 'ਚ ਵਿਚਰ ਰਿਹਾ ਹੁੰਦਾ। ਉਧਰ ਸੰਦੀਪ ਦੀ ਪੜ੍ਹਾਈ ਟਾਈਮ ਟੇਬਲ ਮੁਤਾਬਿਕ ਠੀਕ ਚੱਲ ਰਹੀ ਸੀ। ਸਕੂਲ ਦੀ ਪੜ੍ਹਾਈ ਚੰਗੇ ਨੰਬਰਾਂ 'ਚ ਪਾਸ ਕਰਕੇ ਉਹ ਬੀ.ਏ-ਭਾਗ ਪਹਿਲਾ 'ਚ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਦਾਖਲ ਹੋ ਗਿਆ।

ਹੁਣ ਸੰਦੀਪ ਨੂੰ ਮਿਹਨਤ ਕਰਨ ਦੀ ਆਦਤ ਪੈ ਗਈ ਸੀ। ਉਸ ਦੇ ਪਿੰਡ ਦਾ ਭਾਵੇਂ ਹੋਰ ਕੋਈ ਵੀ ਵਿਦਿਆਰਥੀ ਕਾਲਜ ਨਹੀਂ ਸੀ ਪੜ੍ਹਦਾ ਪਰ ਰਸਤੇ 'ਚ ਪੈਂਦੇ ਪਿੰਡਾਂ ਦੇ ਦੋ-ਤਿੰਨ ਮੁੰਡੇ ਉਸ ਦੇ ਸਾਥੀ ਬਣ ਗਏ। ਉਹਨਾਂ ਲੜਕਿਆਂ ਦੇ ਸਾਥ 'ਚ ਸੰਦੀਪ ਦੀ ਪੜ੍ਹਾਈ 'ਚ ਹੋਰ ਵੀ ਨਿਖਾਰ ਆ ਗਿਆ ਸੀ। ਬੀ.ਏ ਪਾਸ ਕਰਨ ਪਿੱਛੋਂ ਉਹ ਫ਼ੌਜ 'ਚ ਭਰਤੀ ਹੋ ਗਿਆ। ਫ਼ੌਜ 'ਚ ਜਾ ਕੇ ਵੀ ਉਸ ਨੇ ਆਪਣੀ ਪੜ੍ਹਾਈ ਨਹੀਂ ਛੱਡੀ। ਜਦੋਂ ਉਹਨਾਂ ਦੀ ਯੂਨਿਟ ਆਗਰੇ ਸੀ ਤਾਂ ਉਸ ਨੇ ਆਗਰੇ ਦੇ ਈਵਨਿੰਗ ਕਾਲਜ 'ਚ ਦਾਖਲਾ ਲੈ ਕੇ ਆਪਣੀ ਐੱਲ.ਐੱਲ.ਬੀ ਦੀ ਪੜ੍ਹਾਈ ਪੂਰੀ ਕੀਤੀ।

ਇਸੇ ਸਮੇਂ ਦੌਰਾਨ ਹੀ ਸੰਦੀਪ ਦਾ ਵਿਆਹ ਵੀ ਹੋ ਗਿਆ। ਉਸ ਨੂੰ ਜਿੱਥੇ ਪਹਿਲਾਂ ਆਪਣੇ ਮਾਤਾ-ਪਿਤਾ ਦਾ ਸਾਥ ਮਿਲਦਾ ਸੀ, ਉੱਥੇ ਹੀ ਹੁਣ ਉਸ ਨੂੰ ਆਪਣੀ ਪਤਨੀ ਦਾ ਸਾਥ ਵੀ ਮਿਲਦਾ। ਉਹ ਪਹਿਲਾਂ ਤੋਂ ਜ਼ਿਆਦਾ ਉਤਸ਼ਾਹ ਨਾਲ ਆਪਣੀ ਡਿਊਟੀ ਕਰਦਾ। ਸੰਦੀਪ ਨੂੰ ਜ਼ਿੰਦਗੀ ਜਿਊਣ ਦਾ ਇੱਕ ਵੱਖਰਾ ਆਨੰਦ ਆਉਣ ਲੱਗਾ। ਸਮੇਂ ਮੁਤਾਬਕ ਸੰਦੀਪ ਆਪਣੀ ਫ਼ੌਜ ਦੀ ਨੌਕਰੀ ਪੂਰੀ ਕਰਕੇ ਦਸੂਹੇ ਆ ਗਿਆ। ਦਸੂਹੇ ਉਸ ਨੇ ਆਪਣਾ ਘਰ ਬਣਾ ਲਿਆ। ਬੱਚੇ ਸਕੂਲ ਜਾਣ ਲੱਗੇ।

ਇਸੇ ਸਮੇਂ ਦੌਰਾਨ ਉਸ ਨੇ ਦਸੂਹੇ ਕਚਹਿਰੀ 'ਚ ਇਕ ਸੀਨੀਅਰ ਵਕੀਲ ਨਾਲ ਆਪਣੀ ਪ੍ਰੈਕਟਿਸ ਵੀ ਸ਼ੁਰੂ ਕਰ ਦਿੱਤੀ। ਨਾਲ ਹੀ ਉਸ ਨੂੰ ਫ਼ੌਜ 'ਚ ਕੀਤੀ ਨੌਕਰੀ ਦੀ ਪੈਨਸ਼ਨ ਵੀ ਮਿਲਣ ਲੱਗੀ। ਸੰਦੀਪ ਦੀ ਤਰੱਕੀ ਵੇਖ ਕੇ ਜਿੱਥੇ ਗਿਆਨੀ ਪਿਆਰਾ ਸਿੰਘ ਤੇ ਉਹਨਾਂ ਦਾ ਪਰਿਵਾਰ ਬੇਹੱਦ ਖੁਸ਼ ਸੀ, ਉਥੇ ਹੀ ਸੰਦੀਪ ਦੇ ਦੋ ਛੋਟੇ ਭਰਾ ਵੀ ਸੰਦੀਪ ਵੱਲ ਵੇਖ ਕੇ ਅਤੇ ਆਪਣੀ ਪੜ੍ਹਾਈ ਪੂਰੀ ਕਰਕੇ ਫ਼ੌਜ ਵਿੱਚ ਭਰਤੀ ਹੋ ਗਏ ਸਨ।

ਪਰ ਸੰਦੀਪ ਆਪਣੀ ਜ਼ਿੰਦਗੀ 'ਚ ਅਜੇ ਹੋਰ ਤਰੱਕੀ ਕਰਨੀ ਚਾਹੁੰਦਾ ਸੀ। ਉਹ ਜ਼ਿੰਦਗੀ 'ਚ ਹੋਰ ਅੱਗੇ ਵਧਣਾ ਚਾਹੁੰਦਾ ਸੀ। ਉਸ ਨੂੰ ਕਦੀ-ਕਦੀ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਉਸ ਦੀ ਜ਼ਿੰਦਗੀ 'ਚ ਅਜੇ ਇੱਕ ਹੋਰ ਵੱਡੀ ਕਾਮਯਾਬੀ ਲਿਖੀ ਏ। ਉਹਨਾਂ ਹੀ ਦਿਨਾਂ 'ਚ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਟੈਸਟ ਆ ਗਿਆ। ਸੰਦੀਪ ਇਹ ਟੈਸਟ ਦੇਣ ਪਟਿਆਲੇ ਗਿਆ। ਟੈਸਟ ਉਸ ਦਾ ਵਧੀਆ ਹੋ ਗਿਆ। ਜਿਸ ਦਿਨ ਸੰਦੀਪ ਪਟਿਆਲੇ ਤੋਂ ਟੈਸਟ ਦੇ ਕੇ ਆਇਆ, ਉਸ ਨੇ ਰਣਜੀਤ ਨੂੰ ਫੋਨ ਕੀਤਾ ਸੀ 'ਸਰ ਜੀ, ਮੇਰਾ ਪੀ.ਪੀ.ਐੱਸ.ਈ ਦਾ ਟੈਸਟ ਵਧੀਆ ਹੋ ਗਿਆ ਏ। ਮਿਹਨਤ ਤੇ ਬਹੁਤ ਕੀਤੀ ਏ। ਅੱਗੇ ਦੇਖੀਏ ਕੀ ਬਣਦਾ।'

'ਸੰਦੀਪ, ਤੁਹਾਡੀ ਮਿਹਨਤ ਦਾ ਫਲ ਜ਼ਰੂਰ ਮਿਲੇਗਾ। ਅਜਿਹਾ ਮੇਰਾ ਵਿਸ਼ਵਾਸ ਏ।' ਰਣਜੀਤ ਨੇ ਕਿਹਾ ਸੀ ਤੇ ਇਸ ਫੋਨ ਤੋਂ ਲਗਪਗ ਦੋ ਕੁ ਮਹੀਨੇ ਬਾਅਦ ਇਕ ਸ਼ਾਮ ਰਣਜੀਤ ਨੂੰ ਸੰਦੀਪ ਦਾ ਫੋਨ ਆਇਆ 'ਸਰ ਜੀ, ਤੁਹਾਨੂੰ ਮੁਬਾਰਕਾਂ, ਮੇਰੀ ਮਿਹਨਤ ਵਰ ਆਈ ਏ। ਮੈਂ ਪਬਲਿਕ ਪ੍ਰੋਸੀਕਿਊਟਰ ਯਾਨੀ ਸਰਕਾਰੀ ਵਕੀਲ ਬਣ ਗਿਆ ਆ। ਪਿਛਲੇ ਹਫ਼ਤੇ ਹੀ ਮੇਰੀ ਪੋਸਟਿੰਗ ਹੁਸ਼ਿਆਰਪੁਰ ਕੋਰਟ ਕੰਪਲੈਕਸ 'ਚ ਹੋ ਗਈ ਏ। ਹੁਣ ਮੇਰੀ ਕੁਰਸੀ ਜੱਜ ਦੇ ਬਰਾਬਰ ਡਹਿੰਦੀ ਏ।' ਸੰਦੀਪ ਦੀ ਉਤਸ਼ਾਹ ਨਾਲ ਭਰੀ ਆਵਾਜ਼ ਨੇ ਰਣਜੀਤ ਨੂੰ ਮਦਹੋਸ਼ ਜਿਹਾ ਕਰ ਦਿੱਤਾ।

'ਵੰਡਰ ਫੁੱਲ ਸੰਦੀਪ। ਵੈਲ ਡਨ, ਬਹੁਤ ਵਧੀਆ ਬੇਟਾ, ਤੇਰੀ ਮਿਹਨਤ ਜ਼ਿੰਦਾਬਾਦ।' ਫੋਨ ਬੰਦ ਕਰਦਿਆਂ ਰਣਜੀਤ ਦੀਆਂ ਅੱਖਾਂ 'ਚ ਖੁਸ਼ੀ ਦੇ ਅੱਥਰੂ ਸਨ।

## ਮਿੰਨੀ ਕਹਾਣੀ

ਜਤਿੰਦਰ ਮੋਹਨ

# ਢਿੱਡ ਦੀ ਭੁੱਖ



ਸਰਦੀ ਆਪਣੇ ਜੋਬਨ 'ਤੇ ਛੜੱਪੇ ਮਾਰ ਮਾਰ ਚੜ੍ਹ ਰਹੀ ਸੀ। ਵਿਆਹਾਂ ਦੀ ਰੁੱਤ ਚੱਲਣ ਕਰਕੇ ਮੈਰਿਜ ਪੈਲੇਸਾਂ ਵਿੱਚ ਕੋਈ ਦਿਨ ਵੀ ਖਾਲੀ ਨਹੀਂ ਸੀ ਰਹਿੰਦਾ, ਜਿਸ ਦਿਨ ਕੋਈ ਵਿਆਹ ਨਾ ਹੋਵੇ। ਮੈਰਿਜ ਪੈਲਿਸ, ਵਿਆਂਦੜ ਲਾੜੀ ਵਾਂਗ ਸਜਾਏ ਹੋਏ ਰਹਿੰਦੇ ਸਨ। ਅੱਜ ਵੀ ਪੈਲਿਸ ਵਿੱਚ ਪੂਰੀ ਰੌਣਕ ਸੀ। ਲੋਕ ਖ਼ੁਸ਼ੀ ਖ਼ੁਸ਼ੀ ਮਿਠਾਈਆਂ ਖਾਣ ਦੀਆਂ, ਸ਼ਗਨਾਂ ਦੀਆਂ ਅਤੇ ਹੋਰ ਪੋਜ਼ ਬਣਾ ਬਣਾ ਕੇ ਫੋਟੋਆਂ ਖਿਚਵਾ ਰਹੇ ਸਨ। ਮੁੰਡੇ ਵਾਲਿਆਂ ਦੀ ਖ਼ੁਸ਼ੀ ਕੁੜੀ ਵਾਲਿਆਂ ਦੀ ਖ਼ੁਸ਼ੀ ਦੇ ਮੁਕਾਬਲੇ ਕਿਤੇ ਵੱਧ ਸੀ। ਅਚਾਨਕ ਹੀ ਤਿੰਨ ਚਾਰ ਜੈਂਟਲਮੈਨ ਪੰਡਾਲ ਦੀ ਇੱਕ ਨੁੱਕਰ ਵਿੱਚ ਖੜ੍ਹ ਗਏ। ਦੇਖਣ ਨੂੰ ਉਹ ਅਫ਼ਸਰ ਲੱਗ ਰਹੇ ਸਨ। ਉਨ੍ਹਾਂ ਨੇ ਕਿਸੇ ਨੂੰ ਕੁਝ ਨਾ ਕਿਹਾ। ਉਹ ਆਉਣ ਜਾਣ ਵਾਲਿਆਂ ਵੱਲ ਦੇਖ ਰਹੇ ਸਨ। ਉਨ੍ਹਾਂ ਦੀਆਂ ਨਜ਼ਰਾਂ ਇਸ ਤਰ੍ਹਾਂ ਘੁੰਮ ਰਹੀਆਂ ਸਨ ਜਿਵੇਂ ਕਿਸੇ ਨੂੰ ਲੱਭ ਰਹੇ ਹੋਣ। ਬੇਗਾਨੇ ਬੰਦੇ ਦੇਖ ਕੇ ਕੁੜੀ ਵਾਲਿਆਂ ਦੇ ਮੋਹਤਬਰ ਬੰਦਿਆਂ ਨੇ ਮੁੰਡੇ ਵਾਲਿਆਂ ਨੂੰ ਪੁੱਛਿਆ, "ਸਰਦਾਰ ਜੀ, ਆਹ ਬੰਦੇ ਤੁਹਾਡੇ ਨਾਲ ਹਨ?"

"ਨਹੀਂ ਜੀ, ਮੈਂ ਤਾਂ ਜਾਣਦਾ ਵੀ ਨਹੀਂ। ਮੈਂ ਤਾਂ ਸੋਚਿਆ ਸ਼ਾਇਦ ਇਹ ਤੁਹਾਡੇ ਵਾਲੇ ਪਾਸਿਉਂ ਨੇ।" ਮੁੰਡੇ ਵਾਲਿਆਂ ਦਾ ਇੱਕ ਸਿਆਣਾ ਆਦਮੀ ਬੋਲਿਆ।

"ਸਾਨੂੰ ਪਤਾ ਕਰਨਾ ਚਾਹੀਦਾ ਹੈ।" ਕਹਿ ਕੇ ਕੁੜੀ ਵਾਲਿਆਂ ਦੇ ਦੋ ਤਿੰਨ ਬੰਦੇ ਉਨ੍ਹਾਂ ਕੋਲ ਚਲੇ ਗਏ। ਇੰਨੇ ਵਿੱਚ ਬਾਹਰੋਂ ਆਏ ਬੰਦਿਆਂ ਨੇ ਇੱਕ ਵੇਟਰ ਨੂੰ ਆਪਣੇ ਕੋਲ ਬੁਲਾਇਆ। ਇਸ ਤੋਂ ਪਹਿਲਾਂ ਕਿ ਉਹ ਵੇਟਰ ਤੋਂ ਕੁਝ ਪੁੱਛਦੇ, ਕੁੜੀ ਵਾਲਿਆਂ ਨੇ ਪੁੱਛਿਆ, "ਤੁਸੀਂ ਕੌਣ ਜੀ?"

"ਅਸੀਂ ਚੈਕਿੰਗ ਲਈ ਆਏ ਹਾਂ।"

"ਕਿਸ ਚੀਜ਼ ਦੀ ਚੈਕਿੰਗ?"

"ਬਾਲ ਮਜ਼ਦੂਰੀ ਦੀ।" ਇਹ ਸੁਣ ਕੇ ਉਹ ਇੱਕ ਦੂਜੇ ਦੇ ਮੂੰਹ ਵੱਲ ਦੇਖਣ ਲੱਗੇ। ਚੈਕਿੰਗ ਕਰਨ ਵਾਲੇ ਅਫਸਰ ਨੇ ਪੁੱਛਿਆ, "ਕਾਕਾ, ਤੇਰੀ ਕਿੰਨੀ ਉਮਰ ਹੈ?" "ਜੀ ਤੇਰ੍ਹਾਂ ਸਾਲ।"

"ਕਿਹੜੀ ਜਮਾਤ 'ਚ ਪੜਦੈਂ?"

"ਜੀ ਅੱਠਵੀਂ 'ਚ।" ਛੋਟੀ ਉਮਰ ਦੇ ਵੇਟਰ ਦੇ ਹੱਥਾਂ ਵਿੱਚ ਜੂਠੇ ਭਾਂਡੇ ਫੜੇ ਹੋਏ ਸਨ। ਉਹ ਜਦ ਉਨ੍ਹਾਂ ਕੋਲੋਂ ਜਾਣ ਲੱਗਿਆ ਤਾਂ ਚੈਕਿੰਗ ਟੀਮ ਦੇ ਇੱਕ ਜਣੇ ਨੇ ਉਸ ਨੂੰ ਰੋਕ ਲਿਆ ਤੇ ਕਿਹਾ, "ਬੇਟਾ, ਭਾਂਡੇ ਥੱਲੇ ਰੱਖ ਦੇ।"

"ਜੀ ਮੈਂ ਕੰਮ ਕਰਨੈਂ।"

"ਨਹੀਂ, ਅਸੀਂ ਗੱਲ ਕਰਦੇ ਹਾਂ।" ਛੋਟਾ ਬੱਚਾ ਹੱਥ ਜੋੜ ਕੇ ਰੋਣ ਲੱਗਾ ਅਤੇ ਕਿਹਾ, "ਜੀ ਇਹ ਮੁੰਡੇ (ਮੇਰੇ ਨਾਲ ਦੇ) ਮੈਨੂੰ ਲੈ ਕੇ ਨਹੀਂ ਸਨ ਆਉਂਦੇ। ਮੈਂ ਤਾਂ ਮੱਲੋ ਜ਼ੋਰੀ ਆਇਆਂ।"

"ਕਿਉਂ?"

"ਜੀ ਮੇਰਾ ਬਾਪ ਮਰਿਆ ਹੋਇਆ ਹੈ। ਅਸੀਂ ਚਾਰ ਭੈਣ ਭਰਾ ਹਾਂ। ਮੈਂ ਸਭ ਤੋਂ ਵੱਡਾ ਹਾਂ। ਮੇਰੀ ਮਾਂ ਨੂੰ ਸਾਹ ਦੀ ਬਿਮਾਰੀ ਹੈ। ਘਰੇ ਖਾਣ ਨੂੰ ਕੁਝ ਵੀ ਨਹੀਂ।" ਬੱਚਾ ਧਾਹਾਂ ਮਾਰ ਕੇ ਰੋ ਰਿਹਾ ਸੀ। ਦੂਜੇ ਵੇਟਰ ਵੀ ਕੋਲ ਆ ਗਏ। ਇਕੱਠ ਹੋ ਗਿਆ, ਵਿੱਚੋਂ ਹੀ ਇੱਕ ਵੇਟਰ ਨੇ ਕਿਹਾ, "ਅਸੀਂ ਬਥੇਰਾ ਰੋਕਿਆ ਜੀ, ਪਰ ਇਹ ਰੁਕਿਆ ਨਹੀਂ।"

"ਕਿਉਂ ਬਈ?" ਅਫਸਰ ਦੇ ਸੁਰ ਢਿੱਲੇ ਪੈ ਗਏ। "ਸਾਹਿਬ, ਜੇ ਮੈਂ ਦਿਹਾੜੀ ਨਾ ਕਰਾਂ ਤਾਂ ਅਸੀਂ ਭੁੱਖੇ ਮਰ ਜਾਈਏ। ਆਹੀ ਤਾਂ ਸੀਜ਼ਨ ਹੈ, ਸਾਡੇ ਰੱਜਣ ਦਾ, ਨਹੀਂ ਤਾਂ ਕਈ ਵਾਰ ਭੁੱਖੇ ਹੀ ਸੌਂ ਜਾਂਦੇ ਆਂ।" ਬੱਚੇ ਦੀ ਗੱਲ ਸੁਣ ਕੇ ਸਭ ਦੀਆਂ ਨੀਵੀਆਂ ਪੈ ਗਈਆਂ। ਸਭ ਸੋਚ ਰਹੇ ਸਨ ਕਿ ਸ਼ਾਇਦ ਬਾਲ ਮਜ਼ਦੂਰੀ ਦੀ ਸਜ਼ਾ ਨਾਲੋਂ ਢਿੱਡ ਦੀ ਭੁੱਖ ਵੱਡੀ ਸਜ਼ਾ ਹੈ।

# ਮੇਰੀ ਕਲਮ

## ਇੱਕ ਦੂਜੇ ਨਾਲ...
ਚਰਨਜੀਤ ਸਮਾਲਸਰ



ਉਸ ਨੂੰ
ਮੇਰੇ ਸਿਰ 'ਤੇ
ਉਲਾਂਭਾ ਹੈ
ਕਿ ਮੈਂ
ਉਸ ਦੀ ਖ਼ੁਸ਼ੀ ਵਿੱਚ
ਸ਼ਾਮਿਲ ਨਹੀਂ ਹੁੰਦਾ..
ਮੈਨੂੰ ਵੀ ਤਾਂ
ਉਸ ਦੇ ਸਿਰ 'ਤੇ
ਗਿਲਾ ਹੈ
ਕਿ ਉਹ ਮੇਰੇ
ਦੁੱਖਾਂ 'ਚ
ਸ਼ਾਮਿਲ ਨਹੀਂ ਹੁੰਦੀ
ਮੈਂ ਇੱਕ ਕਵਿਤਾ ਲਿਖ ਕੇ
ਉਸ ਦੀ ਖ਼ੁਸ਼ੀ ਨੂੰ
ਦੁੱਗਣਾ ਕਰ ਦਿੰਦਾ ਹਾਂ
ਤੇ ਉਹ
ਉਸ ਕਵਿਤਾ ਨੂੰ ਪੜ੍ਹ ਕੇ
ਠੰਢਾ ਹਾਉਕਾ ਭਰ ਕੇ
ਮੇਰੇ ਦੁੱਖਾਂ ਨੂੰ
ਅੱਧਾ ਕਰ ਦਿੰਦੀ ਹੈ
ਏਸ ਤਰ੍ਹਾਂ
ਇੱਕ ਦੂਜੇ ਨਾਲ
ਜੁੜੇ ਹੋਏ ਹਾਂ ਅਸੀਂ...

## ਗ਼ਜ਼ਲ
ਰੋਜ਼ੀ ਸਿੰਘ

ਸਮੇਂ ਨੇ ਵਾਰ-ਵਾਰ ਹਿੱਸਿਆਂ ਵਿੱਚ ਵੰਡਿਆ ਮੈਨੂੰ,
ਅਨੇਕਾਂ ਠੋਕਰਾਂ, ਮੁਸੀਬਤਾਂ ਰਲ ਚੰਡਿਆ ਮੈਨੂੰ।
ਮੈਂ ਜਿਨ੍ਹਾਂ ਦੇ ਲਈ ਜਾਨ ਵੀ ਸੀ ਦਾਅ ਉੱਤੇ ਲਾਈ,
ਉਨ੍ਹਾਂ ਹੀ ਦੋਸਤਾਂ ਕੂਚੇ ਗਲੀ ਵਿੱਚ ਭੰਡਿਆ ਮੈਨੂੰ।
ਮੇਰੀ ਪਰਵਾਜ਼ ਸਦਾ ਅੰਬਰਾਂ ਤੱਕ ਪੁੱਜਦੀ ਰਹੀ,
ਤੂਫ਼ਾਨਾਂ ਨੇ ਬਿਨਾਂ ਸ਼ੱਕ ਲੱਖ ਵਾਰੀ ਫੰਡਿਆ ਮੈਨੂੰ।
ਜਿਨ੍ਹਾਂ ਨੂੰ ਕਦੇ ਮੈਂ ਸਮਝਿਆ ਸੀ ਦੋਸਤੀ ਲਾਇਕ,
ਉਨ੍ਹਾਂ ਨੇ ਪਰਖਿਆ, ਵਰਤਿਆ ਤੇ ਛੰਡਿਆ ਮੈਨੂੰ।
ਪਿਆਰ ਵਿੱਚ ਮੈਂ ਹਰ ਵਾਰ ਟੁੱਟ ਕੇ ਬਿਖਰਿਆ ਹਾਂ,
ਇਹ ਤੇਰੀ ਬੇਰੁਖ਼ੀ ਨੇ ਆ ਦੁਬਾਰਾ ਗੰਢਿਆ ਮੈਨੂੰ।
ਨ ਜਾਣੇ ਮੌਸਮਾਂ ਦੇ ਨਾਲ ਮੇਰੀ ਕਿਉਂ ਨਹੀਂ ਬਣਦੀ,
ਸਦਾ ਬੇਮੌਸਮੀ ਬਾਰਿਸ਼ ਨੇ ਆਣ ਕਰੰਡਿਆ ਮੈਨੂੰ।

## ਕੁ.ਫਰ ਤੋਲ ਤੋਲ ਕੇ
ਡਾ. ਸਾਧੂ ਰਾਮ ਲੰਗੇਆਣਾ

ਕੁ.ਫਰਾਂ ਦੇ ਕੁ.ਫਰ ਤੋਲ ਤੋਲ ਕੇ ਝੱਲਿਆ
ਐਵੇਂ ਕਿਉਂ ਮਣਾਂ ਮੂੰਹੀਂ ਦਾਅਵੇ ਕਰੀ ਜਾਨੈਂ।
ਤੂੰ ਅੰਬਰਾਂ ਤੋਂ ਤਾਰੇ ਕੀ ਤੋੜ ਲਿਆਵੇਂਗਾ।
ਤੂੰ ਤਾਂ ਆਪਣੇ ਪਰਛਾਵੇਂ ਤੋਂ ਹੀ ਡਰੀ ਜਾਨੈਂ।
ਮੇਰੇ ਵਿੱਚ ਵੀ ਤੇਰੇ ਵਾਂਗੂੰ ਜਾਨ ਏ ਜਾਨ ਝੱਲਿਆ।
ਜਤਾਉਣਾ ਹੈ ਤਾਂ ਵਿਸ਼ਵਾਸ ਜਤਾਇਆ ਕਰ
ਤੇਰੇ ਮਾਰੇ ਫੁੱਲ ਦਾ ਮੇਰੇ ਚਿਹਰੇ 'ਤੇ ਨਿਸ਼ਾਨ ਏ ਝੱਲਿਆ
ਐਵੇਂ ਗੱਲ ਗੱਲ 'ਤੇ ਨਾ ਪਤਿਆਇਆ ਕਰ।
ਚੰਨ ਤੇ ਚਕੋਰ ਤਾਂ ਬੱਸ ਇੱਕ ਕਹਾਵਤ ਬਣੀ ਹੋਈ ਐ।
ਤੂੰ ਐਵੇਂ ਚੰਨ ਬਣਨ ਦੀਆਂ ਸ਼ਰਤਾਂ ਨਾ ਲਾਇਆ ਕਰ।
ਮੇਰੇ ਬਾਪ ਦੀ ਪੱਗ ਤੇਰੇ ਬਾਪ ਦੀ ਪੱਗ ਵਾਂਗ ਏ ਝੱਲਿਆ
ਛੁਪ ਛੁਪ ਨਾ ਸਾਡੇ ਵੱਲ ਖੁੰਡੇ ਤੀਰ ਚਲਾਇਆ ਕਰ।

## ਗ਼ਜ਼ਲ
ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਦਾਤਾਂ ਲੈ ਕੇ ਭੁੱਲ ਜਾਂਦੇ ਜੋ,
ਐਸੇ ਤਾਂ ਇਨਸਾਨ ਬੜੇ ਨੇ।
ਜਿਸ ਬੇੜੇ ਨੇ ਡੁੱਬ ਹੀ ਜਾਣੈ,
ਓਸੇ 'ਤੇ ਹੀ ਆਣ ਚੜ੍ਹੇ ਨੇ।
ਵਿੱਚ ਹੰਕਾਰ ਦੇ ਹੋ ਕੇ ਅੰਨ੍ਹੇ,
ਰਹਿੰਦੇ ਜੋ ਦਿਨ ਰਾਤ ਤੜੇ ਨੇ।
ਉਸ ਦਾਤੇ ਨੂੰ ਰਤਾ ਨਾ ਭਾਵਣ,
ਵੇਖੀਂ ਅੱਜ ਕਿ ਕੱਲ ਝੜੇ ਨੇ।
ਜਿਨ੍ਹਾਂ ਦੇ ਹੈ ਹੱਕ ਸੱਚ ਪੱਲੇ,
ਮੌਤ ਦੇ ਮੂਹਰੇ ਆਣ ਖੜ੍ਹੇ ਨੇ।
ਨਾਲ ਜਿਨ੍ਹਾਂ ਦੇ ਸਤਿਗੁਰ ਪੂਰਾ,
ਸਵਾ ਲੱਖ ਨਾਲ ਇੱਕ ਲੜੇ ਨੇ।
ਧਨ, ਦੌਲਤ ਤੇ ਰੁਤਬੇ ਖ਼ਾਤਰ
ਜਿਹੜੇ ਵਿੱਚ ਸੰਸਾਰ ਅੜੇ ਨੇ।
ਦਾਤਾਂ ਲੈ ਕੇ ਸਾਂਭ ਨਾ ਸਕੇ
ਵੇਖੋ ਵਿੱਚ ਸੰਸਾਰ ਹੜ੍ਹੇ ਨੇ।
ਦਿਲਬਰ ਭੱਠੀ ਇਸ਼ਕੇ ਵਾਲੀ



ਜਿਹੜੇ ਵੀ ਦਿਲਦਾਰ ਰੁੜ੍ਹੇ ਨੇ।
ਮੁੱਲ ਵੀ ਕਹਿੰਦੇ ਉਸ ਦਾ ਪੈਂਦੈ
ਜਿਹੜੇ ਦੁੱਧ ਦੇ ਵਾਂਗ ਕੜ੍ਹੇ ਨੇ।

## ਗ਼ਜ਼ਲ
ਬਿੰਦਰ ਸਿੰਘ ਖੁੱਡੀ ਕਲਾਂ

ਚਾਵਾਂ ਵਾਲਾ ਵਜਦਾ ਢੋਲ ਉਏ ਸੱਜਣਾ।
ਸਭ ਨੂੰ ਸੱਦੀ ਜਾਵੇ ਕੋਲ ਉਏ ਸੱਜਣਾ।
ਤੂੰ ਪਾ ਦੇ ਭੜਥੂ ਵਿੱਚ ਮੈਦਾਨੇ ਆ ਕੇ,
ਐਵੇਂ ਕਰ ਨਾ ਟਾਲ ਮਟੋਲ ਉਏ ਸੱਜਣਾ।
ਨੱਚਦੇ ਗੱਭਰੂ ਕਿੰਨੇ ਸੁਹਣੇ ਲਗਦੇ ਨੇ,
ਚਾਦਰਿਆਂ ਨਾਲ ਪੱਗਾਂ ਗੋਲ ਉਏ ਸੱਜਣਾ।
ਓਧਰ ਮੁਟਿਆਰਾਂ ਵੀ ਬੰਨ੍ਹ ਲਈ ਟੋਲੀ,
ਸੁਣ ਲੈ ਬੋਲੀਆਂ ਦੇ ਬੋਲ ਉਏ ਸੱਜਣਾ।
ਲੱਗੀ ਹੋਈ ਰੌਣਕ ਮੇਲੇ ਵਿੱਚ ਭਾਰੀ,
ਚੋਬਰ ਕਰਦੇ ਫਿਰਨ ਕਲੋਲ ਉਏ ਸੱਜਣਾ।
ਏਨਾ ਨਾ ਡਰ ਗਰਮੀ ਤੇ ਧੁੱਪਾਂ ਕੋਲੋਂ,
ਨਾ ਬਣਿਆ ਕਰ ਏਨਾ ਸੋਹਲ ਉਏ ਸੱਜਣਾ।
ਬਿੰਦਰ ਖੁੱਡੀ ਤਾਂ ਫਿਰਦਾ ਖੀਵਾ ਹੋਇਆ,
ਲੱਗੇ ਵੇਖ ਕਣਕ ਦੇ ਬੋਹਲ ਉਏ ਸੱਜਣਾ।

## ਮੋਹ ਦੀ ਇਮਾਰਤ
ਮੋਹਨ ਸ਼ਰਮਾ

ਉਸਨੂੰ ਸ਼ਿੱਦਤ ਨਾਲ
ਹਰ ਰੋਜ਼ ਯਾਦ ਕਰਦਾ ਹਾਂ
ਚੇਤਿਆਂ ਦੇ ਪੰਨਿਆਂ 'ਚੋਂ
ਉਹਦੀ ਹੋਂਦ ਕਦੇ ਮਨਫ਼ੀ ਨਹੀਂ ਹੋਈ।
ਉਹਦੀ ਹੋਂਦ ਦਾ ਅਹਿਸਾਸ
ਮਨ ਅੰਦਰ ਘੁਲ ਗਿਆ ਹੈ
ਪਾਣੀ ਦੇ ਰੰਗਾਂ ਵਾਂਗ!
ਜਦੋਂ ਵੀ ਉਹਦੇ ਬੋਲ ਸੁਣਨ ਲਈ
ਤਰਸੇਵਾਂ ਉਦਰੇਵੇਂ ਵਿੱਚ ਬਦਲ ਜਾਂਦਾ ਹੈ
ਤਾਂ ਉਹਨੂੰ ਫੋਨ ਕਰਦਾ ਹਾਂ
"ਹੈਲੋ" ਦੀ ਆਵਾਜ਼ ਕੰਨਾਂ ਅੰਦਰ ਰਸ ਘੋਲਦੀ ਹੈ।
ਜਦੋਂ ਪੁੱਛਦਾ ਹਾਂ
"ਕੀ ਕਰ ਰਹੀ ਹੈਂ?"
ਤਾਂ ਉਹਦਾ ਜਵਾਬ ਹੁੰਦਾ ਹੈ,
"ਰਸੋਈ ਵਿੱਚ ਹਾਂ"
ਤੇ ਜਾਂ ਫਿਰ "ਕੱਪੜੇ ਧੋ ਰਹੀ ਹਾਂ।"
ਘਰ ਦੇ ਹੋਰ ਰੁਝੇਵਿਆਂ ਦਾ ਵੀ ਉਹ ਜ਼ਿਕਰ ਛੂੰਹਦੀ ਹੈ।
ਸੱਚੀਂ, ਮੈਂ ਉਹਦੇ ਕੋਲੋਂ
ਇਹ ਬੋਲ ਸੁਣਨ ਲਈ
ਤਰਸ ਗਿਆ ਹਾਂ
"ਤੈਨੂੰ ਚੇਤੇ ਕਰਨਾ ਮੇਰੀ ਰੂਹ ਦੀ ਖੁਰਾਕ ਹੈ।"
ਇੱਕ ਖ਼ਾਮੋਸ਼ ਸ਼ਿਕਵਾ
ਜਨਮ ਲੈ ਕੇ
ਹਉਕਿਆਂ ਵਿੱਚ ਬਦਲ ਜਾਂਦਾ ਹੈ।
ਅਤੇ ਫਿਰ ਕਈ ਤਰ੍ਹਾਂ ਦੇ
ਧਰਵਾਸਿਆਂ ਦਾ ਠੁੰਮ੍ਹਣਾ
ਮੋਹ ਦੀ ਇਮਾਰਤ ਨੂੰ ਸੁਰੱਖਿਅਤ ਰੱਖਣ ਲਈ
ਦੇਣਾ ਪੈਂਦਾ ਹੈ।

## ਗ਼ਜ਼ਲ
ਦਲਜੀਤ ਰਾਏ ਕਾਲੀਆ

ਵੰਡ ਸਮੇਂ ਜੋ ਤਾਂਡਵ ਹੋਇਆ, ਚੁੱਪ ਵੇਂਹਦੀ ਕਾਇਨਾਤ ਰਹੀ।
ਧਰਮ ਮਜ਼ਹਬ ਦੇ ਨਾਂ 'ਤੇ ਖੌਰੂ, ਪਾਉਂਦੀ ਆਦਮ ਜਾਤ ਰਹੀ।
ਵਿਹਲੜ ਏਥੇ ਐਸ਼ਾਂ ਕਰਦੇ, ਅਜ਼ਲਾਂ ਤੋਂ ਇਹ ਬਾਤ ਰਹੀ।
ਕਾਮੇ ਮਜ਼ਦੂਰਾਂ ਦੇ ਹਿੱਸੇ, ਦੁੱਖਾਂ ਦੀ ਬਹੁਤਾਤ ਰਹੀ।
ਜਦ ਕਿਰਤੀ ਨੇ ਏਕਾ ਕੀਤਾ, ਪਰਚਮ ਉੱਚਾ ਹੋਇਆ ਤਦ,
ਚੜ੍ਹਦਾ ਆਸਾਂ ਵਾਲਾ ਸੂਰਜ, ਛਟਦੀ ਕਾਲ਼ੀ ਰਾਤ ਰਹੀ।
ਪਾੜਾ ਵਧਦਾ ਜਾਵੇ ਨਿਸ ਦਿਨ, ਏਥੇ ਜੋਕਾਂ ਲੋਕਾਂ ਵਿੱਚ,
ਪੂੰਜੀਪਤੀਆਂ ਦੇ ਪੁੜ ਹੇਠਾਂ, ਪਿਸ ਮਜ਼ਦੂਰ ਜਮਾਤ ਰਹੀ।
ਮਜ਼ਦੂਰਾਂ ਦੇ ਢਾਰੇ ਢਹਿ ਗਏ, ਭੁੱਖਣ ਭਾਣੇ ਬਾਲ ਰਹੇ,
ਸਾਉਣ ਮਹੀਨੇ ਹਫ਼ਤਾ ਭਰ ਜਦ, ਹੁੰਦੀ ਸੀ ਬਰਸਾਤ ਰਹੀ।
ਬਚਪਨ ਵਿੱਚ ਜਦੋਂ ਵੀ ਵਿਚਰਾਂ, ਦਿਸਦੀ ਲੋਰੀ ਦਿੰਦੀ ਮਾਂ,
ਮਾਂ ਦੇ ਹੱਥ ਦੀ ਕੁੱਟੀ ਚੂਰੀ, ਸਭ ਤੋਂ ਵੱਡੀ ਦਾਤ ਰਹੀ।
ਸਾਡੇ ਕੋਲੋਂ ਚੁਣੇ ਗਏ ਨਾ, ਨੇਤਾ ਚੰਗੇ ਇਸ ਕਰਕੇ,
ਵੰਨ-ਸੁਵੰਨੀ ਮਿਲਦੀ ਸਾਨੂੰ, ਉਨ੍ਹਾਂ ਤੋਂ ਸੌਗਾਤ ਰਹੀ।

## ਨਸ਼ਾ ਯੁੱਧ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਨਸ਼ਿਆਂ ਦਾ ਹੜ੍ਹ ਦੁਨੀਆ ਉੱਤੇ ਕਦੀ ਨਹੀਂ ਮੁੱਕਣਾ,
ਸੱਚ ਨੂੰ ਮੰਨਣ ਲਈ ਹਰ ਸਿਰ ਨੂੰ ਹੈ ਪੈਣਾ ਝੁਕਣਾ।
ਸੌਂਹਾਂ ਖਾ ਖਾ ਯੁੱਧ ਜਿੰਨੇ ਤੁਸੀਂ ਮਰਜ਼ੀ ਛੇੜੋ,
ਨਾਹਰੇਬਾਜ਼ੀ ਨਾਲ ਇਸਦਾ ਕਦੀ ਰਾਹ ਨਹੀਂ ਰੁਕਣਾ।
ਬੇਈਮਾਨੀ ਦਾ ਖ਼ੂਨ ਵਹਿ ਰਿਹੈ ਰਗ ਰਗ ਦੇ ਵਿੱਚ,
ਖਰਾ ਅਨੋਖਾ ਸਿਸਟਮ ਤੁਹਾਡੇ ਨੇੜੇ ਨਹੀਂ ਢੁਕਣਾ।
ਕਾਲ਼ੇ ਧੰਦਿਆਂ ਵਾਲ਼ੇ ਕਰਦੇ ਵਧ ਵਧ ਕਾਰੇ,
ਜਿਹੜੇ ਚਾਹੁੰਦੇ ਹਰ ਰੋਜ਼ ਧਨ ਕਰਨਾ ਦੁੱਗਣਾ।
ਸਰਕਾਰੀ ਅਤੇ ਗੈਰ ਸਰਕਾਰੀ ਤੰਤਰ ਸਭ ਖੋਟੇ,
ਨਹੀਂ ਚਾਹੁੰਦਾ ਜ਼ਮੀਰ ਦਾ ਭਾਰ ਕੋਈ ਵੀ ਚੁੱਕਣਾ।
ਜਿੱਥੇ ਜਨਤਾ ਸ਼ਰਾਬ ਅਫੀਮ ਨੂੰ ਨਸ਼ਾ ਨਹੀਂ ਮੰਨਦੀ,
ਉਸ ਦਾ ਬੇੜਾ ਹਰ ਹਾਲ ਮੰਝਧਾਰ 'ਚ ਡੁੱਬਣਾ।
ਬੁਰੀ ਅਲਾਮਤ ਕਿਸੇ ਦੀ ਮਿੱਤਰ ਕਦੀ ਨਹੀਂ ਹੁੰਦੀ,
ਅੱਗ ਲਾਉਣ ਵਾਲ਼ੇ ਦਾ ਘਰ ਵੀ ਇੱਕ ਦਿਨ ਫੁਕਣਾ।
ਦ੍ਰਿੜ੍ਹਤਾ ਅਤੇ ਦਿਆਨਤਦਾਰੀ ਹਰ ਪੱਖੋਂ ਹੈ ਜ਼ਰੂਰੀ,
ਸਾਦਾ ਜ਼ਿੰਦਗੀ ਨਾਲ਼ ਹੀ ਆਖ਼ਰ ਹਰ ਨਾਤਾ ਪੁੱਗਣਾ।
ਜ਼ਿੰਦਗੀ ਦੀ ਬਹੁ ਮੁੱਲੀ ਕੀਮਤ ਕੋਈ ਪਾ ਨ੍ਹੀਂ ਸਕਦਾ,
ਤੋਬਾ ਕਰਕੇ ਛੱਡ ਦਿਓ ਨਸ਼ੇ ਨੂੰ ਪੀਣਾ, ਡੁੰਗਣਾ।
ਨਹੀਂ ਤਾਂ ਨਸ਼ਿਆਂ ਦਾ ਇਹ ਹੜ੍ਹ ਕਦੀ ਨਹੀਂ ਮੁੱਕਣਾ,
ਸੱਚ ਨੂੰ ਮੰਨਣ ਲਈ ਹਰ ਸਿਰ ਨੂੰ ਹੈ ਪੈਣਾ ਝੁਕਣਾ।

## ਪਿੰਡ ਦੀ ਮਿੱਟੀ
ਓਮਕਾਰ ਸੂਦ ਬਹੋਨਾ



ਗ਼ਜ਼ਲਾਂ ਤੇ ਕਵਿਤਾਵਾਂ ਵਰਗੀ।
ਪਿੰਡ ਦੀ ਮਿੱਟੀ ਮਾਵਾਂ ਵਰਗੀ।
ਪਿੰਡ ਜਾਣ ਦੀ ਖ਼ਾਹਿਸ਼ ਜਦੋਂ ਵੀ,
ਆਵੇ, ਲਗਦੀ ਚਾਵਾਂ ਵਰਗੀ।
ਪਿੰਡ ਦੀ ਮਿੱਟੀ ਪਾਕ ਪਵਿੱਤਰ,
ਗੁਰੂ-ਪੀਰਾਂ ਦੀਆਂ ਥਾਵਾਂ ਵਰਗੀ।
ਪਿੰਡੋਂ ਆਈ 'ਵਾਜ ਵੀ ਜਾਪੇ,
ਬਾਪੂ ਦੀਆਂ ਸਲਾਹਵਾਂ ਵਰਗੀ।
ਪਿੰਡ ਦੀ ਵਗਦੀ ਲੂ ਵੀ ਤੱਤੀ,
ਸਾਵਣ ਦੀਆਂ ਘਟਾਵਾਂ ਵਰਗੀ।
ਬਹੁਤ ਦੂਰ ਹੁਣ ਇਸ ਸ਼ਹਿਰ ਵਿੱਚ,
ਪਿੰਡ ਦੀ ਯਾਦ ਭਰਾਵਾਂ ਵਰਗੀ।
ਪਿੰਡ ਮੇਰੇ ਦੀ ਗੱਲ ਕੋਈ ਵੀ,
ਲੱਗੇ ਪਰੀ ਕਥਾਵਾਂ ਵਰਗੀ।
ਪਿੰਡੋਂ ਆਈ 'ਕਾਲ' ਫੋਨ ਦੀ,
ਮਾਂ ਦੀਆਂ ਸ਼ੁੱਧ ਦੁਆਵਾਂ ਵਰਗੀ।
ਯਾਰ ਬਹੋਨੇ ਮੁੜ ਪਿੰਡ ਚੱਲੀਏ,
ਸ਼ਹਿਰੀ ਮੌਜ ਸਜ਼ਾਵਾਂ ਵਰਗੀ।

## ਪਵਣੁ, ਪਾਣੀ ਤੇ ਧਰਤੀ
ਅਮਰਜੀਤ ਸਿੰਘ 'ਫ਼ੌਜੀ'

ਐਵੇਂ ਨੀਂ ਮਾਤਾ ਕਹਿ ਵਡਿਆਇਆ ਮੈਨੂੰ ਗੁਰੂਆਂ ਨੇ
ਮਾਂ ਧਰਤੀ ਹਾਂ ਮੈਂ, ਸਭ ਦੀ ਪਾਲਣਹਾਰੀ
ਚਾਰੇ ਖਾਣੀਆਂ ਹੋਂਦ ਵਿੱਚ ਆਈਆਂ ਮੇਰੇ ਸਦਕੇ ਹੀ
ਸਾਰੀ ਉਤਪਤੀ ਦੀ ਹੀ, ਮੈਂ ਹਾਂ ਸਿਰਜਣਹਾਰੀ।
ਪਿਤਾ ਦਾ ਦਰਜਾ ਦਿੱਤਾ ਮੈਨੂੰ, ਸ੍ਰੀ ਗੁਰੂ ਨਾਨਕ ਨੇ
ਮੈਂ ਹਾਂ ਪਾਣੀ ਮੇਰੀ, ਜੱਗ ਉੱਤੇ ਸਰਦਾਰੀ
ਪਲ਼ ਵਿੱਚ ਸਭ ਨੂੰ ਮੈਂ ਹੀ, ਹਰਿਆ ਭਰਿਆ ਕਰ ਦੇਵਾਂ
ਜਿੱਥੇ ਮੈਂ ਨਾ ਹੋਵਾਂ, ਵਿਲਕੇ ਖ਼ਲਕਤ ਸਾਰੀ।
ਮੇਰੇ ਕਰਕੇ ਸਾਰੀ ਦੁਨੀਆ ਜਿਊਂਦੀ ਵਸਦੀ ਐ
ਕਹਿੰਦੇ ਪਵਣੁ ਨੇ ਮੈਨੂੰ, ਮੇਰੀ ਸਭ ਨਾਲ ਯਾਰੀ
ਮੇਰੇ ਕਰਕੇ ਹੀ ਨੇ ਗੀਤ ਰੁਮਕਦੇ ਰੂਹਾਂ ਵਿੱਚ
ਕੁੱਲ ਕਾਇਨਾਤ ਦੇ ਉੱਤੋਂ ਮੈਂ ਜਾਵਾਂ ਬਲਿਹਾਰੀ।
ਸਾਨੂੰ ਗੰਧਲ਼ੇ ਕਰਕੇ ਦੁੱਖ ਸਹੇੜੇ ਲੋਕਾਂ ਨੇ
ਤਾਹੀਓਂ ਹਰ ਘਰ ਅੰਦਰ ਵੜ ਗਈ ਏ ਬਿਮਾਰੀ
ਦੋਵੇਂ ਹੱਥ ਜੋੜ ਕੇ, ਫ਼ੌਜੀ ਵਾਸਤੇ ਪਾਉਂਦਾ ਹੈ
ਵਕਤ ਨੇ ਹੱਥ ਨੀਂ ਆਉਣਾ, ਜੇ ਨਾ ਗੱਲ ਵਿਚਾਰੀ।



# ਮੈਰਾਥਨ ਦਾ ਮਹਾਂਰਥੀ ਬਾਬਾ ਫ਼ੌਜਾ ਸਿੰਘ

**ਫ਼ੌਜਾ ਸਿੰਘ ਨੇ ਲੰਡਨ ਦੀਆਂ ਪੰਜ, ਟੋਰਾਂਟੋ ਦੀਆਂ ਦੋ ਤੇ ਨਿਊਯਾਰਕ ਦੀ ਇੱਕ ਮੈਰਾਥਨ ਦੇ ਨਾਲ ਕਈ ਹਾਫ਼ ਮੈਰਾਥਨਾਂ ਤੇ ਹੋਰ ਦੌੜਾਂ ਵੀ ਜਿੱਤੀਆਂ ਹਨ। 94 ਮਿੰਟਾਂ 'ਚ ਯੂਕੇ ਦੇ 200, 400, 800 ਤੇ 3000 ਮੀਟਰ ਦੌੜਾਂ ਦੇ ਨਵੇਂ ਰਿਕਾਰਡ ਬਣਾਏ ਹਨ। ਸੌ ਸਾਲ ਦੀ ਉਮਰ ਟੱਪ ਕੇ ਟੋਰਾਂਟੋ ਵਿੱਚ ਦੌੜਦਿਆਂ ਉਸ ਨੇ ਇੱਕੋ ਦਿਨ ਅੱਠ ਦੌੜਾਂ ਲਾਈਆਂ ਤੇ ਪੰਜ ਵਿਸ਼ਵ ਰਿਕਾਰਡ ਬਣਾਏ।**



ਪ੍ਰਿੰ. ਸਰਵਣ ਸਿੰਘ
+1-905-779-1661

ਬਾਬਾ ਫ਼ੌਜਾ ਸਿੰਘ 20ਵੀਂ ਸਦੀ ਦੇ ਆਰੰਭ 'ਚ ਜੰਮਿਆ ਸੀ। 20ਵੀਂ ਸਦੀ ਮੁੱਕਣ ਵੇਲੇ ਦੌੜਨ ਲੱਗਾ ਸੀ ਤੇ 21ਵੀਂ ਸਦੀ ਚੜ੍ਹਦਿਆਂ ਖ਼ਬਰਾਂ ਦਾ ਸ਼ਿੰਗਾਰ ਬਣਿਆ ਸੀ। ਮੈਰਾਥਨ ਦਾ ਮਹਾਂਰਥੀ, ਪਗੜੀਧਾਰੀ ਝੱਖੜ, ਬੁੱਢਿਆਂ ਦਾ ਰੋਲ ਮਾਡਲ, ਬੱਲੇ ਬਾਬਾ ਫ਼ੌਜਾ ਸਿੰਘ ਦੇ ਤੇ ਨਈਂ ਰੀਸਾਂ ਫ਼ੌਜਾ ਸਿੰਘ ਦੀਆਂ !

ਉਹ ਰੌਣਕੀ ਬੰਦਾ ਹੈ। ਬੇਫ਼ਿਕਰ, ਬੇਪਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਉਸ ਨੇ ਗੁੰਮਨਾਮੀ 'ਚ ਚੱਲ ਵਸਣਾ ਸੀ ਜੇ ਦੌੜਨ ਨਾ ਲੱਗਦਾ। ਬੁੱਢੇ ਵਾਰੇ ਦੌੜਾਂ ਲਾ ਕੇ ਉਹਨੇ ਜੱਗ ਜਹਾਨ 'ਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਵਿੱਚ ਉਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਉਸ ਨੂੰ ਸੌ ਸਾਲ ਦਾ ਸਿਟੀਜ਼ਨ ਹੋਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲ 'ਚ ਖਾਣੇ 'ਤੇ ਸੱਦਿਆ।

ਸੌ ਸਾਲ ਤੋਂ ਵਡੇਰੀ ਉਮਰ ਦਾ ਉਹ ਪਹਿਲਾ ਮਨੁੱਖ ਹੈ ਜਿਸ ਨੇ 16 ਅਕਤੂਬਰ 2011 ਨੂੰ ਟੋਰਾਂਟੋ ਦੀ ਵਾਟਰ ਫ਼ਰੰਟ ਮੈਰਾਥਨ ਪੂਰੀ ਦੌੜੀ। ਉੱਥੇ ਉਸ ਨੇ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸਕਿੰਟ ਵਿੱਚ ਮੁਕਾਇਆ। ਉਹਦਾ ਨਾਂ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿੱਚ ਦਰਜ ਹੋ ਜਾਣਾ ਸੀ ਜੇ ਉਹਦੀ ਜਨਮ ਤਾਰੀਖ਼ ਦਾ ਅਸਲੀ ਸਰਟੀਫ਼ਿਕੇਟ ਮਿਲ ਜਾਂਦਾ।

ਫ਼ੌਜਾ ਸਿੰਘ ਦੀ ਵਡਿਆਈ ਇਸ ਗੱਲ 'ਚ ਨਹੀਂ ਕਿ ਉਹ ਲੰਮੀਆਂ ਦੌੜਾਂ ਦੌੜਦਾ ਰਿਹਾ ਸਗੋਂ ਇਸ ਵਿੱਚ ਹੈ ਕਿ ਸੌ ਸਾਲਾਂ ਦਾ ਹੋ ਕੇ ਵੀ ਦੌੜੀ ਗਿਆ! 2000 ਵਿੱਚ ਲੰਡਨ ਦੀ ਫ਼ਲੋਰਾ ਮੈਰਾਥਨ ਲਾਉਂਦਿਆਂ ਉਹ 80 ਸਾਲ ਤੋਂ ਵਡੇਰੀ ਉਮਰ ਵਾਲਿਆਂ ਲਈ 6 ਘੰਟੇ 54 ਮਿੰਟ ਦਾ ਨਵਾਂ ਰਿਕਾਰਡ ਰੱਖ ਕੇ ਖ਼ਬਰਾਂ ਵਿੱਚ ਆਇਆ ਸੀ। ਉਦੋਂ ਪੱਗ 'ਤੇ ਖੰਡਾ ਲਾ ਕੇ ਝੂਲਦੀ ਦਾੜ੍ਹੀ ਨਾਲ ਦੌੜਦੇ ਦੀਆਂ ਤਸਵੀਰਾਂ ਲੰਡਨ ਦੀਆਂ ਸੜਕਾਂ 'ਤੇ ਲੱਗ ਗਈਆਂ ਸਨ। ਨਾਲ ਲਿਖਿਆ ਗਿਆ ਸੀ: ਕੁਝ ਵੀ ਅਸੰਭਵ ਨਹੀਂ। 2003 ਵਿੱਚ ਟੋਰਾਂਟੋ 'ਚ ਉਸ ਨੇ 42.2 ਕਿਲੋਮੀਟਰ ਦੀ ਦੌੜ 5 ਘੰਟੇ 40 ਮਿੰਟ 04 ਸਕਿੰਟ ਵਿੱਚ ਪੂਰੀ ਕੀਤੀ। 2004 'ਚ ਟੋਰਾਂਟੋ ਦੀ ਹਾਫ਼ ਮੈਰਾਥਨ ਦੌੜਦਿਆਂ ਉਸ ਨੇ 2 ਘੰਟੇ 29.59 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਬਣਾਇਆ ਸੀ। 2012 ਵਿੱਚ ਉਹ ਆਖ਼ਰੀ ਮੈਰਾਥਨ ਦੌੜ ਹਾਂਗਕਾਂਗ 'ਚ ਦੌੜਿਆ ਤਾਂ ਚੈਰਿਟੀ ਲਈ 25,800 ਡਾਲਰ 'ਕੱਠੇ ਹੋਏ ਜੋ ਉਸ ਨੇ ਉੱਥੇ ਹੀ ਦਾਨ ਕਰ ਦਿੱਤੇ।

ਜੁਲਾਈ 1999 'ਚ ਮੈਂ ਉਸ ਨੂੰ ਪਹਿਲੀ ਵਾਰ ਈਰਥ-ਵੂਲਿਚ ਦੇ ਕਬੱਡੀ ਟੂਰਨਾਮੈਂਟ ਵਿੱਚ ਵੇਖਿਆ ਸੀ। ਉਹ ਕਬੱਡੀ ਦੇ ਦਾਇਰੇ ਦੁਆਲੇ ਦੌੜ ਰਿਹਾ ਸੀ। ਉਹਦੇ ਸਿਰ 'ਤੇ ਪੱਗ ਸੀ ਤੇ ਪੱਗ ਉੱਤੇ ਖੰਡਾ। ਤੇੜ ਟਰੈਕ ਸੂਟ ਤੇ ਪੈਰੀਂ ਦੌੜਨ ਵਾਲੇ ਬੂਟ। 2000 ਵਿੱਚ ਮੈਂ ਉਹਦੀਆਂ ਅੰਗਰੇਜ਼ੀ ਦੇ ਵੱਡੇ ਅਖ਼ਬਾਰਾਂ 'ਚ ਤਸਵੀਰਾਂ ਵੇਖੀਆਂ। ਉਸ ਨੇ ਲੰਡਨ ਦੀ ਮੈਰਾਥਨ ਵਿੱਚ 80 ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਬਣਾ ਦਿੱਤਾ ਸੀ।

ਅਠਾਈ ਸਤੰਬਰ 2003 ਨੂੰ 'ਸਕੋਸ਼ੀਆ ਬੈਂਕ ਟੋਰਾਂਟੋ ਵਾਟਰਫ਼ਰੰਟ ਮੈਰਾਥਨ' ਹੋਈ। ਮੈਂ ਉਦੋਂ ਟੋਰਾਂਟੋ ਹੀ ਸਾਂ। ਫ਼ੌਜਾ ਸਿੰਘ ਇੰਗਲੈਂਡ ਤੋਂ ਪੁੱਜਾ ਸੀ। ਉਦੋਂ ਉਹਦਾ ਪੱਕਾ ਟਿਕਾਣਾ ਇਲਫ਼ੋਰਡ ਵਿੱਚ ਸੀ। ਟੋਰਾਂਟੋ ਦੇ ਬਿਆਸਪਿੰਡੀਆਂ ਨੇ ਆਪਣੇ ਪੇਂਡੂ ਦੌੜਾਕ ਨੂੰ ਪੂਰੀ ਹੱਲਾਸ਼ੇਰੀ ਦਿੱਤੀ। ਦੌੜ ਮੁੱਕੀ ਤਾਂ ਉਸ ਨੇ ਆਪਣਾ ਹੀ ਰਿਕਾਰਡ ਪਹਿਲਾਂ ਨਾਲੋਂ 31 ਮਿੰਟ ਘੱਟ ਸਮੇਂ ਨਾਲ ਤੋੜ ਦਿੱਤਾ। ਬਿਆਸਪਿੰਡੀਆਂ ਨੇ ਫ਼ੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਉਹਦੀ ਵਿਲੱਖਣਤਾ ਇਹ ਸੀ ਕਿ ਉਹ ਝੂਲਦੀ ਦਾੜ੍ਹੀ ਨਾਲ ਕੇਸਰੀ ਦਸਤਾਰ ਬੰਨ੍ਹ ਕੇ ਦੌੜਿਆ ਸੀ। ਉਹਦੇ ਨਿਆਰੇ ਸਰੂਪ ਨੇ ਉਹਦੀ ਮਸ਼ਹੂਰੀ ਹੋਰ ਵੀ ਵੱਧ ਕਰਾਈ।



# ਪੰਜਾਬ ਦੇ ਖੇਡ ਢਾਂਚੇ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ

## ਸਰਕਾਰੀ ਫ਼ਾਈਲਾਂ ਤੱਕ ਹੀ ਸੀਮਿਤ ਹੋ ਕੇ ਨਾ ਰਹਿ ਜਾਵੇ ਪੰਜਾਬ ਸਰਕਾਰ ਦੀ ਖੇਡ ਨੀਤੀ



ਅਕਸਰ ਕਿਹਾ ਜਾਂਦਾ ਹੈ ਕਿ ਪੰਜਾਬ ਖੇਡਾਂ ਦੇ ਖੇਤਰ ਵਿੱਚ ਹਰਿਆਣਾ ਨਾਲੋਂ ਪਿੱਛੇ ਰਹਿ ਗਿਆ ਹੈ। ਇਸ ਦੇ ਕਈ ਕਾਰਨ ਵੀ ਦਸੇ ਜਾਂਦੇ ਹਨ ਪਰ ਪੰਜਾਬ ਦੇ ਖੇਡਾਂ ਵਿੱਚ ਪਿੱਛੇ ਰਹਿਣ ਦੇ ਅਸਲ ਕਾਰਨਾਂ ਦੀ ਘੋਖ ਕਰਕੇ ਉਹਨਾਂ ਦਾ ਸਹੀ ਹੱਲ ਕਰਨ ਵੱਲ ਧਿਆਨ ਘੱਟ ਦਿੱਤਾ ਜਾਂਦਾ ਹੈ, ਜਿਸ ਕਾਰਨ ਪੰਜਾਬ ਵਿੱਚ ਚੰਗੇ ਬਾਲ ਖਿਡਾਰੀ ਤਿਆਰ ਹੋਣ ਤੋਂ ਰਹਿ ਜਾਂਦੇ ਹਨ। ਭਾਵੇਂ ਕਿ ਪਿਛਲੇ ਸਮੇਂ ਦੌਰਾਨ ਹੋਈਆਂ ਕਈ ਖੇਡਾਂ ਵਿੱਚ ਪੰਜਾਬੀ ਖਿਡਾਰੀਆਂ ਨੇ ਚੰਗੀ ਕਾਰਗੁਜਾਰੀ ਦਿਖਾਈ ਹੈ, ਪਰ ਫ਼ਿਰ ਵੀ ਪੰਜਾਬ ਦੇ ਖਿਡਾਰੀਆਂ ਨੂੰ ਹੋਰ ਟ੍ਰੇਨਿੰਗ ਦੇਣ ਦੀ ਲੋੜ ਹੈ ਤਾਂ ਕਿ ਉਹ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤ ਕੇ ਪੰਜਾਬ ਦਾ ਨਾਮ ਰੌਸ਼ਣ ਕਰ ਸਕਣ।

ਪੰਜਾਬ ਵਿੱਚ ਇਸ ਸਮੇਂ ਹਾਲ ਇਹ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਖੇਡਾਂ ਦੀ ਥਾਂ ਸਿਰਫ਼ ਪੜ੍ਹਾਈ ਵਿੱਚ ਅੱਵਲ ਆਉਣ ਲਈ ਦਬਾਓ ਪਾਉਂਦੇ ਰਹਿੰਦੇ ਹਨ, ਜਿਸ ਕਾਰਨ ਬੱਚੇ ਖੇਡਾਂ ਵਿੱਚ ਪਿੱਛੇ ਰਹਿ ਜਾਂਦੇ ਹਨ। ਮਾਪਿਆਂ ਦੀ ਸੋਚ ਹੁੰਦੀ ਹੈ ਕਿ ਖੇਡਾਂ ਵਿੱਚ ਹਿੱਸਾ ਲੈਣ ਵਾਲਾ ਬੱਚਾ ਪੜਾਈ ਵਿੱਚ ਪਿਛੜ ਜਾਂਦਾ ਹੈ, ਜਿਸ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਖੇਡਾਂ ਤੋਂ ਦੂਰ ਰੱਖਦੇ ਹਨ। ਦੂਜੇ ਪਾਸੇ ਕਈ ਬੱਚੇ ਚੰਗੇ ਖਿਡਾਰੀ ਬਣਨ ਦੇ ਯੋਗ ਹੁੰਦੇ ਹਨ ਪਰ ਉਹਨਾਂ ਨੂੰ ਸਾਰਾ ਸਮਾਂ ਪੜ੍ਹਾਈ ਵਿੱਚ ਰੁਝੇ ਰਹਿਣਾ ਪੈਂਦਾ ਹੈ, ਜਿਸ ਕਾਰਨ ਖੇਡਾਂ ਵਿੱਚ ਹਿੱਸਾ ਲੈਣ ਦਾ ਉਹਨਾਂ ਨੂੰ ਸਮਾਂ ਨਹੀਂ ਮਿਲਦਾ। ਇਸ ਕਾਰਨ ਵੀ ਉਹ ਚਾਹ ਕੇ ਵੀ ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕਦੇ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ ਮਾਪੇ ਚਾਹੁੰਦੇ ਹਨ ਕਿ ਉਹਨਾਂ ਦਾ ਬੱਚਾ ਦਸਵੀਂ ਵਿਚੋਂ ਚੰਗੇ ਨੰਬਰ ਲੈ ਕੇ ਆਈਲੈਟਸ ਕਰ ਲਵੇ ਅਤੇ ਫ਼ਿਰ ਵਿਦੇਸ਼ ਚਲਿਆ ਜਾਵੇ, ਅਜਿਹੇ ਸਮੇਂ ਖੇਡਾਂ ਬਾਰੇ ਸੋਚਣ ਦਾ ਕਿਸੇ ਕੋਲ ਸਮਾਂ ਹੀ ਨਹੀਂ ਹੁੰਦਾ।

ਮਾਹਿਰ ਕਹਿੰਦੇ ਹਨ ਕਿ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਬੱਚੇ ਪੜ੍ਹਾਈ ਵਿੱਚ ਵੀ ਹੁਸ਼ਿਆਰ ਹੁੰਦੇ ਹਨ, ਕਿਉਂਕਿ ਖੇਡਾਂ ਵਿੱਚ ਹਿੱਸਾ ਲੈ ਕੇ ਬੱਚੇ ਤੰਦਰੁਸਤ ਰਹਿੰਦੇ ਹਨ ਅਤੇ ਤੰਦਰੁਸਤ ਸਰੀਰ ਵਿੱਚ ਤੰਦਰੁਸਤ ਮਨ ਦਾ ਵਿਕਾਸ ਹੁੰਦਾ ਹੈ। ਇਸ ਲਈ ਸਾਰੇ ਬੱਚਿਆਂ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਅਕਸਰ ਸਕੂਲਾਂ ਵਿੱਚ ਵੇਖਿਆ ਜਾਂਦਾ ਹੈ ਕਿ ਜਦੋਂ ਖੇਡਾਂ ਵਿੱਚ ਟੀਮ ਦੀ ਚੋਣ ਕਰਨੀ ਹੁੰਦੀ ਹੈ ਤਾਂ ਚੰਗੇ ਖਿਡਾਰੀਆਂ ਦੀ ਥਾਂ ਅਕਸਰ ਮੈਡਮਾਂ ਜਾਂ ਅਧਿਆਪਕਾਂ ਦੇ ਰਿਸ਼ਤੇਦਾਰ ਜਾਂ ਸਿਫ਼ਾਰਸ਼ੀ ਬੱਚਿਆਂ ਦੀ ਚੋਣ ਕਰ ਲਈ ਜਾਂਦੀ ਹੈ, ਜਿਸ ਕਾਰਨ ਇਹ ਟੀਮ ਕੋਈ ਮੈਡਲ ਜਿੱਤਣ ਤੋਂ ਅਸਮਰਥ ਹੋ ਜਾਂਦੀ ਹੈ ਅਤੇ ਚੰਗੇ ਖਿਡਾਰੀ ਬੱਚੇ ਮਾਯੂਸ ਹੋ ਕੇ ਖੇਡਾਂ ਤੋਂ ਸਦਾ ਲਈ ਦੂਰ ਹੋ ਜਾਂਦੇ ਹਨ। ਭਾਵੇਂ ਕਿ ਅਜਿਹਾ ਸਾਰੇ ਸਕੂਲਾਂ ਵਿੱਚ ਨਹੀਂ ਹੁੰਦਾ ਪਰ ਕੁਝ ਸਕੂਲਾਂ ਵਿੱਚ ਅਜਿਹਾ ਕੁਝ ਹੋਣ ਦੀਆਂ ਖ਼ਬਰਾਂ ਮੀਡੀਆ ਵਿੱਚ ਅਕਸਰ ਆਉਂਦੀਆਂ ਰਹਿੰਦੀਆਂ ਹਨ, ਜਿਸ ਤੋਂ ਪੰਜਾਬ ਦੇ ਖੇਡ ਢਾਂਚੇ ਦੀਆਂ ਕਮੀਆਂ ਦਾ ਪਤਾ ਚਲਦਾ ਹੈ।





ਵੱਖ ਵੱਖ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਉੱਪਰ ਪੂਰਾ ਧਿਆਨ ਦਿੱਤਾ ਜਾਂਦਾ ਹੈ, ਜਿਸਦੇ ਚੰਗੇ ਨਤੀਜੇ ਵੀ ਸਾਹਮਣੇ ਆਉਂਦੇ ਹਨ। ਇਸ ਤੋਂ ਇਲਾਵਾ ਕਈ ਸਕੂਲਾਂ ਵਿੱਚ ਬੱਚਿਆਂ ਦੀਆਂ ਖੇਡਾਂ ਵੱਲ ਵੀ ਪੂਰਾ ਧਿਆਨ ਦਿੱਤਾ ਜਾਂਦਾ ਹੈ ਅਤੇ ਕਈ ਸਕੂਲਾਂ ਦੇ ਬੱਚੇ ਚੰਗੇ ਖਿਡਾਰੀ ਬਣ ਜਾਂਦੇ ਹਨ। ਕਈ ਸਕੂਲਾਂ ਵਿੱਚ ਤਰਾਂ ਵੱਖ ਵੱਖ ਖੇਡਾਂ ਦੀਆਂ ਟੀਮਾਂ ਬਣਾਉਣ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਪਰ ਦੁੱਖ ਦੀ ਗਲ ਇਹ ਹੈ ਕਿ ਅਜਿਹਾ ਸਾਰੇ ਸਕੂਲਾਂ ਵਿੱਚ ਨਹੀਂ ਹੁੰਦਾ। ਦੂਜੇ ਪਾਸੇ ਸਰਕਾਰੀ ਸਕੂਲਾਂ ਦੀ ਖੇਡਾਂ ਦੇ ਖੇਤਰ ਵਿੱਚ ਕਾਰਗੁਜਾਰੀ ਦਾ ਸਭ ਨੂੰ ਪਤਾ ਹੀ ਹੈ। ਹੁਣ ਸਮਝ ਇਹ ਨਹੀਂ ਲੱਗ ਰਹੀ ਕਿ ਆਖ਼ਰ ਘਾਟ ਕਿਥੇ ਰਹਿ ਜਾਂਦੀ ਹੈ। ਜਿਸ ਕਾਰਨ ਚੰਗੇ ਖਿਡਾਰੀ ਪੈਦਾ ਹੋਣ ਤੋਂ ਪਹਿਲਾਂ ਹੀ ਗਾਇਬ ਹੋ ਜਾਂਦੇ ਹਨ।

ਇਹ ਅਸਲੀਅਤ ਹੈ ਕਿ ਹਰ ਬੱਚਾ ਪੜਾਈ ਦੇ ਨਾਲ ਖੇਡਣਾ ਵੀ ਚਾਹੁੰਦਾ ਹੈ। ਖੇਡਾਂ ਵਿੱਚ ਹਿੱਸਾ ਲੈ ਕੇ ਬੱਚਿਆਂ ਦਾ ਮੰਨੋਰੰਜਨ ਵੀ ਹੁੰਦਾ ਹੈ। ਇਸ ਲਈ ਖੇਡਾਂ ਵਿੱਚ ਵੀ ਹਿਸਾ ਲੈਣ ਲਈ ਬੱਚਿਆਂ ਨੂੰ ਉਹਨਾਂ ਦੇ ਮਾਪਿਆਂ ਵੱਲੋਂ ਉਤਸ਼ਾਹਿਤ ਕਰਨਾ ਚਾਹੀਦਾ ਹੈ। ਖੇਡਾਂ ਵਿੱਚ ਹਿੱਸਾ ਨਾ ਲੈਣ ਵਾਲੇ ਬੱਚੇ ਅਕਸਰ ਕਮਜੋਰ ਰਹਿ ਜਾਂਦੇ ਹਨ, ਜਿਸ ਕਾਰਨ ਉਹ ਵੱਡੇ ਹੋ ਕੇ ਕਈ ਵਾਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਖੇਡਾਂ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਆਉਂਦੀ ਹੈ ਅਤੇ ਬੱਚਿਆਂ ਵਿੱਚ ਭਾਈਚਾਰਕ ਸਾਂਝ ਵੀ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਖੇਡਾਂ ਵਿੱਚ ਹਿੱਸਾ ਲੈ ਕੇ ਬੱਚਿਆਂ ਵਿੱਚ ਆਪਸੀ ਮੇਲ ਜੋਲ ਵਧਾਉਣ ਦਾ ਮੌਕਾ ਵੀ ਮਿਲਦਾ ਹੈ ਅਤੇ ਬੱਚੇ ਇੱਕ ਦੂਜੇ ਦੇ ਸਾਥੀ ਬਣਦੇ ਹਨ। ਇਸ ਲਈ ਬੱਚਿਆਂ ਦਾ ਖੇਡਾਂ ਵਿੱਚ ਹਿੱਸਾ ਲੈਣਾ ਬਹੁਤ ਜ਼ਰੂਰੀ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਨਵੀਂ ਖੇਡ ਨੀਤੀ ਬਣਾਉਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਲੋੜ ਤਾਂ ਇਸ ਖੇਡ ਨੀਤੀ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਦੀ ਹੈ। ਅਕਸਰ ਸਰਕਾਰੀ ਨੀਤੀਆਂ ਸਰਕਾਰੀ ਫ਼ਾਈਲਾਂ ਵਿੱਚ ਹੀ ਰਹਿ ਜਾਂਦੀਆਂ ਹਨ, ਜਿਸ ਕਰਕੇ ਇਹਨਾਂ ਨੀਤੀਆਂ ਨੂੰ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾਂਦਾ। ਇਸ ਲਈ ਚਾਹੀਦਾ ਤਾਂ ਇਹ ਹੈ ਕਿ ਪੰਜਾਬ ਸਰਕਾਰ ਦੀ ਖੇਡ ਨੀਤੀ ਨੂੰ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਵੇ ਅਤੇ ਪੰਜਾਬ ਦੇ ਖੇਡ ਢਾਂਚੇ ਦੀਆਂ ਕਮੀਆਂ ਨੂੰ ਦੂਰ ਕੀਤਾ ਜਾਵੇ ਤਾਂ ਕਿ ਪੰਜਾਬ ਪਹਿਲਾਂ ਵਾਂਗ ਖੇਡਾਂ ਦੇ ਖੇਤਰ ਵਿੱਚ ਅੱਵਲ ਨੰਬਰ 'ਤੇ ਆ ਜਾਵੇ।



## ਵਿਵਾਦਾਂ 'ਚ ਕਿਉਂ ਘਿਰੀ

# 'ਸਰਦਾਰ ਜੀ 3'




ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਅਕਸਰ ਚਰਚਾ 'ਚ ਰਹਿੰਦੇ ਹਨ। ਦੁਨੀਆ ਭਰ ਵਿੱਚ ਉਹ ਆਪਣੇ ਮਿਊਜ਼ਿਕ ਕੌਂਸਰਟ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬੀ ਫ਼ਿਲਮਾਂ ਤੋਂ ਲੈ ਕੇ ਬਾਲੀਵੁੱਡ ਫ਼ਿਲਮਾਂ 'ਚ ਵੀ ਉਹ ਮੁੱਖ ਭੂਮਿਕਾ ਨਿਭਾਉਂਦੇ ਹਨ।

ਪੰਜਾਬੀ ਸਿਨੇਮਾ ਦੇ ਪ੍ਰੇਮੀ ਉਨ੍ਹਾਂ ਦੀਆਂ ਕਈ ਹਿੱਟ ਫ਼ਿਲਮਾਂ ਦੇ ਸੀਕਵਲ ਦੀ ਉਡੀਕ ਕਰਦੇ ਹਨ, ਜਿਨ੍ਹਾਂ ਵਿੱਚੋਂ ਇੱਕ 'ਸਰਦਾਰ ਜੀ' ਵੀ ਹੈ। ਇਸ ਫ਼ਿਲਮ ਦੇ ਤੀਜੇ ਭਾਗ ਨੂੰ ਲੈ ਕੇ ਦਰਸ਼ਕ ਕਾਫ਼ੀ ਉਤਸ਼ਾਹਿਤ ਹਨ। ਫ਼ਿਲਮ ਦੇ ਨਿਰਮਾਤਾ ਨੇ ਲੋਕਾਂ ਨੂੰ ਵੱਡਾ ਸਰਪ੍ਰਾਈਜ਼ ਦਿੰਦੇ ਹੋਏ ਫ਼ਿਲਮ ਦਾ ਟੀਜ਼ਰ ਜਾਰੀ ਕਰ ਦਿੱਤਾ ਹੈ। ਦਿਲਜੀਤ ਦੁਸਾਂਝ ਦੀਆਂ ਬਿਹਤਰੀਨ ਪੰਜਾਬੀ ਫ਼ਿਲਮਾਂ 'ਚ 'ਸਰਦਾਰ ਜੀ' ਦਾ ਨਾਂ ਅਹਿਮੀਅਤ ਰੱਖਦਾ ਹੈ। ਇਸ ਫ਼ਿਲਮ ਦੇ ਦੋ ਪਾਰਟ ਪਹਿਲਾਂ ਹੀ ਰਿਲੀਜ਼ ਹੋ ਚੁੱਕੇ ਹਨ ਤੇ ਹੁਣ ਤੀਜੇ ਭਾਗ ਦੀ ਰਿਲੀਜ਼ ਦੀ ਤਰੀਕ ਦੇ ਨਾਲ-ਨਾਲ ਸਿਤਾਰਿਆਂ ਦੀ ਪਹਿਲੀ ਲੁੱਕ ਵੀ ਟੀਜ਼ਰ ਦੇ ਰੂਪ 'ਚ ਦੇਖਣ ਨੂੰ ਮਿਲੀ ਹੈ।

ਫ਼ਿਲਮ ਦੇ ਟੀਜ਼ਰ 'ਚ ਦਿਲਜੀਤ ਦੇ ਨਾਲ ਨੀਰੂ ਬਾਜਵਾ ਦੀ ਵੀ ਝਲਕ ਵੀ ਦੇਖਣ ਨੂੰ ਮਿਲੀ ਹੈ। ਗਾਇਕ ਅਤੇ ਅਦਾਕਾਰ ਦਿਲਜੀਤ ਦੇ ਪ੍ਰਸ਼ੰਸਕਾਂ ਜਾ ਇੰਤਜ਼ਾਰ ਹੁਣ ਖ਼ਤਮ ਹੋ ਜਾਣ ਰਿਹਾ ਹੈ।ਪੰਜਾਬ ਦੇ ਚੋਣਵੇਂ ਸਿਤਾਰਿਆਂ ਦੀ ਲਿਸਟ 'ਚ ਦਿਲਜੀਤ ਦਾ ਨਾਂ ਸ਼ਾਮਲ ਕੀਤਾ ਜਾਂਦਾ ਹੈ, ਜੋ ਹਰ ਵਿਸ਼ੇ 'ਤੇ ਆਪਮੀ ਗੱਲ ਖੁੱਲ੍ਹ ਕੇ ਰੱਖਦੇ ਹਨ। ਇਸ ਸਾਲ ਦੀ ਸ਼ੁਰੂਆਤ 'ਚ ਉਨ੍ਹਾਂ ਦੇ ਕੁਝ ਮਿਊਜ਼ਿਕ ਟੂਰਾਂ 'ਤੇ ਵੀ ਵਿਵਾਦ ਉੱਠੇ ਸਨ। ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਉਨ੍ਹਾਂ ਦੇ ਕੁਝ ਸ਼ਰਾਬ ਅਤੇ ਨਸ਼ੇ ਨੂੰ ਪ੍ਰੋਤਸਾਹਿਤ ਕਰਨ ਵਾਲੇ ਗਾਣਿਆਂ 'ਤੇ ਬੈਨ ਲਗਾਇਆ ਗਿਆ। ਪਰ ਹੁਣ ਉਹ 'ਸਰਦਾਰ ਜੀ 3' ਨੂੰ ਲੈ ਕੇ ਸੁਰਖੀਆਂ 'ਚ ਆ ਗਏ ਹਨ। ਯੂਟਿਊਬ 'ਤੇ ਆਉਂਦੇ ਹੀ ਟੀਜ਼ਰ ਨੇ ਧਮਾਲ ਮਚਾ ਦਿੱਤਾ ਹੈ।



ਟੀਜ਼ਰ 'ਚ ਨੀਰੂ ਬਾਜਵਾ ਤੇ ਦਿਲਜੀਤ ਦੁਸਾਂਝ ਦੀ ਜੋੜੀ ਬਹੁਤ ਹੀ ਚੰਗੀ ਲੱਗ ਰਹੀ ਹੈ। ਇਸ ਤੋਂ ਪਹਿਲਾਂ ਵੀ ਦੋਵੇਂ ਕਈ ਹੋਰ ਫ਼ਿਲਮਾਂ 'ਚ ਇਕੱਠੇ ਨਜ਼ਰ ਆ ਚੁੱਕੇ ਹਨ ਤੇ ਉਨ੍ਹਾਂ ਨੂੰ ਲੋਕਾਂ ਤੋਂ ਸ਼ਾਨਦਾਰ ਪ੍ਰਤੀਕਿਰਿਆ ਮਿਲੀ। ਇਸ ਤਰ੍ਹਾਂ ਲੋਕ 'ਸਰਦਾਰ ਜੀ 3' ਦੇ ਟੀਜ਼ਰ 'ਤੇ ਵੀ ਪਿਆਰ ਲੁਟਾ ਰਹੇ ਹਨ। ਫ਼ਿਲਮ ਦੇ ਟੀਜ਼ਰ 'ਚ ਕਈ ਰੋਮਾਂਚਕ ਘਟਨਾਵਾਂ ਨੂੰ ਦਰਸਾਇਆ ਗਿਆ ਹੈ ਤੇ ਪੰਜਾਬੀ ਭਾਸ਼ਾ 'ਚ ਮਜ਼ੇਦਾਰ ਕਾਮੇਡੀ ਨੇ ਇਸ ਵਾਰੀ ਵੀ ਲੋਕਾਂ ਦਾ ਦਿਲ ਜਿੱਤ ਲਿਆ ਹੈ। ਮੇਕਰਜ਼ ਨੇ ਟੀਜ਼ਰ ਜਾਰੀ ਕਰਦਿਆਂ ਜਾਣਕਾਰੀ ਦਿੱਤੀ ਕਿ 'ਸਰਦਾਰ ਜੀ 3' ਰਿਲੀਜ਼ ਲਈ ਤਿਆਰ ਹੈ।'ਕੁਝ ਕਾਰਨਾਂ ਕਰਕੇ ਇਹ ਫਿਲਮ ਇਸ ਸਮੇਂ ਵਿਵਾਦਾਂ ਵਿੱਚ ਘਿਰ ਗਈ ਹੈ। ਇਹ ਵਿਵਾਦ ਇਸ ਫਿਲਮ ਦੀ ਹੀਰੋਈਨ ਦੇ ਪਾਕਿਸਤਾਨੀ ਹੋਣ ਨੂੰ ਕਿਹਾ ਜਾ ਰਿਹਾ ਹੈ।

# ਨਿੱਜੀ ਜ਼ਿੰਦਗੀ ਨੂੰ ਜਨਤਾ ਤੋਂ ਦੂਰ ਰੱਖਣਾ ਪਸੰਦ ਕਰਦੇ ਹਨ ਐਮੀ ਵਿਰਕ



ਮਸ਼ਹੂਰ ਪੰਜਾਬੀ ਗਾਇਕ ਤੇ ਅਦਾਕਾਰ ਐਮੀ ਵਿਰਕ ਕਿਸੇ ਪਛਾਣ ਦੇ ਮੋਹਤਾਜ਼ ਨਹੀਂ ਹਨ। ਉਨ੍ਹਾਂ ਨੇ ਪ੍ਰਸ਼ੰਸਕਾਂ ਦੀ ਝੋਲੀ 'ਚ ਖ਼ੂਬਸੂਰਤ ਗੀਤ ਅਤੇ ਫ਼ਿਲਮਾਂ ਪਾਈਆਂ, ਜਿਨ੍ਹਾਂ ਨੂੰ ਦਰਸ਼ਕਾਂ ਵੱਲੋਂ ਖ਼ੂਬ ਪਸੰਦ ਕੀਤਾ ਜਾਂਦਾ ਹੈ। ਇਨ੍ਹੀਂ ਦਿਨੀਂ ਗਾਇਕ ਐਮੀ ਵਿਰਕ ਖੂਬ ਚਰਚਾ ਵਿੱਚ ਛਾਏ ਹੋਏ ਹਨ। ਉਨ੍ਹਾਂ ਦੀ ਪੰਜਾਬੀ ਫ਼ਿਲਮ 'ਸੌਂਕਣ ਸੌਂਕਣ 2' ਬਾਕਸ ਆਫ਼ਿਸ 'ਤੇ ਧਮਾਲ ਮਚਾ ਰਹੀ ਹੈ। ਇਸ ਫ਼ਿਲਮ ਵਿੱਚ ਐਮੀ, ਸਰਗੁਣ ਮਹਿਤਾ ਅਤੇ ਨਿਮਰਤ ਖਹਿਰਾ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਏ ਹਨ। ਐਮੀ ਨੇ ਫ਼ਿਲਮ ਦੇ ਪ੍ਰਮੋਸ਼ਨ ਦੌਰਾਨ ਆਪਣੇ ਸੀਕ੍ਰੇਟ ਵਿਆਹ ਬਾਰੇ ਗੱਲ ਕੀਤੀ। ਨਾਲ ਹੀ ਗਾਇਕ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਇੱਕ ਧੀ ਵੀ ਹੈ। ਐਮੀ ਵਿਰਕ ਹਮੇਸ਼ਾ ਆਪਣੀ ਨਿੱਜੀ ਜ਼ਿੰਦਗੀ ਨੂੰ ਜਨਤਾ ਤੋਂ ਦੂਰ ਰੱਖਣਾ ਪਸੰਦ ਕਰਦੇ ਹਨ। ਗਾਇਕ ਐਮੀ ਨੇ ਇੱਕ ਇੰਟਰਵਿਊ ਦੌਰਾਨ ਆਪਣੀ ਨਿੱਜੀ ਜ਼ਿੰਦਗੀ ਬਾਰੇ ਗੱਲ ਕੀਤੀ। ਇੰਟਰਵਿਊ ਦੌਰਾਨ ਐਮੀ ਨੂੰ ਪੁੱਛਿਆ ਕਿ ਉਨ੍ਹਾਂ ਨੇ ਆਪਣੇ ਵਿਆਹ ਨੂੰ ਕਿਉਂ ਲੁਕਾਇਆ ਹੈ।

ਐਮੀ ਨੇ ਕਿਹਾ- ਮੈਂ ਇੱਕ ਬਹੁਤ ਹੀ ਨਿੱਜੀ ਵਿਅਕਤੀ ਹਾਂ। ਮੇਰੀ ਪਤਨੀ ਅਤੇ ਧੀ ਹੈ। ਮੈਂ ਉਨ੍ਹਾਂ ਨੂੰ ਨਿੱਜੀ ਰੱਖਣਾ ਚਾਹੁੰਦਾ ਹਾਂ। ਮੈਂ ਉਨ੍ਹਾਂ ਨੂੰ ਜਿੰਨਾ ਹੋ ਸਕੇ ਨਿੱਜੀ ਰੱਖਾਂਗਾ। ਮੈਂ ਨਹੀਂ ਚਾਹੁੰਦਾ ਕਿ ਕੋਈ ਉਨ੍ਹਾਂ ਨੂੰ ਪਛਾਣੇ। ਹਰ ਵਿਅਕਤੀ ਦਾ ਰਹਿਣ ਦਾ ਤਰੀਕਾ ਵੱਖਰਾ ਹੁੰਦਾ ਹੈ। ਮੈਂ ਨਹੀਂ ਚਾਹੁੰਦਾ ਕਿ ਮੇਰੀ ਧੀ ਖਾਸ ਮਹਿਸੂਸ ਕਰੇ। ਇਸ ਨਾਲ ਬੱਚੇ ਦਾ ਬਚਪਨ ਖਰਾਬ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਦੂਜਿਆਂ ਤੋਂ ਵੱਖਰਾ ਸਮਝਣਾ ਸ਼ੁਰੂ ਕਰ ਦਿੰਦੇ ਹਨ।

ਐਮੀ ਨੇ ਅੱਗੇ ਕਿਹਾ- ਉਨ੍ਹਾਂ ਨੂੰ ਆਮ ਬੱਚਿਆਂ ਵਾਂਗ ਰਹਿਣਾ ਚਾਹੀਦਾ ਹੈ। ਮੇਰੇ ਨਾਲ ਦੋਸਤ ਅਤੇ ਸਿਕਿਓਰਿਟੀ ਹੁੰਦੀ ਹੈ। ਮੈਂ ਨਹੀਂ ਚਾਹੁੰਦਾ ਕਿ ਜੇ ਮੈਂ ਉਨ੍ਹਾਂ ਨਾਲ ਫ਼ੋਟੋਆਂ ਪੋਸਟ ਕਰਾਂ, ਤਾਂ ਉਨ੍ਹਾਂ ਨੂੰ ਬਾਹਰ ਜਾਣ 'ਤੇ ਸਿਕਿਓਰਿਟੀ ਦੀ ਲੋੜ ਹੋਵੇ। ਐਮੀ ਨੇ ਕਿਹਾ-ਹੁਣ ਉਹ ਕਿਤੇ ਵੀ ਖੁੱਲ੍ਹ ਕੇ ਜਾਂਦੇ ਹਨ। ਮੈਂ ਉਨ੍ਹਾਂ ਨਾਲ ਉਨ੍ਹਾਂ ਥਾਵਾਂ 'ਤੇ ਵੀ ਜਾਂਦਾ ਹਾਂ ਜਿੱਥੇ ਲੋਕ ਮੈਨੂੰ ਨਹੀਂ ਜਾਣਦੇ। ਅਜਿਹਾ ਨਹੀਂ ਹੈ ਕਿ ਲੋਕ ਮੈਨੂੰ ਪਰੇਸ਼ਾਨ ਕਰਦੇ ਹਨ। ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਨ ਪਰਿਵਾਰਕ ਸਮਾਂ ਖਰਾਬ ਹੋਵੇ। ਵਰਕ ਫ਼ਰੰਟ ਦੀ ਗੱਲ ਕਰੀਏ ਤਾਂ ਐਮੀ ਦੀ ਫ਼ਿਲਮ 'ਸੌਂਕਣ ਸੌਂਕਣ 2' ਬਾਕਸ ਆਫ਼ਿਸ 'ਤੇ ਧਮਾਲ ਮਚਾ ਰਹੀ ਹੈ। ਉਨ੍ਹਾਂ ਦੀ ਇੱਕ ਹੋਰ ਫ਼ਿਲਮ ਅਗਲੇ ਮਹੀਨੇ ਰਿਲੀਜ਼ ਹੋਣ ਜਾ ਰਹੀ ਹੈ। ਇਸ ਫ਼ਿਲਮ ਦਾ ਨਾਮ ਸਰਬਾਲਾਜੀ ਹੈ। ਇਹ 18 ਜੁਲਾਈ ਨੂੰ ਰਿਲੀਜ਼ ਹੋਵੇਗੀ।

# ਪੰਜਾਬੀ ਗਾਣਿਆਂ ਨੂੰ ਲੱਗਿਆ ਨਸ਼ੇ, ਹਥਿਆਰ ਅਤੇ ਗੈਂਗਵਾਦ ਦਾ ਗ੍ਰਹਿਣ



ਦਵਿੰਦਰ ਕੌਰ ਖੁਸ਼ ਧਾਲੀਵਾਲ

ਪੰਜਾਬ ਵਿੱਚ ਨਸ਼ਿਆਂ, ਹਥਿਆਰਾਂ ਅਤੇ ਗੈਂਗਵਾਦ ਦੀ ਮਹਿਮਾ ਗਾਉਂਦੇ ਗੀਤਾਂ ਦਾ ਪਿਛਲੇ ਕਈ ਸਾਲਾਂ ਤੋਂ ਹੜ੍ਹ ਜਿਹਾ ਆਇਆ ਹੋਇਆ ਹੈ। ਲੋਕਾਂ ਦੀਆਂ ਨਿੱਜੀ ਕਾਰਾਂ, ਬੱਸਾਂ ਤੋਂ ਲੈ ਕੇ ਚਾਹ ਦੇ ਖੋਖਿਆਂ, ਕੰਟੀਨਾਂ, ਵਿਆਹਾਂ-ਪਾਰਟੀਆਂ ਤੱਕ ਸ਼ਾਇਦ ਹੀ ਕੋਈ ਅਜਿਹੀ ਜਗ੍ਹਾ ਬਚੀ ਹੋਵੇਗੀ ਜਿੱਥੇ ਇਨ੍ਹਾਂ ਗੀਤਾਂ ਦੇ ਘਟੀਆ ਬੋਲ, ਕੰਨ-ਪਾੜੂ ਸੰਗੀਤ ਤੁਹਾਡੇ ਕੰਨਾਂ ਦੇ ਪੜਦਿਆਂ ਤੋਂ ਹਾੜ੍ਹੇ ਨਾ ਕਢਵਾਉਂਦਾ ਹੋਵੇ। ਦੂਜੇ ਪਾਸੇ ਸਮਾਜ ਵਿੱਚ ਵੀ ਹਿੰਸਾ, ਨਸ਼ੇ, ਹਥਿਆਰਾਂ ਅਤੇ ਗੈਂਗਵਾਦ ਦੇ ਵਰਤਾਰੇ ਪਿਛਲੇ ਸਮੇਂ ਵਿੱਚ ਤੇਜ਼ੀ ਨਾਲ ਵਧੇ ਹਨ। ਸਿੱਟੇ ਵਜੋਂ ਹਰੇਕ ਸੋਚਣ-ਸਮਝਣ ਵਾਲਾ ਇਨਸਾਨ ਇਨ੍ਹਾਂ ਵਰਤਾਰਿਆਂ ਨੂੰ ਲੈ ਕੇ ਚਿੰਤਤ ਵੀ ਹੈ ਅਤੇ ਇਨ੍ਹਾਂ ਵਰਤਾਰਿਆਂ ਤੇ ਗੀਤਾਂ ਵਿੱਚ ਇਨ੍ਹਾਂ ਦੇ ਗੁਣਗਾਨ ਵਿਚਾਲੇ ਸਬੰਧ ਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦਾ ਹੈ।

ਲਗਭਗ ਸਾਰੀਆਂ ਚਰਚਾਵਾਂ, ਗੱਲਾਂ-ਬਾਤਾਂ ਵਿੱਚ ਗੀਤਾਂ ਨੂੰ ਮੁੱਢ ਮੰਨਿਆ ਜਾਂਦਾ ਹੈ ਅਤੇ ਸਮਾਜਿਕ ਵਰਤਾਰਿਆਂ ਨੂੰ ਇਨ੍ਹਾਂ ਗੀਤਾਂ ਦਾ ਪ੍ਰਭਾਵ, ਉਕਤ ਸਮਾਜਿਕ ਬਿਮਾਰੀਆਂ ਲਈ ਗਾਇਕਾਂ/ਗੀਤਕਾਰਾਂ ਨੂੰ ਜ਼ਿੰਮੇਵਾਰ ਗਰਦਾਨ ਕੇ ਕੰਮ ਨਿਬੇੜ ਲਿਆ ਜਾਂਦਾ ਹੈ। ਪਰ ਇਹ ਤਰਕ ਅਸਲੀਅਤ ਨੂੰ ਸਿਰ-ਪਰਨੇ ਖੜ੍ਹਾ ਕਰਨਾ ਹੈ, ਸਾਰੇ ਮਸਲੇ ਨੂੰ ਹਲਕਾ ਕਰਨਾ ਹੈ। ਨਸ਼ਿਆਂ, ਹਥਿਆਰਾਂ ਅਤੇ ਗੈਂਗਵਾਦ ਦਾ ਪੰਜਾਬੀ ਗੀਤਾਂ ਨਾਲ ਪੁਰਾਣਾ ਨਾਤਾ ਹੈ। ਅਖੌਤੀ ਵਿਰਾਸਤ ਵਜੋਂ ਪੇਸ਼ ਕੀਤੇ ਜਾਂਦੇ ਗੀਤਾਂ ਵਿੱਚ ਇਹ ਸਾਰਾ ਕੁਝ ਬਥੇਰਾ ਪਿਆ ਹੈ, ਸ਼ਾਟਗੰਨਾਂ ਦੀ ਥਾਂ ਦੁਨਾਲੀਆਂ ਸਨ, ਚਿੱਟੇ-ਸਮੈਕ ਦੀ ਥਾਂ ਸ਼ਰਾਬ-ਅਫ਼ੀਮ ਸੀ। ਇਹ ਵੱਖਰੀ ਗੱਲ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਦੁਨਾਲੀ, ਵੈਲੀ, ਅਫ਼ੀਮ ਵਿਰਾਸਤ ਲੱਗ ਸਕਦੀ ਹੈ ਜਾਂ ਕਿਹਾ ਜਾਵੇ ਲੱਗਦੀ ਹੈ। ਪਰ ਇਹ ਵੀ ਸਹੀ ਗੱਲ ਹੈ ਕਿ ਅਜੋਕੇ ਪੰਜਾਬੀ ਗੀਤਾਂ ਵਿਚਲੇ ਨਸ਼ਿਆਂ, ਹਥਿਆਰਾਂ ਅਤੇ ਗੈਂਗਵਾਦ ਦੇ ਗੁਣਗਾਨ ਨੂੰ ਅੱਜ ਦੇ ਸਮਾਜ ਦੀ ਰੌਸ਼ਨੀ ਵਿੱਚ ਹੀ ਸਮਝਿਆ ਜਾਣਾ ਚਾਹੀਦਾ ਹੈ, ਇਸ ਨੂੰ ਸਿਰਫ਼ ਗੀਤਾਂ ਵਿੱਚ ਸ਼ਬਦਾਂ ਦੇ ਬਦਲਾਅ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਦੂਸਰਾ, ਇੰਟਰਨੈੱਟ ਅਤੇ ਸੰਚਾਰ ਦੇ ਹੋਰ ਸਾਧਨਾਂ ਦੇ ਚਮਤਕਾਰੀ ਵਿਕਾਸ ਨੇ ਹੁਣ ਗੀਤਾਂ ਦੀ ਪਹੁੰਚ ਬਹੁਤ ਵਿਆਪਕ ਕਰ ਦਿੱਤੀ ਹੈ ਅਤੇ ਇਨ੍ਹਾਂ ਦਾ ਸਮਾਜਿਕ ਅਸਰ ਹੁਣ ਕਿਤੇ ਜ਼ਿਆਦਾ ਡੂੰਘਾ ਪੈਂਦਾ ਹੈ।

ਜਿੱਥੋਂ ਤੱਕ ਗੀਤਾਂ ਕਰਕੇ ਨਸ਼ੇ, ਹਥਿਆਰ-ਕਲਚਰ ਅਤੇ ਗੈਂਗਵਾਦ ਪੈਦਾ ਹੋਣ ਦਾ ਸਵਾਲ ਹੈ,




ਇਹ ਓਨਾ ਕੁ ਹੀ ਸਹੀ ਹੈ ਜਿੰਨਾ ਕੁ ਕੋਈ ਇਹ ਕਹੇ ਕਿ ਉਸ ਨੂੰ ਬੁਖਾਰ ਚੜ੍ਹਨ ਕਰਕੇ ਟੀਬੀ ਹੋ ਗਈ। ਇਹ ਠੀਕ ਹੈ ਕਿ ਬੁਖਾਰ ਵੀ ਮਰੀਜ਼ ਨੂੰ ਤੰਗ ਕਰਦਾ ਹੈ, ਪਰ ਬੁਖਾਰ ਦੀ ਵਜ੍ਹਾ ਟੀਬੀ ਹੈ, ਨਾ ਕਿ ਟੀਬੀ ਦੀ ਵਜ੍ਹਾ ਬੁਖਾਰ। ਹੁਣ ਜੇ ਕੋਈ ਬੁਖਾਰ-ਬੁਖਾਰ ਦਾ ਰੌਲਾ ਪਾਈ ਜਾਵੇ ਤੇ ਟੀਬੀ ਦੀ ਗੱਲ ਹੀ ਨਾ ਕਰੇ ਤਾਂ ਅਜਿਹੇ ਡਾਕਟਰ ਨੂੰ ਕੋਈ ਕੀ ਕਹੇਗਾ, ਸਾਫ਼ ਹੈ ਝੋਲਾ-ਛਾਪ ਡਾਕਟਰ! ਪਰ ਸਮਾਜਿਕ ਮਸਲਿਆਂ ਦੇ ਮਾਮਲੇ ਵਿੱਚ ਝੋਲਾ-ਛਾਪ ਡਾਕਟਰਾਂ ਦੀ ਖ਼ੂਬ ਚੱਲਦੀ ਹੈ, ਪੰਜਾਬੀ ਗੀਤਾਂ ਬਾਰੇ ਵੀ ਇਹੀ ਹੋ ਰਿਹਾ ਹੈ। ਨਸ਼ੇ ਬਹੁਤ ਵੱਡਾ ਧੰਦਾ ਹਨ, ਮੁਨਾਫ਼ੇ ਦਾ ਵੱਡਾ ਸਰੋਤ ਅਤੇ ਧੰਦੇ ਦੇ ਰੂਪ ਵਿੱਚ ਨਸ਼ਿਆਂ ਦੀ ਖ਼ਰੀਦ-ਵੇਚ ਗੀਤਾਂ ਤੋਂ ਬਹੁਤ ਪਹਿਲਾਂ ਸ਼ੁਰੂ ਹੋਈ ਹੈ। ਸਮਾਜ ਦਾ ਇੱਕ ਵਿਹਲੜ ਤਬਕਾ ਹੈ ਜਿਸ ਕੋਲ ਜ਼ਿੰਦਗੀ ਜਿਊਣ ਦਾ ਕੋਈ ਬਹਾਨਾ ਨਹੀਂ ਹੈ, ਇਹ ਨਸ਼ੇ ਕਰਕੇ ਜ਼ਿੰਦਗੀ ਜਿਊਂਦਾ ਹੈ। ਸਮਾਜ ਦਾ ਇੱਕ ਹਿੱਸਾ ਤਰ੍ਹਾਂ-ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਸਮੱਸਿਆਵਾਂ ਦੀ ਨਾ ਤਾਂ ਸਮਝ ਹੈ, ਨਾ ਹੱਲ



ਦਿਸਦਾ ਹੈ ਸਿੱਟੇ ਵਜੋਂ ਉਹ ਨਸ਼ਿਆਂ ਦੀ ਦਲਦਲ ਵਿੱਚ ਆ ਖੁੱਭਦਾ ਹੈ। ਸਮਾਜ ਦਾ ਇੱਕ ਹਿੱਸਾ ਸਿਰਫ਼ ਮਨੋਰੰਜਨ, ਦੇਖਾ-ਦੇਖੀ ਲਈ ਨਸ਼ੇ ਸ਼ੁਰੂ ਕਰਦਾ ਹੈ ਪਰ ਛੱਡ ਨਹੀਂ ਪਾਉਂਦਾ। ਹੋਰ ਵੀ ਕਈ ਕਾਰਨ ਹੋ ਸਕਦੇ ਹਨ। ਇਸੇ ਤਰ੍ਹਾਂ ਹਥਿਆਰ ਵੀ ਵੱਡਾ ਧੰਦਾ ਹਨ। ਹਥਿਆਰ ਸੱਤਾ ਦੇ ਗਲਿਆਰਿਆਂ ਤੱਕ ਆਪਣੀ ਪਹੁੰਚ ਦੀ ਨੁਮਾਇਸ਼ ਕਰਨ ਦਾ ਧਨਾਢਾਂ ਦਾ ਇੱਕ ਸਾਧਨ ਹਨ। ਗ਼ਰੀਬ ਕਿਰਤੀ ਲੋਕਾਂ ਦੀ ਕਿਰਤ ਉੱਪਰ ਪਲ ਰਹੀਆਂ ਮੁੱਠੀਭਰ ਜੋਕਾਂ ਦੁਆਰਾ ਆਮ ਲੋਕਾਂ ਵਿੱਚ ਦਹਿਸ਼ਤ ਪੈਦਾ ਕਰਨ ਦਾ ਜ਼ਰੀਆ ਹਨ, ਕਿਸੇ ਵੀ ਮਨੁੱਖੀ ਗੁਣ ਤੋਂ ਵਿਹੂਣੀਆਂ ਹੋ ਚੁੱਕੀਆਂ ਜੋਕਾਂ ਦੁਆਰਾ ਆਪਣੇ-ਆਪ ਨੂੰ 'ਮਨੁੱਖਤਾ ਦਾ ਸਰਵਉੱਚ ਵਿਕਾਸ' ਵਜੋਂ ਪੇਸ਼ ਕਰਨ ਦੇ ਕੋਝੇ ਯਤਨ ਹਨ। ਇਨ੍ਹਾਂ ਧਨਾਢਾਂ ਨੂੰ ਆਪਣਾ ਨਸ਼ਿਆਂ, ਹਥਿਆਰਾਂ, ਸਿਆਸਤ ਸਮੇਤ ਹਰ ਕਾਰੋਬਾਰ ਚਲਾਉਣ ਲਈ ਅਜਿਹੀ ਨਿੱਜੀ 'ਪੁਲਿਸ' ਦੀ ਲੋੜ ਹੁੰਦੀ ਹੈ ਜਿਹੜੀ ਸੰਵਿਧਾਨ ਦੇ ਬੰਧਨਾਂ ਤੋਂ ਉੱਕਾ ਹੀ ਮੁਕਤ ਹੋਵੇ। ਜਿਹੜੀ ਸਿਰਫ਼ ਇਨ੍ਹਾਂ ਦੇ ਹੁਕਮਾਂ ਅਨੁਸਾਰ ਕੰਮ ਕਰੇ, ਇਨ੍ਹਾਂ ਦੇ ਵਿਰੋਧੀਆਂ ਨੂੰ ਨਜਿੱਠ ਸਕੇ, ਪੈਸੇ ਦੀ ਵਸੂਲੀ ਕਰ ਸਕੇ। ਇਸੇ ਲੋੜ ਵਿੱਚੋਂ ਗੈਂਗਵਾਦ ਪੈਦਾ ਹੁੰਦਾ ਹੈ। ਸਾਰੇ ਗੈਂਗਸਟਰ ਕਿਸੇ-ਨ-ਕਿਸੇ ਸਿਆਸੀ ਲੀਡਰ ਜਾਂ ਕਾਰੋਬਾਰੀ ਆਦਿ ਲਈ ਕਥਿਤ ਤੌਰ 'ਤੇ ਕੰਮ ਕਰਦੇ ਹਨ।

ਗੈਂਗਾਂ ਵਿੱਚ ਭਰਤੀ ਕਰਨ ਲਈ ਸਮਾਜ ਵਿੱਚ ਨੌਜਵਾਨਾਂ ਦੀ ਕਮੀ ਨਹੀਂ ਹੈ। ਇੱਕ ਪਾਸੇ ਬੇਰੁਜ਼ਗਾਰੀ, ਆਰਥਿਕ-ਸਮਾਜਿਕ ਨਾਬਰਾਬਰੀ ਦਾ ਝੰਬਿਆ ਖੁੰਦਕੀ ਮਜਬੂਰ ਹੋਇਆ ਨੌਜਵਾਨ ਤਬਕਾ ਇਨ੍ਹਾਂ ਦੇ ਚੁੰਗਲ ਵਿੱਚ ਫਸਦਾ ਹੈ, ਦੂਜੇ ਪਾਸੇ ਜਲਦੀ ਅਮੀਰ ਹੋਣ ਦੀ ਲਾਲਸਾ, ਅਖੌਤੀ ਅਣਖ-ਟੌਹਰ ਨਾਲ ਗ੍ਰਸਤ ਨੌਜਵਾਨ ਗੈਂਗਵਾਦ ਦੇ ਗਲੈਮਰ ਵਿੱਚ ਉਲਝ ਜਾਂਦਾ ਹੈ। ਇਸੇ ਮਾਹੌਲ ਵਿੱਚੋਂ ਨਸ਼ਿਆਂ, ਹਥਿਆਰਾਂ, ਗੈਂਗਵਾਦ ਨੂੰ ਜ਼ਿੰਦਗੀ ਦੀ ਸਰਵੋਤਮ ਪ੍ਰਾਪਤੀ, ਜ਼ਿੰਦਗੀ ਜਿਊਣ ਦਾ ਅਸਲ ਢੰਗ ਸਮਝਣ ਦੇ ਵਿਚਾਰ ਪੈਦਾ ਹੁੰਦੇ ਹਨ। ਉਹ ਸਮਝਦੇ ਹਨ ਕਿ ਇਸ ਤੋਂ ਬਿਨਾਂ ਸ਼ਾਇਦ ਉਨ੍ਹਾਂ ਲਈ ਜ਼ਿੰਦਗੀ ਸੰਭਵ ਨਹੀਂ ਹੋ ਸਕਦੀ। ਉੱਥੇ ਹੀ ਉਨ੍ਹਾਂ ਦੇ ਮਾਲਕ ਧਨਾਢਾਂ ਲਈ ਇਹ ਵਿਚਾਰ ਕਾਰੋਬਾਰ ਨੂੰ ਅੱਗੇ ਵਧਾਉਣ, ਮੁਨਾਫ਼ਾ ਕਮਾਉਣ ਦੇ ਸਾਧਨ ਹਨ। ਇਹ ਉਹ ਜ਼ਮੀਨ ਹੈ ਜਿੱਥੋਂ ਅੱਜਕੱਲ੍ਹ ਦੇ ਬਹੁਤੇ ਪੰਜਾਬੀ ਗੀਤਕਾਰ ਆਪਣਾ ਕੱਚਾ-ਮਾਲ ਹਾਸਲ ਕਰਦੇ ਹਨ, ਬਹੁਤ ਸਾਰੇ ਗਾਇਕ/ਗੀਤਕਾਰ ਤਾਂ ਖ਼ੁਦ ਇਸ ਜ਼ਮੀਨ ਦੇ ਬੂਟੇ ਹਨ। ਇਨ੍ਹਾਂ ਵਿਚਾਰਾਂ ਨੂੰ ਗੀਤਾਂ ਰਾਹੀਂ ਸਮੁੱਚੇ ਸਮਾਜ ਵਿੱਚ ਰਸਾਈ ਮਿਲਦੀ ਹੈ ਅਤੇ ਗੀਤ ਇਨ੍ਹਾਂ ਵਿਚਾਰਾਂ ਨੂੰ ਸਮੁੱਚੇ ਸਮਾਜ ਦੇ ਵਿਚਾਰ ਬਣਾਉਣ ਦਾ ਇੱਕ ਸਾਧਨ ਬਣ ਜਾਂਦੇ ਹਨ। ਇਸ ਗੰਦ ਨਾਲ ਲਬਰੇਜ਼ ਇਹ ਗੀਤ ਸਿਰਫ਼ ਇਸੇ ਗੰਦਗੀ ਨੂੰ ਹੀ ਸਮਾਜ ਵਿੱਚ ਨਹੀਂ ਪ੍ਰਚਾਰਦੇ, ਸਗੋਂ ਇਹ ਹਰ ਤਰ੍ਹਾਂ ਦੀ ਵਿਚਾਰਕ ਗੰਦਗੀ ਨੂੰ ਮੁੜ-ਮੁੜ ਪੇਸ਼ ਕਰਦੇ ਹਨ। ਔਰਤ-ਵਿਰੋਧੀ ਮਾਨਸਿਕਤਾ, ਔਰਤ ਦੀ ਇੱਕ ਵਸਤੂ ਵਜੋਂ ਪੇਸ਼ਕਾਰੀ, ਅਖੌਤੀ ਉੱਚੀ ਜਾਤ ਦਾ ਹੰਕਾਰ, ਪਿੱਤਰਸੱਤਾ ਦੀ ਮਹਾਨਤਾ ਆਦਿ ਮੱਧਯੁਗੀ ਰੂੜ੍ਹੀਆਂ ਇਨ੍ਹਾਂ ਗੀਤਾਂ ਦਾ ਲਾਜ਼ਮੀ ਹਿੱਸਾ ਹਨ।

ਇਸ ਤਰ੍ਹਾਂ ਉਪਰੋਕਤ ਕਿਸਮ ਦੇ ਪੰਜਾਬੀ ਗੀਤਾਂ ਦੀ ਗੰਗਾ ਮੌਜੂਦਾ ਆਰਥਿਕ-ਸਮਾਜਿਕ ਢਾਂਚੇ ਵਿੱਚੋਂ ਨਿਕਲਦੀ ਹੈ, ਇਹੀ ਉਹ ਢਾਂਚਾ ਹੈ ਜਿਹੜਾ ਇਨ੍ਹਾਂ ਲਈ ਕੱਚਾ-ਮਾਲ ਵੀ ਪੈਦਾ ਕਰਦਾ ਹੈ ਅਤੇ ਨਾਲ ਹੀ ਖਪਤ ਲਈ ਮੰਡੀ ਵੀ। ਇਹ ਗੀਤ ਖ਼ੁਦ ਇੱਕ ਮੁਨਾਫ਼ਾ ਕੁੱਟਣ ਦਾ ਧੰਦਾ ਹਨ, ਜਿੱਥੇ ਇੱਕ ਪਾਸੇ ਧਨਾਢ ਇਸ ਵਿੱਚ ਪੈਸਾ ਲਗਾਉਂਦੇ ਹਨ, ਉੱਥੇ ਜਲਦੀ-ਜਲਦੀ ਪੈਸਾ ਕਮਾਉਣ ਤੇ ਮਸ਼ਹੂਰ ਹੋਣ ਲਈ ਨਿੱਤ ਨਵੇਂ ਗਾਇਕ/ਗੀਤਕਾਰ ਆ ਰਹੇ ਹਨ ਜਿਨ੍ਹਾਂ ਨੂੰ ਸਿਰਫ਼ ਪੈਸਾ ਦਿਖਦਾ ਹੈ। ਇਸ ਲਈ ਨਸ਼ਿਆਂ, ਹਥਿਆਰ-ਕਲਚਰ ਅਤੇ ਗੈਂਗਵਾਦ ਲਈ ਪੰਜਾਬੀ ਗੀਤਾਂ ਨੂੰ ਮੁੱਖ ਜ਼ਿੰਮੇਵਾਰ ਬਣਾ ਕੇ ਪੇਸ਼ ਕਰਨ ਨਾਲ ਅਸੀਂ ਉਸ ਢਾਂਚੇ ਨੂੰ ਦੋਸ਼ਮੁਕਤ ਕਰ ਦਿੰਦੇ ਹਾਂ ਜਿਹੜਾ ਇਨ੍ਹਾਂ ਸਮਾਜਿਕ ਕੋਝਾਂ ਲਈ ਅਸਲ ਜ਼ਿੰਮੇਵਾਰ ਹੈ।

(ਬਾਕੀ ਸਫ਼ਾ 31 'ਤੇ)

## ਬੀ.ਸੀ. ਪ੍ਰੀਮੀਅਰ ਨੇ ਬਿਸ਼ਨੋਈ ਗੈਂਗ ਨੂੰ

ਮਾਰਚ 2023 ਵਿੱਚ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਤੇ 12 ਹੋਰ ਜਣਿਆਂ ਦੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਜਿਹੀਆਂ ਜਥੇਬੰਦੀਆਂ ਨਾਲ ਸਬੰਧਾਂ ਬਾਰੇ ਕੇਸ ਵਿੱਚ ਚਾਰਜਸ਼ੀਟ ਦਾਇਰ ਕੀਤੀ ਸੀ। ਐੱਨ.ਆਈ.ਏ. ਨੇ ਆਪਣੀ ਪ੍ਰੈੱਸ ਰਿਲੀਜ਼ ਵਿੱਚ ਕਿਹਾ ਸੀ ਕਿ ਸਾਲ 2015 ਤੋਂ ਪੁਲਿਸ ਹਿਰਾਸਤ ਵਿੱਚ ਕੈਦ ਲਾਰੈਂਸ ਬਿਸ਼ਨੋਈ ਵੱਖ-ਵੱਖ ਜੇਲ੍ਹਾਂ ਵਿੱਚੋਂ ਕੈਨੇਡਾ ਵਿਚਲੇ ਗੋਲਡੀ ਬਰਾੜ ਨਾਲ ਰਲ ਕੇ 'ਟੈਰਰ-ਕ੍ਰਾਈਮ ਸਿੰਡੀਕੇਟ' ਚਲਾ ਰਿਹਾ ਹੈ। ਗੋਲਡੀ ਬਰਾੜ ਫ਼ਰੀਦਕੋਟ ਵਿੱਚ ਨਵੰਬਰ 2022 ਵਿੱਚ ਡੇਰਾ ਸੱਚਾ ਸੌਦਾ ਨਾਲ ਜੁੜੇ ਪ੍ਰਦੀਪ ਕੁਮਾਰ ਦੇ ਕਤਲ ਵਿੱਚ ਮੁਲਜ਼ਮ ਹੈ। ਐੱਨ.ਆਈ.ਏ. ਅਨੁਸਾਰ ਲਾਰੈਂਸ ਬਿਸ਼ਨੋਈ 'ਟੈਰਰ ਕ੍ਰਾਈਮ ਐਕਸਟਰੌਸ਼ਨ ਸਿੰਡੀਕੇਟ' ਦੀ ਮੋਹਾਲੀ ਵਿਚਲੇ ਪੰਜਾਬ ਸਟੇਟ ਇੰਟੈਲਿਜੈਂਸ ਹੈੱਡਕੁਆਰਟਰ ਉੱਤੇ ਹੋਏ ਆਰ.ਪੀ.ਜੀ. ਹਮਲੇ ਵਿੱਚ ਵੀ ਭੂਮਿਕਾ ਸੀ। ਜਨਵਰੀ 2024 ਵਿੱਚ ਜਾਰੀ ਕੀਤੀ ਗਈ ਪ੍ਰੈੱਸ ਰਿਲੀਜ਼ ਵਿੱਚ ਏਜੰਸੀ ਨੇ ਕਿਹਾ ਸੀ ਕਿ ਐੱਨ.ਆਈ.ਏ. ਨੇ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਸਾਥੀਆਂ ਦੇ ਸੰਗਠਤ ਅਪਰਾਧਕ ਸਿੰਡੀਕੇਟ ਦੇ ਖਿਲਾਫ਼ ਯੂ.ਏ.ਪੀ.ਏ. ਦੇ ਤਹਿਤ ਅਗਸਤ 2022 ਵਿੱਚ ਕੇਸ ਦਰਜ ਕੀਤਾ ਸੀ।

ਐੱਨ.ਆਈ.ਏ. ਨੇ ਕਿਹਾ ਸੀ ਕਿ ਇਹ ਨੈੱਟਵਰਕ ਵਪਾਰੀਆਂ ਅਤੇ ਪੇਸ਼ੇਵਰਾਂ ਕੋਲੋਂ ਵੱਡੇ ਪੱਧਰ ਉੱਤੇ ਫ਼ਿਰੌਤੀਆਂ ਲੈਣ ਵਿੱਚ ਸ਼ਾਮਲ ਸੀ।

ਲਾਰੈਂਸ ਬਿਸ਼ਨੋਈ ਪੰਜਾਬ ਦੀ ਬਠਿੰਡਾ ਜੇਲ੍ਹ ਤੇ ਦਿੱਲੀ ਦੀ ਤਿਹਾੜ ਜੇਲ੍ਹ ਸਣੇ ਵੱਖ-ਵੱਖ ਜੇਲ੍ਹਾਂ ਵਿੱਚ ਕੈਦ ਰਿਹਾ ਹੈ। ਫ਼ਿਲਹਾਲ ਉਹ ਭਾਰਤ ਦੇ ਗੁਜਰਾਤ ਸੂਬੇ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਹੈ।

ਵੱਖ-ਵੱਖ ਮੌਕਿਆਂ ਉੱਤੇ ਸਿਆਸੀ ਆਗੂਆਂ ਤੇ ਕਾਰਕੁਨਾਂ ਵੱਲੋਂ ਇਹ ਸਵਾਲ ਖੜ੍ਹਾ ਕੀਤਾ ਜਾਂਦਾ ਰਿਹਾ ਹੈ ਕਿ 'ਆਖ਼ਰ ਜੇਲ੍ਹ ਵਿੱਚ ਬੰਦ ਇੱਕ ਅਪਰਾਧੀ ਜੇਲ੍ਹ ਤੋਂ ਬਾਹਰ ਹੁੰਦੀਆਂ ਅਜਿਹੀਆਂ ਅਪਰਾਧਕ ਗਤੀਵਿਧੀਆਂ 'ਚ ਸਰਗਰਮ ਭੂਮਿਕਾ ਕਿਵੇਂ ਨਿਭਾਅ ਸਕਦਾ ਹੈ।'

ਇਸ ਤੋਂ ਇਲਾਵਾ ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਧਮਕੀਆਂ ਦਿੱਤੇ ਜਾਣ ਦੇ ਮਾਮਲੇ ਵਿੱਚ ਵੀ ਉਨ੍ਹਾਂ ਦਾ ਨਾਮ ਸਾਹਮਣੇ ਆਉਂਦਾ ਹੈ।

ਅਪ੍ਰੈਲ 2024 ਵਿੱਚ ਸਲਮਾਨ ਖਾਨ ਦੇ ਘਰ ਦੇ ਬਾਹਰ ਹੋਈ ਫ਼ਾਇਰਿੰਗ ਦੇ ਕੇਸ ਵਿੱਚ ਵੀ ਲਾਰੈਂਸ ਬਿਸ਼ਨੋਈ ਦਾ ਨਾਮ ਸਾਹਮਣੇ ਆਇਆ ਸੀ।

ਲਾਰੈਂਸ ਬਿਸ਼ਨੋਈ ਸਾਬਰਮਤੀ ਜੇਲ੍ਹ ਵਿੱਚ ਕਿਉਂ ਬੰਦ ਹੈ?

ਗੁਜਰਾਤ ਦੇ ਇੱਕ ਸੇਵਾਮੁਕਤ ਅਧਿਕਾਰੀ ਟੀ.ਐੱਸ. ਬਿਸ਼ਟ ਅਨੁਸਾਰ ਇਹ ਸੈੱਲ ਦੂਜੇ ਸੈੱਲਾਂ ਤੋਂ ਵੱਖਰਾ ਹੈ, ਇਸ ਵਿੱਚ ਡਬਲ ਰਿੰਗ ਸੁਰੱਖਿਆ ਹੈ। ਜੇਲ੍ਹ ਦੇ ਹੋਰ ਹਿੱਸਿਆਂ ਨਾਲੋਂ ਇੱਥੇ ਵਧੇਰੇ ਸਿਖਲਾਈ ਪ੍ਰਾਪਤ ਸਟਾਫ਼ ਮੌਜੂਦ ਹੈ ਅਤੇ ਇਨ੍ਹਾਂ ਉੱਚ ਸੁਰੱਖਿਆ ਸੈੱਲਾਂ ਦੇ ਆਲੇ-ਦੁਆਲੇ ਵਾਚ ਟਾਵਰ ਬਣਾਏ ਗਏ ਹਨ। 'ਗੁਜਰਾਤ ਜੇਲ੍ਹ ਮੈਨੂਅਲ' ਅਨੁਸਾਰ ਇਸ ਕਿਸਮ ਦੇ ਸੈੱਲ ਦੇ ਆਲੇ-ਦੁਆਲੇ ਇੱਕ 'ਨੋ-ਮੈਨਜ਼ ਲੈਂਡ' ਖੇਤਰ ਹੁੰਦਾ ਹੈ, ਜਿਸ ਵਿੱਚ ਸਿਰਫ਼ ਡਿਊਟੀ 'ਤੇ ਤਾਇਨਾਤ ਜੇਲ੍ਹ ਕਰਮਚਾਰੀ ਹੀ ਦਾਖ਼ਲ ਹੋ ਸਕਦੇ ਹਨ। ਇਸ ਸੈੱਲ ਵਿੱਚ ਕਿਸੇ ਵੀ ਕੈਦੀ ਨੂੰ ਅਦਾਲਤ ਦੀ ਸੁਣਵਾਈ ਲਈ ਬਾਹਰ ਨਹੀਂ ਕੱਢਿਆ ਜਾਂਦਾ। ਵੀਡੀਓ ਕਾਨਫ਼ਰੰਸ ਰਾਹੀਂ ਹੀ ਅਦਾਲਤ ਵਿੱਚ ਪੇਸ਼ੀ ਹੁੰਦੀ ਹੈ।

ਹਾਲਾਂਕਿ, ਬਿਸ਼ਨੋਈ ਅਤੇ ਉਸ ਵਰਗੇ ਕੁਝ ਹੋਰ ਕੈਦੀ ਜੋ ਉੱਚ ਸੁਰੱਖਿਆ ਸੈੱਲ ਵਿੱਚ ਬੰਦ ਹਨ, ਉਨ੍ਹਾਂ ਨੂੰ ਕਿਸੇ ਨਾਲ ਮਿਲਣ ਦੀ ਇਜਾਜ਼ਤ ਨਹੀਂ ਹੈ। ਜੇਲ੍ਹ ਦੇ ਕੈਦੀਆਂ ਨੂੰ ਆਮ ਤੌਰ 'ਤੇ ਹਫ਼ਤੇ ਵਿੱਚ ਦੋ ਦਿਨ ਮਿਲਣ ਦਾ ਮੌਕਾ ਦਿੱਤਾ ਜਾਂਦਾ ਹੈ।

ਸਤੰਬਰ-2022 ਵਿੱਚ ਜਦੋਂ ਤੋਂ ਭਾਰਤੀ ਤੱਟ ਰੱਖਿਅਕ ਅਤੇ ਗੁਜਰਾਤ ਏ.ਟੀ.ਐੱਸ. ਨੇ ਅਰਬ ਸਾਗਰ ਵਿੱਚ ਇੱਕ ਪਾਕਿਸਤਾਨੀ ਬੇੜੀ ਵਿੱਚੋਂ 40 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਸੀ ਤਾਂ ਉਦੋਂ ਤੋਂ ਹੀ ਲਾਰੈਂਸ ਬਿਸ਼ਨੋਈ ਦਾ ਨਾਮ ਗੁਜਰਾਤ ਮੀਡੀਆ ਵਿੱਚ ਅਕਸਰ ਸੁਣਾਈ ਦਿੰਦਾ ਰਿਹਾ ਹੈ।

ਜਦੋਂ ਗੁਜਰਾਤ ਐਂਟੀ-ਟੈਰਰਿਸਟ ਸਕੁਐਡ (ਏ.ਟੀ.ਐੱਸ.) ਕਾਰਵਾਈ ਕਰ ਰਿਹਾ ਸੀ ਤਾਂ ਉਹ ਪੰਜਾਬ ਦੀ ਕਪੂਰਥਲਾ ਜੇਲ੍ਹ ਵਿੱਚ ਬੰਦ ਸੀ।

ਜਦੋਂ ਬਿਸ਼ਨੋਈ ਨੂੰ 2023 ਵਿੱਚ ਗੁਜਰਾਤ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ, ਤਾਂ ਏ.ਟੀ.ਐੱਸ. ਦੇ ਪੁਲਿਸ ਸੁਪਰਡੈਂਟ ਸੁਨੀਲ ਜੋਸ਼ੀ ਨੇ ਕਿਹਾ ਸੀ ਕਿ ਸਾਡੀ ਜਾਣਕਾਰੀ ਮੁਤਾਬਕ, ਉਸ ਨੇ ਜੇਲ੍ਹ ਵਿੱਚ ਬੈਠ ਕੇ ਹੀ ਨਸ਼ੀਲੇ ਪਦਾਰਥਾਂ ਦੀ ਖੇਪ ਦਾ ਪ੍ਰਬੰਧ ਕੀਤਾ ਸੀ। ਗੁਜਰਾਤ ਦੇ ਸਮੁੰਦਰ ਤੋਂ ਫ਼ੜੇ ਗਏ ਨਸ਼ੀਲੇ ਪਦਾਰਥਾਂ ਦੀ ਖੇਪ ਉਸ ਦੇ ਲੋਕਾਂ ਲਈ ਆਈ ਸੀ।

****

## ਗਿ. ਗੁਰਮੁਖ ਸਿੰਘ ਦੀ ਅਕਾਲ ਤਖ਼ਤ ਸਾਹਿਬ

ਸੰਗਤ ਦਾ ਮੰਨਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਦੀ ਨਿਯੁਕਤੀ ਲਈ ਅਜਿਹੇ ਵਿਅਕਤੀ ਦੀ ਚੋਣ ਕੀਤੀ ਜਾਣੀ ਚਾਹੀਦੀ, ਜਿਸ ਦੀ ਪੰਥਕ ਸੇਵਾ, ਮਰਯਾਦਾ ਅਤੇ ਸਚਿਆਰੀ ਹੋਂਦ 'ਤੇ ਕੋਈ ਸ਼ੰਕਾ ਨਾ ਹੋਵੇ। ਪਰ ਗਿਆਨੀ ਗੁਰਮੁਖ ਸਿੰਘ ਦੀ ਨਿਯੁਕਤੀ ਨੇ ਇਸ ਮਾਪਦੰਡ ਨੂੰ ਪੂਰਾ ਨਹੀਂ ਕੀਤਾ। ਸੰਗਤ ਵਿੱਚ ਇਹ ਚਰਚਾ ਤੇਜ਼ ਹੈ ਕਿ ਕੀ ਸ਼੍ਰੋਮਣੀ ਕਮੇਟੀ ਨੇ ਇਹ ਫ਼ੈਸਲਾ ਕਿਸੇ ਰਾਜਨੀਤਕ ਦਬਾਅ ਜਾਂ ਸਿਆਸੀ ਸਮੀਕਰਨ ਨੂੰ ਸਾਧਣ ਲਈ ਲਿਆ ਹੈ? ਜੇਕਰ ਅਜਿਹਾ ਹੈ, ਤਾਂ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦੀ ਅਤੇ ਪਵਿੱਤਰਤਾ ਨਾਲ ਸਿੱਧਾ ਖਿਲਵਾੜ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਮੁੱਦੇ 'ਤੇ ਪੰਥਕ ਜਥੇਬੰਦੀਆਂ ਅਤੇ ਸੰਗਤ ਦੀ ਰਾਇ ਨੂੰ ਪ੍ਰਮੁੱਖਤਾ ਦੇਣੀ ਚਾਹੀਦੀ, ਤਾਂ ਜੋ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਅਤੇ ਸੰਗਤ ਦਾ ਵਿਸ਼ਵਾਸ ਬਰਕਰਾਰ ਰਹੇ।

***

## ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ

ਕਿਲ੍ਹਾ ਆਨੰਦਗੜ੍ਹ ਸਾਹਿਬ ਸੰਪਰਦਾ ਦੇ ਮੁਖੀ ਸੰਤ ਸੁੱਚਾ ਸਿੰਘ ਤੇ ਸੰਤ ਸਤਨਾਮ ਸਿੰਘ ਨਾਲ ਸ੍ਰੀ ਆਨੰਦਪੁਰ ਸਾਹਿਬ-ਗੜ੍ਹਸ਼ੰਕਰ ਮੁੱਖ ਮਾਰਗ ਦੇ ਚੱਲ ਰਹੇ ਉਸਾਰੀ ਕਾਰਜ ਦਾ ਦੌਰਾ ਕੀਤਾ। ਸ੍ਰੀ ਆਨੰਦਪੁਰ ਸਾਹਿਬ ਅੰਦਰ ਬੀੜੀ ਸਿਗਰਟ ਤੇ ਹੋਰ ਨਸ਼ੇ ਕਰਨ ਵਾਲੇ ਲੋਕਾਂ ਦੀ ਗਿਣਤੀ ਪਿਛਲੇ ਸਮੇਂ ਵਿੱਚ ਵਧੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਇਹ ਯਕੀਨੀ ਬਣਾਵੇ ਕਿ ਸ੍ਰੀ ਆਨੰਦਪੁਰ ਸਾਹਿਬ ਸ਼ਹਿਰ ਅੰਦਰ ਬੀੜੀ, ਸਿਗਰਟ, ਤੰਬਾਕੂ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ ਪੂਰਨ ਤੌਰ 'ਤੇ ਬੰਦ ਹੋਵੇ। ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰੂ ਕਾਲ ਤੋਂ ਚੱਲੀ ਆ ਰਹੀ ਆਨੰਦਪੁਰ ਸਾਹਿਬ ਦੀ ਪੁਰਾਤਨ ਦਿੱਖ ਨੂੰ ਵੀ ਬਰਕਰਾਰ ਰੱਖਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

***

## ਸ਼੍ਰੋਮਣੀ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਾ ਗੁਰੂ

ਇਹ ਨਗਰ ਬਿਲਾਸਪੁਰ ਰਿਆਸਤ ਦੇ ਰਾਜਾ ਦੀਪ ਚੰਦ ਦੀ ਰਾਣੀ ਚੰਪਾ ਰਾਣੀ ਤੋਂ ਪੰਜ ਪਿੰਡਾਂ ਦੀ ਜ਼ਮੀਨ ਮੁੱਲ ਖਰੀਦ ਕੇ ਵਸਾਇਆ ਸੀ ਅਤੇ ਜਿਸ ਦਾ ਪਹਿਲਾ ਨਾਂ ਗੁਰੂ ਜੀ ਨੇ ਆਪਣੀ ਮਾਤਾ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਸੀ ਜੋ ਹੁਣ ਦੁਨੀਆਂ ਵਿੱਚ ਖਾਲਸਾ ਪੰਥ ਦੇ ਘਰ ਕਰ ਕੇ ਜਾਣਿਆ ਜਾਂਦਾ ਹੈ। ਇਸ ਮੌਕੇ ਤਖ਼ਤ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰਾਂ ਦੀ ਰੌਸ਼ਨੀਆਂ ਰਾਹੀਂ ਸਜਾਵਟ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ, ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਸਾਬਕਾ ਮੁੱਖ ਗ੍ਰੰਥੀ ਗਿਆਨੀ ਸੁਖਵਿੰਦਰ ਸਿੰਘ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ ਮੌਜੂਦ ਸਨ।

***

## ਆਪਸੀ ਵਿਵਾਦ ਮਿਟਾਉਣ

ਸਿੱਖਾਂ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਬਾਰੇ ਸੋਚਣ ਵੱਲ ਧਿਆਨ ਦੇਣ ਦੀ ਥਾਂ ਇੱਕ-ਦੂਜੇ 'ਤੇ ਚਿੱਕੜ ਸੁੱਟਿਆ ਜਾ ਰਿਹਾ ਹੈ। ਅਨੇਕਾਂ ਕੁਰਬਾਨੀਆਂ ਦੇ ਕੇ ਹੋਂਦ ਵਿੱਚ ਆਈ ਇੱਕ ਸਦੀ ਪੁਰਾਣੀ ਪਾਰਟੀ ਆਪਣੀ ਹੋਂਦ ਬਚਾਉਣ ਦੇ ਸੰਕਟ ਨਾਲ ਜੂਝ ਰਹੀ ਹੈ। ਸਾਰੀਆਂ ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਆਪਣੀ ਇੱਕ ਵਿਸ਼ਵ ਵਿਆਪੀ ਸੰਸਥਾ ਦਾ ਗਠਨ ਕਰਨਾ ਚਾਹੀਦਾ ਹੈ, ਤਾਂ ਜੋ ਸਿੱਖਾਂ ਦੀ ਸਿਰਫ਼ ਧਾਰਮਿਕ ਅਗਵਾਈ ਹੀ ਨਾ ਹੋ ਸਕੇ, ਸਗੋਂ ਉਨ੍ਹਾਂ ਦੀ ਰਾਜਨੀਤਕ ਰੱਖਿਆ ਵੀ ਹੋਵੇ। ਇਸੇ ਕੌਂਸਲ ਦੇ ਨਿਰਦੇਸ਼ਾਂ ਅਨੁਸਾਰ ਸਿੱਖ ਬੱਚਿਆਂ ਵਿਸ਼ੇਸ਼ ਕਰਕੇ ਗਰੀਬ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਨੂੰ ਹੁਨਰੀ ਬਣਾਉਣ ਅਤੇ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਦਾ ਵੀ ਪ੍ਰਬੰਧ ਕੀਤਾ ਜਾਵੇ। ਅਸੀਂ ਸਾਰੇ ਸੰਸਾਰ ਵਿੱਚ ਲੋੜਵੰਦਾਂ ਤੇ ਮੁਸੀਬਤ ਵਿੱਚ ਫ਼ਸੇ ਲੋਕਾਂ ਦੀ ਸਹਾਇਤਾ ਕਰਦੇ ਹਾਂ ਪਰ ਆਪਣੇ ਲੋੜਵੰਦਾਂ ਦੀ ਸਹਾਇਤਾ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਉਹ ਹੋਰਾਂ ਦੇ ਬਹਿਕਾਵੇ ਵਿੱਚ ਆ ਕੇ ਆਪਣਾ ਧਰਮ ਤਿਆਗ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਨਾਨਕ ਸਾਹਿਬ ਨੇ ਹੀ ਗਰੀਬ, ਬੇਸਹਾਰਾ, ਧਾਰਮਿਕ ਅਤੇ ਰਾਜਸੀ ਜ਼ੁਲਮ ਦੇ ਸ਼ਿਕਾਰ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਮੁਹਿੰਮ ਸ਼ੁਰੂ ਕੀਤੀ ਸੀ। ਸਿੱਖੀ ਵਿੱਚ ਭਾਰੂ ਹੋ ਰਹੇ ਵਿਖਾਵੇ ਦੀ ਥਾਂ ਲੋੜਵੰਦਾਂ ਦੀ ਬਾਂਹ ਫ਼ੜੀ ਜਾਵੇ, ਤਾਂ ਜੋ ਗੁਰੂ ਸਾਹਿਬਾਨ ਵੱਲੋਂ ਬਖ਼ਸ਼ਿਸ਼ ਜੀਵਨ ਜਾਚ ਨੂੰ ਵਿਸ਼ਵ ਵਿੱਚ ਪ੍ਰਚਾਰਿਆ ਜਾ ਸਕੇ। ਇਸ ਸਮੇਂ ਸੰਸਾਰ ਵਿੱਚ ਸ਼ਾਂਤੀ, ਬਰਾਬਰੀ ਅਤੇ ਇਨਸਾਫ਼ ਲਈ ਮੁਹਿੰਮ ਦੀ ਲੋੜ ਹੈ, ਜਿਸ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਹੀ ਕਰ ਸਕਦੇ ਹਨ।

## ਬਹੁਤ ਪੁਰਾਣੀ ਹੈ ਅਮਰੀਕਾ ਅਤੇ ਪਾਕਿਸਤਾਨ

ਜਿੱਥੇ ਅੱਤਵਾਦ ਉਨ੍ਹਾਂ ਲਈ ਖ਼ਤਰਾ ਬਣ ਜਾਂਦਾ ਹੈ, ਉਹ ਉਸ ਦੀ ਸਿਰੀ ਨੱਪਣੋਂ ਵੀ ਨਹੀਂ ਝਿਜਕਦੇ, ਭਾਵੇਂ ਉਨ੍ਹਾਂ ਨੂੰ ਆਪਣੀ ਕਥਿਤ ਅੱਤਵਾਦ ਵਿਰੋਧੀ ਜੰਗ ਦੇ ਨਾਂ 'ਤੇ ਹੋਰ ਮੁਲਕਾਂ 'ਤੇ ਹਮਲਾ ਹੀ ਨਾ ਕਰਨਾ ਪਵੇ। ਹੋਰ ਵੀ ਕਈ ਮੁੱਦਿਆਂ 'ਤੇ ਵਿਕਸਤ ਦੇਸ਼ਾਂ ਦੇ ਦੋਹਰੇ ਮਾਪਦੰਡ ਜੱਗ ਜ਼ਾਹਰ ਹਨ। ਇਰਾਨ ਇਸ ਦੀ ਤਾਜ਼ਾ ਮਿਸਾਲ ਹੈ। ਉਸ ਦਾ ਪਰਮਾਣੂ ਪ੍ਰੋਗਰਾਮ ਰੋਕਣ ਲਈ ਅਮਰੀਕਾ ਦੀ ਸ਼ਹਿ 'ਤੇ ਇਜ਼ਰਾਇਲ ਉਸ 'ਤੇ ਹਮਲਾਵਰ ਹੈ। ਉਨ੍ਹਾਂ ਨੂੰ ਇਰਾਨ ਦਾ ਪਰਮਾਣੂ ਪ੍ਰੋਗਰਾਮ ਦੁਨੀਆ ਦੀ ਸ਼ਾਂਤੀ ਲਈ ਖ਼ਤਰਾ ਲੱਗਦਾ ਹੈ ਜਦਕਿ ਪਾਕਿਸਤਾਨ ਕੋਲ ਵੀ ਪਰਮਾਣੂ ਹਥਿਆਰ ਹਨ ਪਰ ਉਹ ਉਨ੍ਹਾਂ ਦੀ ਨਜ਼ਰ 'ਚ ਇੱਕ ਜ਼ਿੰਮੇਵਾਰ ਮੁਲਕ ਹੈ। ਜੇ ਅਮਰੀਕਾ, ਇਜ਼ਰਾਇਲ-ਇਰਾਨ ਜੰਗ 'ਚ ਕੁੱਦਦਾ ਹੈ ਤਾਂ ਉਸ ਨੂੰ ਪਾਕਿਸਤਾਨ ਦੀ ਬਹੁਤ ਲੋੜ ਪੈਣੀ ਹੈ। ਇਸੇ ਲਈ ਟਰੰਪ ਪਾਕਿਸਤਾਨ 'ਤੇ ਮਿਹਰਬਾਨ ਦਿਸ ਹਨ।

***

## ਜ਼ਿਮਨੀ ਚੋਣ ਦਾ ਮੇਲਾ ਆਮ ਆਦਮੀ ਪਾਰਟੀ ਨੇ

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਇਸ ਚੋਣ ਦੌਰਾਨ ਆਮ ਆਦਮੀ ਪਾਰਟੀ ਦੀ ਜਿੱਤ ਵਿੱਚ ਉਸ ਵੱਲੋਂ ਪੰਜਾਬ ਦੇ ਆਮ ਲੋਕਾਂ ਲਈ ਕੀਤੇ ਗਏ ਕੰਮਾਂ ਨੇ ਮੁੱਖ ਭੂਮਿਕਾ ਨਿਭਾਈ ਹੈ। ਪੰਜਾਬ ਦੀ 'ਆਪ' ਸਰਕਾਰ ਵੱਲੋਂ ਘਰੇਲੂ ਸੈਕਟਰ ਲਈ 300 ਯੂਨਿਟ ਮੁਫ਼ਤ ਬਿਜਲੀ ਦੇਣ, ਮੁਹੱਲਾ ਕਲੀਨਿਕ ਖੋਲ੍ਹਣ ਤੇ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਦੇਣ, ਜ਼ਮੀਨਾਂ ਦੀ ਰਜਿਸਟਰੀ ਨੂੰ ਆਸਾਨ ਬਣਾਉਣ ਦੇ ਕੰਮਾਂ ਨੂੰ ਲੋਕਾਂ ਨੇ ਚੰਗਾ ਸਮਝਿਆ, ਜਿਸ ਦੇ ਨਤੀਜੇ ਵਜੋਂ ਇਸ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਪੱਕੀ ਹੋਈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਲੁਧਿਆਣਾ ਪੱਛਮੀ ਹਲਕੇ ਵਿੱਚ ਵਪਾਰੀਆਂ ਅਤੇ ਉਦਯੋਗਪਤੀਆਂ ਦੀ ਵੱਡੀ ਗਿਣਤੀ ਹੈ। ਕਿਸਾਨਾਂ ਦੇ ਧਰਨਿਆਂ ਕਾਰਨ ਇਹਨਾਂ ਉਦਯੋਗਪਤੀਆਂ ਅਤੇ ਵਪਾਰੀਆਂ ਦਾ ਵੱਡਾ ਨੁਕਸਾਨ ਹੋ ਰਿਹਾ ਸੀ। ਪੰਜਾਬ ਦੀ 'ਆਪ ਸਰਕਾਰ' ਨੇ ਕਿਸਾਨਾਂ ਦੇ ਧਰਨੇ ਹਟਵਾ ਕੇ ਪੰਜਾਬ ਦੇ ਦਿਹਾਤੀ ਲੋਕਾਂ ਨੂੰ ਤਾਂ ਭਾਵੇਂ ਨਾਰਾਜ਼ ਕਰ ਲਿਆ ਸੀ ਪਰ ਸ਼ਹਿਰੀ ਵਰਗ ਨੂੰ ਕਿਸਾਨਾਂ ਦੇ ਧਰਨੇ ਹਟਵਾਏ ਜਾਣ ਨਾਲ ਵੱਡੀ ਰਾਹਤ ਮਿਲੀ ਸੀ। ਇਸ ਜ਼ਿਮਨੀ ਚੋਣ ਤੋਂ ਪਹਿਲਾਂ ਲੁਧਿਆਣਾ ਦੇ ਲੋਕਾਂ ਨੇ ਪੰਜਾਬ ਦੀ 'ਆਪ' ਸਰਕਾਰ ਤੋਂ ਨੈਸ਼ਨਲ ਹਾਈਵੇ ਤੋਂ ਕਿਸਾਨਾਂ ਦੇ ਧਰਨੇ ਹਟਵਾਉਣ ਦੀ ਮੰਗ ਕੀਤੀ ਸੀ ਤੇ ਸਰਕਾਰ ਨੇ ਉਹਨਾਂ ਦੀ ਮੰਗ ਮੰਨਦਿਆਂ ਇਹ ਧਰਨੇ ਜ਼ਬਰਦਸਤੀ ਚੁੱਕਵਾ ਦਿੱਤੇ ਸਨ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਪੰਜਾਬ ਦੀ 'ਆਪ' ਸਰਕਾਰ ਨੇ ਪੰਜਾਬ ਖਾਸ ਕਰਕੇ ਲੁਧਿਆਣਾ ਦੇ ਲੋਕਾਂ ਦੀ ਮੰਗ ਪੂਰੀ ਕੀਤੀ ਸੀ ਤਾਂ ਵਪਾਰੀਆਂ ਅਤੇ ਉਦਯੋਗਪਤੀਆਂ ਨੇ ਆਮ ਆਦਮੀ ਪਾਰਟੀ ਦੀਆਂ ਉਮੀਦਾਂ ਪੂਰੀਆਂ ਕੀਤੀਆਂ ਹਨ। ਇਸ ਚੋਣ ਤੋਂ ਮਿਲੀ ਜਿੱਤ ਵਿੱਚ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਏਨੀ ਖੁਸ਼ ਹੈ ਕਿ ਉਸ ਨੇ ਐਲਾਨ ਕਰ ਦਿੱਤਾ ਹੈ ਕਿ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੀ ਭਗਵੰਤ ਮਾਨ ਦੀ ਅਗਵਾਈ ਵਿੱਚ ਲੜੀਆਂ ਜਾਣਗੀਆਂ। ਇਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਗਵੰਤ ਮਾਨ ਨੂੰ ਹੀ ਪਾਰਟੀ ਦਾ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਹੁਣੇ ਤੋਂ ਐਲਾਨ ਦਿੱਤਾ ਹੈ। ਆਪ ਸੁਪਰੀਮੋ ਕੇਜਰੀਵਾਲ ਨੇ ਤਾਂ ਵੱਡੇ ਹੌਂਸਲੇ ਵਿੱਚ ਆ ਕੇ ਕਹਿ ਦਿੱਤਾ ਹੈ ਕਿ ਸਾਲ 2022 ਦੌਰਾਨ ਪੰਜਾਬ 'ਚ ਆਮ ਆਦਮੀ ਪਾਰਟੀ ਦੀ 'ਹਨੇਰੀ' ਆਈ ਸੀ ਤੇ ਸਾਲ 2027 ਦੌਰਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ 'ਝੱਖੜ' ਆਵੇਗਾ।

ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜੇ ਦਾ ਪੰਜਾਬ ਦੀ ਸਿਆਸਤ 'ਤੇ ਵੀ ਵੱਡਾ ਪ੍ਰਭਾਵ ਪੈਣਾ ਲਾਜ਼ਮੀ ਹੈ। ਇਸ ਨਤੀਜੇ ਨਾਲ ਪੰਜਾਬ ਦੀ ਸਿਆਸਤ ਦੀ ਦਿਸ਼ਾ ਅਤੇ ਦਸ਼ਾ ਬਦਲਣ ਦੇ ਆਸਾਰ ਬਣ ਗਏ ਹਨ। ਇਸ ਚੋਣ ਤੋਂ ਬਾਅਦ ਆਮ ਆਦਮੀ ਪਾਰਟੀ ਜਿਥੇ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਕੇ ਨਿਕਲੀ ਹੈ, ਉਥੇ ਕਾਂਗਰਸ, ਭਾਜਪਾ ਅਤੇ ਬਾਦਲ ਦਲ ਨੂੰ ਵੀ ਆਪਣੀ ਹਾਰ ਦੇ ਕਾਰਨਾਂ ਸਬੰਧੀ ਸੋਚ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਹੈ। ਆਉਣ ਵਾਲੇ ਦਿਨਾਂ ਦੌਰਾਨ ਇਸ ਚੋਣ ਦੇ ਨਤੀਜੇ ਦਾ ਪ੍ਰਭਾਵ ਪੰਜਾਬ ਦੇ ਸਿਆਸੀ ਦ੍ਰਿਸ਼ 'ਤੇ ਵੀ ਵੇਖਣ ਨੂੰ ਮਿਲੇਗਾ।

***

## ਮੋਦੀ ਦੇ ਗੜ੍ਹ ਗੁਜਰਾਤ 'ਚ ਵੀ

ਉਹਨਾਂ ਸਿਆਸੀ ਆਗੂਆਂ ਨੂੰ ਗੁਜਰਾਤ ਜ਼ਿਮਨੀ ਚੋਣ ਵਿਰੋਧੀ ਧਿਰ ਵਿੱਚ ਰਹਿੰਦਿਆਂ ਵੱਡੇ ਅੰਤਰ ਨਾਲ ਜਿੱਤ ਕੇ ਆਮ ਆਦਮੀ ਪਾਰਟੀ ਨੇ ਸੋਚਾਂ ਵਿੱਚ ਪਾ ਦਿੱਤਾ ਹੈ। ਪੰਜਾਬ ਅਤੇ ਗੁਜਰਾਤ ਦੀਆਂ ਜ਼ਿਮਨੀ ਚੋਣਾਂ ਵਿੱਚ 'ਆਪ' ਨੂੰ ਮਿਲੀ ਜਿੱਤ ਤੋਂ ਬਾਅਦ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਦੇ ਵੱਖ- ਵੱਖ ਸੂਬਿਆਂ ਦੇ ਸਿਆਸੀ ਦ੍ਰਿਸ਼ 'ਚ ਆਮ ਵੋਟਰ ਆਮ ਆਦਮੀ ਪਾਰਟੀ 'ਚ ਨਵੀਂਆਂ ਸੰਭਾਵਨਾਵਾਂ ਤਲਾਸ਼ ਰਹੇ ਹਨ। ਗੁਜਰਾਤ 'ਚ ਵੀ ਪੰਜਾਬ ਵਾਂਗ ਹੀ ਸਾਲ 2027 ਦੌਰਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸੇ ਕਾਰਨ ਇਹਨਾਂ ਜ਼ਿਮਨੀ ਚੋਣਾਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀਫ਼ਾਈਨਲ ਮੰਨਿਆ ਜਾ ਰਿਹਾ ਹੈ।

***

## ਸਵਾਲਾਂ ਦੇ ਘੇਰੇ 'ਚ ਹੈ ਮੀਡੀਆ

ਕਈ ਵਾਰ ਇਹਨਾਂ ਬਹਿਸਾਂ ਦੌਰਾਨ ਬਹਿਸ ਕਰਨ ਵਾਲਿਆਂ ਦੀ ਭਾਸ਼ਾ ਗ਼ੈਰ ਮਿਆਰੀ ਹੋ ਜਾਂਦੀ ਹੈ। ਇਹ ਠੀਕ ਹੈ ਕਿ ਖੇਡਾਂ ਅਤੇ ਹੋਰ ਵਿਸ਼ਿਆਂ ਬਾਰੇ ਵੀ ਅਕਸਰ ਬਹਿਸਾਂ ਕਰਵਾਈਆਂ ਜਾਂਦੀਆਂ ਹਨ, ਜਿਨ੍ਹਾਂ ਤੋਂ ਦਰਸ਼ਕਾਂ ਨੂੰ ਖੇਡਾਂ ਦੀਆਂ ਬਾਰੀਕੀਆਂ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ।

ਵੱਖ- ਵੱਖ ਚੈਨਲਾਂ 'ਤੇ ਵਿਖਾਏ ਜਾਂਦੇ ਪ੍ਰੋਗਰਾਮ ਤੇ ਸੀਰੀਅਲ ਵੀ ਅਕਸਰ ਵਿਵਾਦਾਂ ਦਾ ਕਾਰਨ ਬਣਦੇ ਹਨ। ਹੁਣ ਯਾਦ ਕਰੋ ਉਹ ਵੇਲਾ, ਜਦੋਂ ਦੂਰਦਰਸ਼ਨ 'ਤੇ ਸੀਰੀਅਲ ਆਉਂਦੇ ਸਨ ਤਾਂ ਵੱਡੀ ਗਿਣਤੀ ਪਰਿਵਾਰ ਇਕੱਠੇ ਬੈਠ ਕੇ ਇਹ ਸੀਰੀਅਲ ਵੇਖਦੇ ਸਨ। ਹੁਣ ਤਾਂ ਕਈ ਚੈਨਲਾਂ 'ਤੇ ਅਜਿਹੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਪਰਿਵਾਰ ਵਿੱਚ ਬੈਠ ਕੇ ਵੇਖਣਾ ਮੁਸ਼ਕਿਲ ਹੋ ਜਾਂਦਾ ਹੈ।

ਕਹਿਣ ਦਾ ਭਾਵ ਇਹ ਹੈ ਕਿ ਅੱਜ-ਕੱਲ੍ਹ ਮੀਡੀਆ ਦੀ ਭਰੋਸੇਯੋਗਤਾ 'ਤੇ ਸਵਾਲ ਖੜੇ ਹੋ ਰਹੇ ਹਨ। ਹੁਣ ਟੀ.ਵੀ. ਚੈਨਲਾਂ 'ਤੇ ਪੇਸ਼ ਕੀਤੀਆਂ ਜਾਂਦੀਆਂ ਖ਼ਬਰਾਂ 'ਤੇ ਲੋਕ ਆਸਾਨੀ ਨਾਲ ਵਿਸ਼ਵਾਸ ਨਹੀਂ ਕਰਦੇ। ਨਿਊਜ਼ ਚੈਨਲਾਂ ਦੀ ਥਾਂ ਅਜੇ ਵੀ ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ 'ਤੇ ਵਧੇਰੇ ਵਿਸ਼ਵਾਸ ਕੀਤਾ ਜਾਂਦਾ ਹੈ। ਕੁਝ ਅਖ਼ਬਾਰਾਂ ਨੇ ਅੱਜ ਵੀ ਖ਼ਬਰਾਂ ਦੀ ਭਰੋਸੇਯੋਗਤਾ ਨੂੰ ਕਾਇਮ ਰੱਖਿਆ ਹੋਇਆ ਹੈ। ਜਿਸ ਤਰੀਕੇ ਨਾਲ ਟੀ.ਵੀ. ਚੈਨਲਾਂ 'ਤੇ ਪੇਸ਼ ਕੀਤੀਆਂ ਜਾਂਦੀਆਂ ਖ਼ਬਰਾਂ ਦੀ ਭਰੋਸੇਯੋਗਤਾ ਸਵਾਲਾਂ ਦੇ ਘੇਰੇ ਵਿੱਚ ਆ ਰਹੀ ਹੈ, ਉਹ ਚਿੰਤਾ ਦਾ ਵਿਸ਼ਾ ਹੈ।

***

## ਵਿਸ਼ਵ 'ਚ ਫ਼ੈਲੇ ਤਣਾਅ ਦੌਰਾਨ ਸੁਰੱਖਿਅਤ

2019 ਵਿੱਚ ਵਿਗਿਆਨੀਆਂ ਨੇ ਅੰਦਾਜ਼ਾ ਲਾਇਆ ਸੀ ਕਿ 2025 ਵਿੱਚ ਭਾਰਤ-ਪਾਕਿਸਤਾਨ ਵਿਚਕਾਰ ਅੱਤਵਾਦੀ ਹਮਲਾ ਪਰਮਾਣੂ ਯੁੱਧ ਦਾ ਕਾਰਨ ਬਣ ਸਕਦਾ ਹੈ, ਜੋ ਅਸਲੀਅਤ ਵੱਲ ਵਧ ਰਿਹਾ ਹੈ। ਬੀਤੇ ਸਮੇਂ ਦੌਰਾਨ 2025 ਵਿੱਚ ਪਹਿਲਗਾਮ ਅੱਤਵਾਦੀ ਹਮਲੇ ਵਿੱਚ 26 ਸੈਲਾਨੀ ਮਾਰੇ ਗਏ ਸਨ। 'ਦ ਰਜ਼ਿਸਟੈਂਟ ਫ਼ਰੰਟ', ਜੋ ਲਸ਼ਕਰ-ਏ-ਤਾਇਬਾ ਦੀ ਸ਼ਾਖਾ ਮੰਨਿਆ ਜਾਂਦਾ ਹੈ, ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਸੀ।

ਭਾਰਤ ਨੇ ਪਾਕਿਸਤਾਨ 'ਤੇ ਸਰਹੱਦ ਪਾਰ ਅੱਤਵਾਦ ਨੂੰ ਸਮਰਥਨ ਦੇਣ ਦਾ ਦੋਸ਼ ਲਾਇਆ, ਜਿਸ ਕਾਰਨ ਸਿੰਧੂ ਜਲ ਸੰਧੀ ਮੁਅੱਤਲ ਕਰ ਦਿੱਤੀ ਸੀ, ਸਰਹੱਦਾਂ ਬੰਦ ਕਰ ਦਿੱਤੀਆਂ ਸਨ, ਤੇ 7 ਮਈ 2025 ਨੂੰ ਪਾਕਿਸਤਾਨ ਵਿੱਚ 9 ਸਟੀਕ ਸਟ੍ਰਾਈਕ ਕੀਤੀਆਂ ਗਈਆਂ ਸਨ। ਭਾਰਤ ਪਾਕਿਸਤਾਨ ਦਰਮਿਆਨ ਝੜਪਾਂ ਵੀ ਹੋਈਆਂ ਸਨ।

ਗਲੋਬਲ ਪੀਸ ਇੰਡੈਕਸ 2025 ਵਿੱਚ ਭਾਰਤ 115ਵੇਂ ਸਥਾਨ 'ਤੇ ਹੈ। ਭਾਰਤ ਦਾ ਦਰਜਾ ਪਿਛਲੇ ਸਾਲ ਵੀ ਇਹੀ ਸੀ ਅਤੇ ਪਿਛਲੇ ਇੱਕ ਸਾਲ ਵਿੱਚ ਇਸ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ। ਹਾਲਾਂ ਕਿ, ਇਸ ਸਮੇਂ ਦੌਰਾਨ, ਅੱਤਵਾਦੀਆਂ ਲਈ ਸੁਰੱਖਿਅਤ ਪਨਾਹਗਾਹ ਮੰਨੇ ਜਾਣ ਵਾਲੇ ਪਾਕਿਸਤਾਨ ਦੀ ਦਰਜਾਬੰਦੀ ਵਿੱਚ ਸੁਧਾਰ ਹੋਇਆ ਹੈ। ਪਾਕਿਸਤਾਨ ਦੀ ਦਰਜਾਬੰਦੀ ਵਿੱਚ ਇੱਕ ਅੰਕ ਦਾ ਵਾਧਾ ਹੋਇਆ ਹੈ ਅਤੇ ਇਸ ਵਾਰ ਇਹ 144ਵੇਂ ਸਥਾਨ 'ਤੇ ਹੈ। ਪਾਕਿਸਤਾਨ ਦਾ ਦੋਸਤ ਤੁਰਕੀ 146ਵੇਂ ਸਥਾਨ 'ਤੇ ਇਸ ਤੋਂ ਦੋ ਅੰਕ ਹੇਠਾਂ ਹੈ।

## ਵਿਸ਼ਵ ਪਰਮਾਣੂ ਯੁੱਧ ਦਾ ਖ਼ਤਰਾ

ਪਰ ਟਰੰਪ ਦੀ ਪਾਕਿਸਤਾਨ ਨਾਲ ਨੇੜਤਾ ਨੇ ਭਾਰਤ ਨੂੰ ਖ਼ਤਰਾ ਮਹਿਸੂਸ ਕਰਾਇਆ ਹੈ। ਫ਼ਾਈਨੈਂਸ਼ੀਅਲ ਟਾਈਮਜ਼ ਦੇ ਅਨੁਸਾਰ, ਕਸ਼ਮੀਰ ਮੁੱਦੇ 'ਤੇ ਭਾਰਤ ਦੀ ਵਿਦੇਸ਼ ਨੀਤੀ ਇਸ ਤੱਥ 'ਤੇ ਅਧਾਰਿਤ ਹੈ ਕਿ ਪਾਕਿਸਤਾਨ ਨੂੰ ਵਿਸ਼ਵ ਨੇਤਾਵਾਂ ਵਿੱਚ ਬਰਾਬਰ ਵਾਂਗ ਸਥਾਨ ਨਹੀਂ ਦੇਣਾ ਚਾਹੀਦਾ, ਪਰ ਹੁਣ ਡੋਨਾਲਡ ਟਰੰਪ ਦੀ ਦੋਗਲੀ ਨੀਤੀ ਦੇ ਸਾਹਮਣੇ ਇਹ ਕਾਫ਼ੀ ਮੁਸ਼ਕਿਲ ਜਾਪਦਾ ਹੈ। ਟਰੰਪ ਵਾਰ-ਵਾਰ ਕਸ਼ਮੀਰ 'ਤੇ ਵਿਚੋਲਗੀ ਦੀ ਗੱਲ ਕਰ ਰਹੇ ਹਨ ਅਤੇ ਅਸੀਮ ਮੁਨੀਰ ਉਨ੍ਹਾਂ ਨੂੰ ਨੋਬਲ ਪੁਰਸਕਾਰ ਦਾ ਉਮੀਦਵਾਰ ਕਹਿ ਰਹੇ ਹਨ। ਇਹ ਗੱਲਾਂ ਭਾਰਤ ਲਈ ਯਕੀਨੀ ਤੌਰ 'ਤੇ ਪਰੇਸ਼ਾਨ ਕਰਨ ਵਾਲੀਆਂ ਹਨ।

ਫ਼ਾਈਨੈਂਸ਼ੀਅਲ ਟਾਈਮਜ਼ ਨੇ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਨਾਲ ਆਪਣੇ ਨਿੱਘੇ ਨਿੱਜੀ ਸਬੰਧਾਂ 'ਤੇ ਭਰੋਸਾ ਕਰਨ ਦੀ ਗਲਤੀ ਕੀਤੀ ਹੈ। ਨਿੱਜੀ ਸਬੰਧ ਬਣਾਉਣ ਦੀ ਮੋਦੀ ਦੀ ਕੂਟਨੀਤਕ ਰਣਨੀਤੀ, ਜਿਸ 'ਤੇ ਭਾਰਤ ਪਿਛਲੇ ਦਹਾਕੇ ਤੋਂ ਅਮਰੀਕੀ ਰਾਸ਼ਟਰਪਤੀ ਅਤੇ ਹੋਰ ਨੇਤਾਵਾਂ ਉੱਪਰ ਭਰੋਸਾ ਕਰ ਰਿਹਾ ਹੈ, ਹੁਣ ਸਵਾਲਾਂ ਦੇ ਘੇਰੇ ਵਿੱਚ ਹੈ। ਅੱਜ ਦੁਨੀਆ ਬਹੁਤ ਸਾਰੇ ਟਕਰਾਵਾਂ ਵਿੱਚ ਫ਼ਸੀ ਹੋਈ ਹੈ ਅਤੇ ਵਿਸ਼ਵ-ਵਿਆਪੀ ਹਫ਼ੜਾ-ਦਫ਼ੜੀ ਦੀ ਸਥਿਤੀ ਨਵੀਂ ਹਕੀਕਤ ਹੈ, ਜਿਸ ਵਿੱਚ ਅਮਰੀਕਾ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

ਗਲੋਬਲ ਪੀਸ ਇੰਡੈਕਸ 2025 ਦੀ ਰਿਪੋਰਟ ਦੱਸਦੀ ਹੈ ਕਿ ਅਸ਼ਾਂਤੀ ਵਧ ਰਹੀ ਹੈ, ਖਾਸ ਕਰਕੇ ਭਾਰਤ-ਪਾਕਿਸਤਾਨ ਵਰਗੇ ਖੇਤਰਾਂ ਵਿੱਚ। ਪਾਕਿਸਤਾਨ ਤੋਂ ਭਾਰਤ ਨੂੰ ਅੱਤਵਾਦ ਤੇ ਪਰਮਾਣੂ ਜੰਗ ਦਾ ਖਤਰਾ ਹੈ।

## ਇਰਾਨ ਤੇ ਇਜ਼ਰਾਇਲ ਵਿਚਾਲੇ ਜਿੱਤ ਦਾ ਤਾਜ

ਅਲ ਜਜ਼ੀਰਾ ਅਤੇ ਗਾਰਡੀਅਨ ਮੁਤਾਬਕ, ਇਜ਼ਰਾਇਲ ਦੀਆਂ ਨੀਤੀਆਂ, ਜਿਵੇਂ ਵੈਸਟ ਬੈਂਕ ਅਤੇ ਗ਼ਾਜ਼ਾ 'ਤੇ ਕਬਜ਼ਾ, ਨੇ ਇਸ ਸੁਪਨੇ ਨੂੰ ਸਿਆਸੀ ਅਤੇ ਧਾਰਮਿਕ ਉਲਝਣ ਵਿੱਚ ਫ਼ਸਾ ਦਿੱਤਾ। ਇਰਾਨ ਨਾਲ ਜੰਗ ਨੇ ਇਜ਼ਰਾਇਲ ਦੀ ਸੁਰੱਖਿਆ ਨੂੰ ਹੋਰ ਮੁਸ਼ਕਿਲ ਕਰ ਦਿੱਤਾ। ਮੋਸਾਦ ਦੀਆਂ ਸਰਜੀਕਲ ਸਟਰਾਈਕਸ ਅਤੇ ਅਮਰੀਕੀ ਸਮਰਥਨ ਦੇ ਬਾਵਜੂਦ, ਇਰਾਨ ਦਾ ਪਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਰੁਕਿਆ ਨਹੀਂ। ਰੂਸ ਅਤੇ ਚੀਨ ਨੇ ਇਰਾਨ ਦੀ ਅਸਿੱਧੀ ਮਦਦ ਕੀਤੀ, ਜਿਸ ਨੇ ਇਜ਼ਰਾਇਲ ਅਤੇ ਅਮਰੀਕਾ ਦੀਆਂ ਯੋਜਨਾਵਾਂ 'ਤੇ ਪਾਣੀ ਫ਼ੇਰ ਦਿੱਤਾ। ਗਲੋਬਲ ਟਾਈਮਜ਼ ਮੁਤਾਬਕ, ਜੇ ਰੂਸ ਅਤੇ ਚੀਨ ਦਾ ਸਮਰਥਨ ਖੁੱਲ੍ਹਾ ਹੋ ਜਾਂਦਾ, ਤਾਂ ਸਥਿਤੀ ਵਿਸ਼ਵ ਜੰਗ ਵੱਲ ਵਧ ਸਕਦੀ ਸੀ। ਭਾਰਤ ਦੀ ਗੱਲ ਕਰੀਏ, ਤਾਂ ਉਹ ਇਸ ਜੰਗ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਸੀ, ਪਰ ਮੱਧ ਪੂਰਬ ਵਿੱਚ ਅਸਥਿਰਤਾ ਨੇ ਭਾਰਤ ਦੀ ਊਰਜਾ ਸਪਲਾਈ ਅਤੇ ਵਪਾਰ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤ ਨੇ ਨਿਰਪੱਖ ਸਟੈਂਡ ਰੱਖਿਆ, ਪਰ ਅਮਰੀਕਾ ਦੀ ਇਕਪਾਸੜ ਨੀਤੀਆਂ 'ਤੇ ਸਵਾਲ ਨਾ ਉਠਾਉਣ ਕਰਕੇ ਅੰਤਰਰਾਸ਼ਟਰੀ ਮੰਚ 'ਤੇ ਉਸ ਦੀ ਆਵਾਜ਼ ਕਮਜ਼ੋਰ ਰਹੀ।

ਜਿੱਤ ਦਾ ਤਾਜ ਕਿਸ ਦੇ ਸਿਰ ?

ਇਸ ਜੰਗ ਵਿੱਚ ਕੋਈ ਸਪੱਸ਼ਟ ਜੇਤੂ ਨਹੀਂ। ਇਜ਼ਰਾਇਲ ਨੇ ਇਰਾਨ ਨੂੰ ਨੁਕਸਾਨ ਪਹੁੰਚਾਇਆ, ਪਰ ਉਸ ਦੀ ਅਰਥਵਿਵਸਥਾ ਅਤੇ ਸੁਰੱਖਿਆ 'ਤੇ ਭਾਰੀ ਬੋਝ ਪਿਆ। ਇਰਾਨ ਨੇ ਆਪਣੀ ਸੰਪ੍ਰਭੂਤਾ ਦੀ ਰਾਖੀ ਕੀਤੀ ਅਤੇ ਯੂਰੇਨੀਅਮ ਸੁਰੱਖਿਅਤ ਰੱਖਿਆ, ਪਰ ਉਸ ਦੀ ਅਰਥਵਿਵਸਥਾ ਹੋਰ ਕਮਜ਼ੋਰ ਹੋਈ ਹੈ। ਅਮਰੀਕਾ ਨੇ ਜੰਗਬੰਦੀ ਨੂੰ ਆਪਣੀ ਜਿੱਤ ਦੱਸਿਆ, ਪਰ ਟਰੰਪ ਦੀਆਂ ਇਕਪਾਸੜ ਫ਼ੌਜੀ ਕਾਰਵਾਈਆਂ 'ਤੇ ਅਮਰੀਕੀ ਕਾਂਗਰਸ ਅਤੇ ਜਨਤਾ ਵਿੱਚ ਵਿਰੋਧ ਵਧਿਆ। ਰੂਸ ਅਤੇ ਚੀਨ ਨੇ ਅਸਿੱਧਾ ਸਮਰਥਨ ਦੇ ਕੇ ਇਰਾਨ ਨੂੰ ਬਚਾਇਆ, ਪਰ ਖੁੱਲ੍ਹ ਕੇ ਸਾਹਮਣੇ ਨਹੀਂ ਆਏ।

***

## ਪੰਜਾਬੀ ਗਾਣਿਆਂ ਨੂੰ ਲੱਗਿਆ ਨਸ਼ੇ

ਇਹ ਗ਼ਲਤ ਨਿਸ਼ਾਨਦੇਹੀ ਸਾਨੂੰ ਗ਼ਲਤ ਰਸਤੇ ਲੈ ਜਾਂਦੀ ਹੈ ਅਤੇ ਅਸੀਂ ਸੱਪ ਦੀ ਥਾਂ ਸੱਪ ਦੀ ਲੀਕ ਨੂੰ ਕੁੱਟਣ ਲੱਗਦੇ ਹਾਂ।

ਪਰ ਕੀ ਇਨ੍ਹਾਂ ਗੀਤਾਂ ਦਾ ਵਿਰੋਧ ਨਹੀਂ ਕੀਤਾ ਜਾਣਾ ਚਾਹੀਦਾ, ਜਾਂ ਕੀ ਅਜਿਹਾ ਵਿਰੋਧ ਸੰਭਵ ਹੈ ਅਤੇ ਜੇ ਸੰਭਵ ਹੈ ਤਾਂ ਕਿਵੇਂ ਕੀਤਾ ਜਾਣਾ ਚਾਹੀਦਾ ਹੈ ? ਇਨ੍ਹਾਂ ਸਵਾਲਾਂ ਦਾ ਸਹੀ ਜਵਾਬ ਇਸ ਮਸਲੇ ਪ੍ਰਤੀ ਦਰੁਸਤ ਪਹੁੰਚ ਵਿੱਚ ਹੀ ਪਿਆ ਹੈ ਕਿਉਂਕਿ ਇਹ ਗੀਤ ਇਸੇ ਢਾਂਚੇ ਦੀ ਗੰਦਗੀ ਦਾ ਪ੍ਰਗਟਾਵਾ ਹਨ, ਇਸ ਲਈ ਇਨ੍ਹਾਂ ਦਾ ਵਿਰੋਧ ਇਸੇ ਗੰਦਗੀ ਭਾਵ ਇਸੇ ਢਾਂਚੇ ਦੀ ਜ਼ਮੀਨ ਉੱਤੇ ਖੜ੍ਹੇ ਹੋ ਕੇ ਨਹੀਂ ਹੋ ਸਕਦਾ। ਇਨ੍ਹਾਂ ਗੀਤਾਂ ਦਾ ਵਿਰੋਧ ਇੱਕ ਬਿਹਤਰ ਸਮਾਜ ਸਿਰਜਣ ਦੀ ਜ਼ਮੀਨ 'ਤੇ ਖੜ੍ਹੇ ਹੋ ਕੇ ਹੀ ਹੋ ਸਕਦਾ ਹੈ। ਜੇ ਅਸੀਂ ਇਹ ਸਮਝਣ ਵਿੱਚ ਨਾਕਾਮ ਰਹਾਂਗੇ ਤਾਂ ਅੱਜ ਦੇ ਗੀਤਾਂ ਦਾ ਬਦਲ ਬੀਤੇ ਦੇ ਮਾਰਕਾ ਗੀਤਾਂ ਵਿੱਚ ਦੇਖਾਂਗੇ ਜਿਹੜੇ ਇਨ੍ਹਾਂ ਗੀਤਾਂ ਨਾਲੋਂ ਕਿਸੇ ਪੱਖੋਂ ਬਿਹਤਰ ਨਹੀਂ ਹਨ, ਨਾ ਤਾਂ ਤੱਤ ਪੱਖੋਂ ਤੇ ਨਾ ਰੂਪ ਪੱਖੋਂ, ਉਲਟਾ ਇਨ੍ਹਾਂ ਗੀਤਾਂ ਉੱਤੇ ਪਾਈ ਵਿਰਾਸਤ ਦੀ ਚਾਦਰ ਇਨ੍ਹਾਂ ਨੂੰ ਹੋਰ ਖ਼ਤਰਨਾਕ ਬਣਾਵੇਗੀ। ਦੂਸਰਾ ਬਦਲ ਅਕਸਰ ਧਾਰਮਿਕ ਭਜਨਾਂ, ਕਵੀਸ਼ਰੀਆਂ, ਬੋਲੀਆਂ ਆਦਿ ਨੂੰ ਪੇਸ਼ ਕੀਤਾ ਜਾਂਦਾ ਹੈ। ਧਾਰਮਿਕ ਭਜਨਾਂ ਨੂੰ ਬਹੁਗਿਣਤੀ ਲੋਕ ਸੁਣਨ ਲਈ ਹੀ ਤਿਆਰ ਨਹੀਂ। ਕਵੀਸ਼ਰੀਆਂ, ਬੋਲੀਆਂ ਆਦਿ ਵੀ ਪੁਰਾਣੇ ਪੈ ਚੁੱਕੇ ਰੂਪ ਹਨ, ਨਵੀਂ ਪੀੜ੍ਹੀ ਦੀ ਗਿਟਾਰ, ਡਰੱਮ ਸਾਹਮਣੇ ਇਨ੍ਹਾਂ ਦਾ ਟਿਕਣਾ ਨਾਮੁਮਕਿਨ ਹੈ। ਇਨ੍ਹਾਂ ਨੂੰ ਟਿਕਾਉਣ ਦੀਆਂ ਕੋਸ਼ਿਸ਼ਾਂ ਜਾਂ ਤਾਂ ਪੁੱਠੀਆਂ ਪੈਣਗੀਆਂ, ਜਾਂ ਮਰੀਅਲ ਕਿਸਮ ਦਾ ਵਿਰੋਧ ਬਣਨਗੀਆਂ, ਜਾਂ ਫਿਰ ਸਾਡੀ ਇੱਛਾ ਦੇ ਬਿਲਕੁਲ ਉਲਟ ਉਸੇ ਚੀਜ਼ ਨੂੰ ਲੋਕ-ਮਨਾਂ ਵਿੱਚ ਸਥਾਪਤ ਕਰਨਗੀਆਂ ਜਿਸ ਦਾ ਅਸੀਂ ਵਿਰੋਧ ਕਰ ਰਹੇ ਹੁੰਦੇ ਹਾਂ।

ਇਸ ਦਾ ਕਾਰਨ ਹੈ ਕਿ ਇਨ੍ਹਾਂ ਦਾ ਰੂਪ ਸਰੋਤੇ ਨੂੰ ਭਵਿੱਖ ਨਾਲ ਨਹੀਂ ਸਗੋਂ ਬੀਤੇ ਨਾਲ ਜੋੜੇਗਾ ਅਤੇ ਬੀਤੇ ਦੇ ਹੇਰਵੇ ਵਿੱਚੋਂ ਫ਼ਾਸੀਵਾਦ, ਧਾਰਮਿਕ ਕੱਟੜਪੰਥ, ਅਖੌਤੀ ਅਣਖ ਜਿਹੇ ਖੋਭੇ ਹੀ ਮਿਲਦੇ ਹਨ, ਬਿਹਤਰ ਭਵਿੱਖ ਨਹੀਂ। ਇਸ ਲਈ ਸਾਨੂੰ ਅੱਜ ਦੇ ਪੰਜਾਬੀ ਗੀਤ-ਸੰਗੀਤ ਅਤੇ ਆਮ ਰੂਪ ਵਿੱਚ ਮਨੋਰੰਜਨ-ਸਨਅਤ ਦਾ ਬਦਲ ਪੇਸ਼ ਕਰਦਿਆਂ ਭਵਿੱਖ ਦੇ ਸੁਪਨਿਆਂ ਦੀ ਜ਼ਮੀਨ ਉੱਤੇ ਖੜ੍ਹੇ ਹੋਣਾ ਚਾਹੀਦਾ ਹੈ। ਬੀਤੇ ਦੇ ਸੰਗੀਤਕ ਰੂਪਾਂ ਵਿੱਚੋਂ ਅਤੇ ਪ੍ਰਚੱਲਿਤ ਸੰਗੀਤ ਰੂਪਾਂ ਵਿੱਚ ਉਨ੍ਹਾਂ ਵੰਨਗੀਆਂ ਨੂੰ ਹੀ ਲੋਕਾਂ ਵਿੱਚ ਪ੍ਰਚਾਰਨਾ ਚਾਹੀਦਾ ਹੈ ਜਿਹੜੇ ਇਨ੍ਹਾਂ ਸੁਪਨਿਆਂ ਨੂੰ ਸੱਚ ਕਰ ਦਿਖਾਉਣ ਦੀ ਹਿੰਮਤ ਪੈਦਾ ਕਰਦੇ ਹੋਣ, ਉਮੀਦਾਂ ਨੂੰ ਹੁਲਾਰਾ ਦਿੰਦੇ ਹੋਣ, ਅਣਮਨੁੱਖੀਪਣ ਖ਼ਿਲਾਫ਼ ਨਫ਼ਰਤ ਪੈਦਾ ਕਰਦੇ ਹੋਣ। ਇਸ ਦੇ ਨਾਲ ਹੀ ਸਾਡੀਆਂ ਲੋੜਾਂ ਅਨੁਸਾਰ ਨਵਾਂ ਸੰਗੀਤ ਸਿਰਜਣ ਦੇ ਯਤਨ ਹੋਣੇ ਚਾਹੀਦੇ ਹਨ।

***

## ਕੰਚਨ ਰਾਣੀ ਦੀ ਹੱਤਿਆ ਪਿੱਛੇ ਕਾਰਨਾਂ

ਇਸ ਕਾਰਨ ਵੀ ਕੁਝ ਲੋਕ ਲੱਚਰ ਅਤੇ ਅਸ਼ਲੀਲ ਸਮੱਗਰੀ ਪਰੋਸਣ ਵਾਲਿਆਂ ਦੇ ਖ਼ਿਲਾਫ਼ ਕਾਨੂੰਨ ਹੱਥ ਵਿਚ ਲੈ ਕੇ ਕਾਰਵਾਈ ਕੀਤੇ ਜਾਣ ਨੂੰ ਸਹੀ ਠਹਿਰਾਉਣ ਲੱਗ ਪੈਂਦੇ ਹਨ। ਸਰਕਾਰਾਂ ਨੂੰ ਇਸ ਪੱਖ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ।

ਇਸ ਤਕਨੀਕ ਦੀ ਨਾਂਹ-ਪੱਖੀ ਵਰਤੋਂ ਦਾ ਜੋ ਅਮਲ ਸਮਾਜ ਵਿਚ ਵਧ ਰਿਹਾ ਹੈ ਉਸ ਨੂੰ ਰੋਕਣ ਲਈ ਵੀ ਸਰਕਾਰੀ ਤੇ ਗ਼ੈਰ ਸਰਕਾਰੀ ਪੱਧਰ 'ਤੇ ਪ੍ਰਭਾਵੀ ਯਤਨ ਹੋਣੇ ਚਾਹੀਦੇ ਹਨ। ਖ਼ਾਸ ਕਰਕੇ ਉਨ੍ਹਾਂ ਨੌਜਵਾਨ ਲੜਕੇ-ਲੜਕੀਆਂ ਦੀ ਕੌਂਸਲਿੰਗ ਹੋਣੀ ਚਾਹੀਦੀ ਹੈ, ਜਿਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਲੱਚਰ ਤੇ ਅਸ਼ਲੀਲ ਸਮੱਗਰੀ ਪਾਉਣ ਨੂੰ ਆਪਣੇ ਰੁਜ਼ਗਾਰ ਦਾ ਹਿੱਸਾ ਬਣਾ ਲਿਆ ਹੈ, ਕਿਉਂਕਿ ਇਨ੍ਹਾਂ ਪਲੇਟਫ਼ਾਰਮਾਂ 'ਤੇ ਅਜਿਹੀ ਸਮੱਗਰੀ ਪਰੋਸ ਕੇ ਅਤੇ ਉਸ ਨੂੰ ਵਾਇਰਲ ਕਰਵਾ ਕੇ ਉਹ ਚੋਖੀ ਕਮਾਈ ਕਰਨ ਵਿਚ ਸਫ਼ਲ ਹੋ ਜਾਂਦੇ ਹਨ। ਉਨ੍ਹਾਂ ਨੂੰ ਕਮਾਈ ਕਰਨ ਦਾ ਇਹ ਸੌਖਾ ਢੰਗ ਲੱਗਦਾ ਹੈ ਪਰ ਆਪਣੇ ਵਿੱਤੀ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਉਹ ਆਪਣੇ ਸਮਾਜਿਕ ਸਰੋਕਾਰਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਕੁਝ ਵਿਚਾਰਕ ਇਸ ਸਮੱਸਿਆ ਨੂੰ ਦੁਨੀਆ ਭਰ ਵਿਚ ਲਾਗੂ ਕੀਤੇ ਗਏ ਕਾਰਪੋਰੇਟ ਮਾਡਲ ਤੇ ਮੁਕਤ ਵਪਾਰ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਵੀ ਦੇਖਦੇ ਹਨ, ਜਿਸ ਨੇ ਹਰ ਚੀਜ਼ ਦਾ ਬਜ਼ਾਰੀਕਰਨ ਕਰ ਦਿੱਤਾ ਹੈ। ਬਿਨਾਂ ਸ਼ੱਕ ਕਿਸੇ ਵੀ ਖੇਤਰ ਵਿੱਚ ਬੇਰੋਕ ਆਜ਼ਾਦੀ ਨਾਲ ਸਮਾਜ ਦਾ ਵੱਡਾ ਨੁਕਸਾਨ ਹੁੰਦਾ ਹੈ। ਪਰ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਰੋਕਣ ਲਈ, ਜਿਸ ਤਰ੍ਹਾਂ ਕਿ ਅਸੀਂ ਉੱਪਰ ਲਿਖਿਆ ਹੈ ਕਿ ਕਾਨੂੰਨੀ ਕਾਰਵਾਈ ਅਤੇ ਸਮਾਜਿਕ ਚੇਤਨਾ ਹੀ ਸਾਰਥਕ ਢੰਗ ਨਾਲ ਕੰਮ ਕਰ ਸਕਦੀ ਹੈ। ਇਸ ਮਕਸਦ ਲਈ ਹਿੰਸਾ ਕਰਨਾ ਜਾਂ ਕਾਨੂੰਨ ਹੱਥ ਵਿੱਚ ਲੈਣ ਨੂੰ ਕਿਸੇ ਵੀ ਢੰਗ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ।

***

## ਪੰਜ ਟੂਮਾਂ ਪਾ ਦੇ

ਪੰਜਾਬੀ ਸੱਭਿਆਚਾਰ ਦੀ ਗੱਲ ਕਰਦਿਆਂ ਪ੍ਰਸਿੱਧ ਲੇਖਕ ਨਿਰੰਜਣ ਸਿੰਘ ਸੈਲਾਨੀ ਦਾ ਕਹਿਣਾ ਹੈ ਕਿ ਗਹਿਣੇ ਸੁਹਾਗ ਦਾ ਚਿੰਨ੍ਹ ਵੀ ਮੰਨੇ ਜਾਂਦੇ ਹਨ। ਉਨ੍ਹਾਂ ਨੇ ਡਾ. ਰਿਚਰਡ ਟੈਂਪਲ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਪੰਜਾਬ ਵਿੱਚ 136 ਪ੍ਰਕਾਰ ਦੇ ਗਹਿਣੇ ਪਹਿਨਣ ਦਾ ਰਿਵਾਜ ਹੈ। ਪੰਜਾਬੀ ਸੱਭਿਆਚਾਰ ਨੇ ਹਰ ਗਹਿਣੇ ਨੂੰ ਗੀਤ, ਲੋਕ ਗੀਤ ਜਾਂ ਪੰਜਾਬੀ ਬੋਲੀਆਂ ਅਤੇ ਟੱਪਿਆਂ ਵਿੱਚ ਥਾਂ ਦੇਣ ਦਾ ਯਤਨ ਕੀਤਾ ਹੈ। ਜਿਵੇਂ ਪੰਜਾਬ ਦੇ ਮੇਲਿਆਂ ਦੇ ਦਿਨਾਂ ਵਿੱਚ ਔਰਤਾਂ ਸਜ-ਧਜ ਕੇ ਮੇਲਾ ਦੇਖਣ ਜਾਂਦੀਆਂ ਸਨ ਅਤੇ ਉਹ ਗਹਿਣਿਆਂ ਦਾ ਖ਼ੂਬ ਸ਼ਿੰਗਾਰ ਕਰਦੀਆਂ ਰਹੀਆਂ ਹਨ ਤਾਂ ਹੀ ਕਿਹਾ ਜਾਂਦਾ ਸੀ;

ਪੈਰ ਧੋ ਕੇ ਝਾਂਜਰਾ ਪਾਉਂਦੀ
ਮੇਲ੍ਹ ਦੀ ਆਉਂਦੀ
ਕਿ ਸ਼ੌਕਣ ਮੇਲੇ ਦੀ।

ਪੰਜਾਬ ਵਿੱਚ ਫਿਰ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਸਿੱਖਿਆ ਨੇ ਜ਼ੋਰ ਫੜਿਆ ਤਾਂ ਪੰਜਾਬੀ ਔਰਤਾਂ ਨੇ ਗਹਿਣਿਆਂ ਦੇ ਖ਼ਰਚ ਨੂੰ ਘੱਟ ਕਰਕੇ ਵਿੱਦਿਆ ਪੜ੍ਹਨ ਨੂੰ ਵਧੇਰੇ ਤਰਜੀਹ ਦਿੱਤੀ ਅਤੇ ਪੰਜਾਬੀ ਸੱਭਿਆਚਾਰ ਅਨੁਸਾਰ ਇਹ ਗੱਲ ਕੁੜੀਆਂ ਵਿੱਚ ਆਮ ਹੀ ਹੁੰਦੀ ਸੀ;

ਛੈਣੇ ! ਛੈਣੇ ! ਛੈਣੇ !
ਵਿੱਦਿਆ ਪੜ੍ਹਾ ਦੇ ਬਾਬਲਾ।
ਭਾਵੇਂ ਦੇਈਂ ਨਾ ਦਾਜ ਵਿੱਚ ਗਹਿਣੇ।

ਦੂਜੇ ਪਾਸੇ ਗਹਿਣਿਆਂ ਦੀ ਗੱਲ ਤਾਂ ਘਰ ਘਰ ਆਮ ਹੀ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾ ਅੰਗ ਬਣ ਚੁੱਕੀ ਹੈ। ਇੱਥੋਂ ਤੱਕ ਕਿ ਗੱਭਰੂਆਂ ਅਤੇ ਮੁਟਿਆਰਾਂ ਦੇ ਪਿਆਰ ਵਿੱਚ ਗਹਿਣੇ ਆਪਣੇ ਆਪ ਹੀ ਆਪਣੀ ਥਾਂ ਬਣਾ ਲੈਂਦੇ ਹਨ ਜਿਵੇਂ;

ਆਹ ਲੈ ਨੱਤੀਆਂ
ਘੜਾ ਲੈ ਪਿੱਪਲ ਪੱਤੀਆਂ
ਕਿਸੇ ਕੋਲ ਗੱਲ ਨਾ ਕਰੀਂ।

ਜਦੋਂ ਪੰਜਾਬੀ ਕਿਸਾਨ ਤੰਗੀਆਂ, ਤੁਰਸ਼ੀਆਂ ਦਾ ਸਮਾਂ ਕੱਟ ਰਹੇ ਸਨ ਤਾਂ ਆਪਣੀਆਂ ਘਰਵਾਲੀਆਂ ਵੱਲੋਂ ਛੋਟੇ ਮੋਟੇ ਗਹਿਣਿਆਂ ਦੀ ਮੰਗ ਕਰਨ 'ਤੇ ਉਹ ਨਵੀਂ ਫ਼ਸਲ ਦੇ ਆਉਣ ਦਾ ਲਾਰਾ ਲੱਪਾ ਲਾ ਰੱਖਦੇ ਅਤੇ ਉਸ ਨੂੰ ਨਵੀਂ ਫ਼ਸਲ ਦੇ ਵਿਕਣ 'ਤੇ ਕੋਈ ਗਹਿਣਾ ਜ਼ਰੂਰ ਬਣਾਉਣ ਦਾ ਦਾਅਵਾ ਵੀ ਕਰ ਦਿੰਦੇ ਜਿਵੇਂ;

ਤੇਰੇ ਗਲ ਨੂੰ ਜ਼ੰਜੀਰੀ ਪਾਵਾਂ
ਨਰਮਾ, ਐਂਤਕੀ ਵਿਕ ਲੈਣ ਦੇ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਸੱਭਿਆਚਾਰ ਨੇ ਤਾਂ ਗਹਿਣਿਆਂ ਦੀ ਹੋਂਦ ਸਦਕਾ ਪੰਜਾਬੀ ਪੇਂਡੂ ਮਾਹੌਲ ਵਿੱਚ ਉਹ ਰੰਗ ਭਰੇ ਹਨ ਜਿਨ੍ਹਾਂ ਨੂੰ ਪੰਜਾਬੀ ਤਾਂ ਭੁੱਲਦੇ ਹੀ ਨਹੀਂ। ਧੀਆਂ-ਭੈਣਾਂ ਨੂੰ ਪਿਆਰ ਅਤੇ ਸਤਿਕਾਰ ਦੇਣ ਦੇ ਨਾਲ ਨਾਲ ਉਹ ਆਪਣੇ ਸੁਖੀ ਪਰਿਵਾਰ ਲਈ ਆਪਣੀਆਂ ਔਰਤਾਂ ਨੂੰ ਵੀ ਗਹਿਣਿਆਂ ਦੇ ਪੱਜ ਖ਼ੁਸ਼ ਰੱਖਦੇ ਹਨ।

***

## ਪੰਜਾਬ ਨੂੰ ਖ਼ੁਸ਼ਹਾਲ ਸੂਬਾ ਬਣਾਉਣ ਲਈ

ਪੰਜਾਬ ਵਿੱਚ ਬੇਰੁਜ਼ਗਾਰੀ ਹੈ। ਇੱਥੇ ਪ੍ਰਾਂਤ ਦੀ ਸਰਕਾਰ ਵੀ ਆਮ ਜਨਤਾ ਦੀ ਸਮਾਜਿਕ ਸੁਰੱਖਿਆ ਵਿੱਚ ਵੱਡਾ ਯੋਗਦਾਨ ਨਹੀਂ ਪਾ ਸਕਦੀ ਕਿਉਂ ਜੋ ਸਰਕਾਰ ਦੀ ਆਮਦਨ ਦੇ ਦੋ ਸਾਧਨ ਹਨ। ਇੱਕ ਟੈਕਸ ਅਤੇ ਦੂਸਰਾ ਸਰਕਾਰੀ ਵਪਾਰਕ ਅਦਾਰਿਆਂ ਤੋਂ ਆਮਦਨ। ਇਹ ਦੋਵੇਂ ਹੀ ਬਹੁਤ ਘੱਟ ਹਨ। ਸਗੋਂ ਸਰਕਾਰ ਸਿਰ ਬਹੁਤ ਵੱਡਾ ਕਰਜ਼ਾ ਹੈ। ਪੰਜਾਬ ਸਰਕਾਰ ਸਿਰ ਭਾਵੇਂ 2006-07 ਵਿੱਚ ਸਿਰਫ਼ 40000 ਕਰੋੜ ਦਾ ਕਰਜ਼ਾ ਸੀ ਪਰ ਉਹ 2016-17 ਵਿੱਚ ਵਧ ਕੇ 1.82 ਲੱਖ ਕਰੋੜ ਤੇ 2019-20 ਵਿੱਚ 1.93 ਲੱਖ ਕਰੋੜ ਜਦਕਿ 2020-21 ਵਿੱਚ 2.60 ਲੱਖ ਕਰੋੜ ਰੁਪਏ ਹੋ ਗਿਆ ਜਿਸ ਲਈ ਤਕਰੀਬਨ ਹਰ ਸਾਲ 20000 ਕਰੋੜ ਰੁਪਏ ਦੇ ਬਰਾਬਰ ਵਿਆਜ ਦੇਣਾ ਪੈਂਦਾ ਹੈ।

ਸਰਕਾਰ ਦੀ ਆਮਦਨ ਵਧਾਉਣ ਲਈ ਲੋਕਾਂ ਦੀ ਆਮਦਨ ਵਧਾਉਣਾ ਜ਼ਰੂਰੀ ਹੈ ਤਾਂ ਕਿ ਉਨ੍ਹਾਂ ਦੀ ਟੈਕਸ ਦੇਣ ਦੀ ਸਮਰੱਥਾ ਵਧੇ। ਟੈਕਸ ਦਾ ਖੇਤਰ ਤਾਂ ਹੀ ਵਧ ਸਕਦਾ ਹੈ ਜੇਕਰ ਪ੍ਰਾਂਤ ਵਿੱਚ ਰੁਜ਼ਗਾਰ ਵਧੇ, ਆਮ ਆਦਮੀ ਦੀ ਖ਼ਰੀਦ ਸ਼ਕਤੀ ਵਧੇ ਜਿਸ ਨਾਲ ਟੈਕਸ ਦੇਣ ਦੀ ਸਮਰੱਥਾ ਵਧੇ। ਇਸ ਲਈ ਇਸ 'ਚ ਹੋਰ ਦੇਰੀ ਕਰਨ ਦੀ ਬਜਾਏ ਢੁੱਕਵੀਂ ਨੀਤੀ ਬਣਾ ਕੇ ਇਕਦਮ ਅਮਲ ਕਰਨਾ ਜ਼ਰੂਰੀ ਹੈ ਜਿਸ ਨਾਲ ਖੇਤੀ ਆਧਾਰਤ ਉਦਯੋਗਾਂ ਵਿੱਚ ਪੰਜਾਬ ਦੇ ਹਰ ਖੇਤਰ ਵਿੱਚ ਵਾਧਾ ਹੋਵੇ। ਪੰਜਾਬ ਦੀ ਖੇਤੀ ਨੀਤੀ ਨਾਲ ਜੇ ਖੇਤੀ ਆਧਾਰਤ ਉਦਯੋਗਾਂ ਨੂੰ ਨਾ ਜੋੜਿਆ ਤਾਂ ਉਸ ਨਾਲ ਤਸੱਲੀਬਖ਼ਸ਼ ਸਿੱਟੇ ਨਹੀਂ ਮਿਲਣਗੇ।

****

## ਬਾਬਾ ਬੰਦਾ ਸਿੰਘ ਬਹਾਦਰ

ਇਸ ਕਤਲੇਆਮ ਤੋਂ ਤਿੰਨ ਮਹੀਨੇ ਤੱਕ ਬਾਬਾ ਜੀ ਅਤੇ ਸਾਥੀਆਂ ਨੂੰ ਸਖਤ ਤਸੀਹੇ ਦਿੱਤੇ ਗਏ ਕਿ ਉਹ ਆਪਣੇ ਦੱਬੇ ਹੋਏ ਖਜ਼ਾਨੇ ਅਤੇ ਉਹਨਾਂ ਦੇ ਮਦਦਗਾਰ ਕੌਣ ਸਨ, ਦਾ ਪਤਾ ਦੇਣ। ਅੰਤ ਬਾਬਾ ਜੀ ਅਤੇ ਉਸਦੇ 26 ਸਾਥੀਆਂ ਨੂੰ 9 ਜੂਨ 1716 ਨੂੰ ਸ਼ਹੀਦ ਕਰਨ ਲਈ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਮਕਬਰੇ ਦੀ ਪਰਿਕ੍ਰਮਾ ਕਰਵਾਈ ਗਈ। ਫਿਰ ਦੁਹਰਾਇਆ ਕਿ ਇਸਲਾਮ ਕਬੂਲ ਕਰੋ ਜਾਂ ਫਿਰ ਮੌਤ। ਦਸ਼ਮੇਸ਼ ਪਿਤਾ ਦੇ ਸਿੱਦਕੀ ਸਭ ਸੂਰਮਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ।

ਬਾਬਾ ਜੀ ਦੇ ਤਿੰਨ ਸਾਲਾ ਪੁੱਤਰ ਅਜੈ ਸਿੰਘ ਨੂੰ ਬਾਬਾ ਜੀ ਦੀ ਗੋਦ ਵਿੱਚ ਬਿਠਾਇਆ ਅਤੇ ਆਪਣੇ ਪੁੱਤਰ ਨੂੰ ਖੁਦ ਵੱਢ ਦਿਓ ਕਿਹਾ। ਬਾਬਾ ਜੀ ਨੇ ਇਨਕਾਰ ਕੀਤਾ ਤਾਂ ਜਲਾਦ ਨੇ ਬੱਚੇ ਦੇ ਦੋ ਟੋਟੇ ਕਰ ਦਿੱਤੇ। ਬੱਚੇ ਦਾ ਦਿਲ ਬਾਬਜੀ ਦੇ ਮੂੰਹ ਵਿੱਚ ਤੁਨਿਆ ਗਿਆ। ਬਾਬਾ ਜੀ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ ਅਡੋਲ ਰਹੇ। ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਇਤਮਾਦਲ ਦੌਲਾ ਮੁਹੰਮਦ ਅਮੀਨ ਖਾਂ ਜੋ ਬਾਬਾ ਜੀ ਦੇ ਕੋਲ ਖੜਾ ਸੀ । ਇਸ ਸ਼ਹੀਦੀ ਦਾ ਉਸ ਦੇ ਮਨ 'ਤੇ ਅਸਰ ਹੋਇਆ ਤਾਂ ਉਹ ਕਹਿ ਉਠਿਆ ਕਿ ਅਜਿਹੀ ਸਿਆਣਪ, ਸਾਊਪੁਣੇ ਤੇ ਉਚਿਤਾ ਦੇ ਮਾਲਕ ਨੇ ਦੁਨੀਆ ਨੂੰ ਅਜਿਹੇ ਵਖਤਾਂ ਵਿਚ ਕਿਉਂ ਪਾਇਆ ਅਤੇ ਆਪਣੀ ਜਾਨ ਨੂੰ ਇਸ ਬਿਪਤਾ ਵਿੱਚ ਫਸਾਇਆ।

ਜਲਾਦ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ ਪੈਰ ਵੱਢਣ ਉਪਰੰਤ ਭਖਦੇ ਹੋਏ ਲਾਲ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅਜਿਹੇ ਅਣ ਮਨੁੱਖੀ ਤਸੀਹੇ ਸਹਿੰਦਿਆਂ ਬਾਬਾ ਜੀ, ਜੂਨ 9, 1716 ਨੂੰ ਸ਼ਹੀਦੀ ਪਾ ਗਏ। ਬਾਬਾ ਜੀ ਦੇ 6 ਸਾਲ ਦੇ ਰਾਜ ਪ੍ਰਬੰਧ ਦੀਆਂ ਵਿਸ਼ੇਸ਼ਤਾਈਆਂ ਹਨ ਕਿ ਬਾਬਾ ਜੀ ਸਿੱਖ ਕੌਮ ਦੇ ਉਹ ਸਿਪਾਹੀ ਹਨ, ਜਿਹਨਾਂ ਸਿੱਖ ਧਰਮ ਵਿੱਚ ਬਹਾਦਰੀ ਦੇ ਸਿਧਾਂਤ ਨੂੰ ਅਗਾਂਹ ਤੋਰਿਆ। ਖ਼ਾਲਸੇ ਨੇ ਬਰਾਬਰਤਾ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਪਹਿਲੀ ਵਾਰ ਰਾਜਸੀ ਸੱਤਾ 'ਤੇ ਕਬਜ਼ਾ ਕੀਤਾ। ਉਹਨਾਂ ਨੇ ਨੀਚਾਂ ਵਿਚੋਂ ਨੀਚ ਹਾਕਮ ਬਣਾਇਆ। ਖ਼ਾਲਸ ਨੇ ਜਿਸ ਇਲਾਕੇ 'ਤੇ ਕਬਜ਼ਾ ਕੀਤਾ, ਉਸ ਸੂਬੇ ਦਾ ਪਹਿਲਾ ਹਾਕਮ ਭਾਈ ਬੀਰ ਸਿੰਘ ਨੂੰ ਥਾਪਿਆ, ਜੋ ਇੱਕ ਨੀਵੀਂ ਜਾਤ ਵਿਚੋਂ ਸਨ। ਉਹਨਾਂ ਦੇ ਰਾਜ ਵਿੱਚ ਸਿੱਖ ਇੱਕ ਅਜਿੱਤ ਕੌਮ ਦੇ ਰੂਪ ਵਿੱਚ ਸਾਹਮਣੇ ਆਏ। ਉਹਨਾਂ ਦੇ ਰਾਜ ਕਾਲ ਵਿੱਚ ਹਰ ਇੱਕ ਨੂੰ ਬਰਾਬਰ ਆਜ਼ਾਦੀ ਸੀ। ਉਹ ਕਿਸੇ ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀਂ ਸਨ। ਉਹਨਾਂ ਤੋਂ ਬਾਅਦ 1717-1748 ਤੱਕ ਮੁਗਲਾਂ ਦੇ ਅਕਹਿ ਜੁਲਮ ਸਹਿ ਕੇ ਵੀ ਖ਼ਾਲਸੇ ਦੀਆਂ ਬਾਰਾਂ ਮਿਸਲਾਂ ਹੋਂਦ ਵਿੱਚ ਆਈਆਂ। ਫਿਰ 1801 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕੀਤਾ।

ਬਾਬਾ ਜੀ ਨੇ ਜਨਤੰਤਰ ਦੀ ਨੀਂਹ ਰੱਖੀ। ਡਾ. ਗੰਡਾ ਸਿੰਘ ਅਨੁਸਾਰ ਬਾਬਾ ਜੀ ਦੀ ਅਗਵਾਈ ਹੇਠ ਖ਼ਾਲਸੇ ਨੇ ਜ਼ਿਮੀਦਾਰਾ ਪ੍ਰਬੰਧ ਖਤਮ ਕੀਤਾ। ਜ਼ਮੀਨ 'ਤੇ ਉਹਨਾਂ ਕਿਸਾਨਾਂ ਦੀ ਮਾਲਕੀ ਕੀਤੀ ਜੋ ਖੁਦ ਹਲ ਵਾਹੁੰਦੇ ਸਨ। ਅਜਿਹੇ ਲੋਕਾਂ ਨੂੰ ਉਘਾ ਕੀਤਾ , ਜੋ ਬੇਜ਼ਮੀਨੇ ਅਤੇ ਨਿਖਿਧ ਸਨ।

ਬਾਬਾ ਜੀ ਇੱਕ ਸੂਰਬੀਰ , ਸਫਲ ਪ੍ਰਬੰਧਕ, ਸਿੱਦਕੀ ਅਤੇ ਧਰਮੀ ਸਿੱਖ ਸਨ। ਉਹਨਾਂ ਦੀ ਸਿੱਖ ਕੌਮ ਨੂੰ ਬੇਮਿਸਾਲ ਦੇਣ ਹੈ। ਉਹਨਾਂ ਦੀ ਵਿਲੱਖਣ ਸ਼ਹੀਦੀ ਅਤੇ ਉਹਨਾਂ ਦਾ ਸਿੱਖ ਪੰਥ ਦੀ ਸਥਾਪਤੀ ਵਿੱਚ ਪਾਏ ਯੋਗਦਾਨ 'ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ।

ਅੰਤਿਕਾ : ਜੋ ਮਨੁੱਖ ਜਗਤ ਰੂਪ ਰਣਭੂਮੀ ਵਿੱਚ ਦਲੇਰ ਹੋ ਕੇ ਵਿਕਾਰਾ ਦੇ ਟਾਕਰੇ ਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ। ਜਦ ਇਹਨਾਂ ਨਾਲ ਲੜਿਆ ਜਾ ਸਕਦਾ ਹੈ । ਉਹ ਅਸਲ ਸੂਰਮਾ ਹੈ। ਉਸ ਦੇ ਦਸਮ ਦੁਆਰ ਵਿੱਚ ਧੌਂਸਾਂ ਵੱਜਦਾ ਹੈ। ਉਸ ਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਣਾਂ ਵਿੱਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿਥੇ ਕਿਸੇ ਵਿਕਾਰ ਦੀ ਸੁਣਾਈ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿੱਚ ਪ੍ਰਭੂ ਚਰਨਾਂ ਵਿੱਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇੱਕ ਸੂਰਮਾ ਹੋਰ ਵੀ ਹੈ। ਉਸ ਮਨੁੱਖ ਨੂੰ ਵੀ ਸੂਰਮਾ ਸਮਝਣਾ ਚਾਹੀਦਾ ਹੈ, ਜੋ ਗਰੀਬ ਦੀ ਖਾਤਰ ਲੜਦਾ ਹੈ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਰ ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅੰਗ 1105-ਭਗਤ ਕਬੀਰ ਜੀ॥

**

## ਬਜ਼ੁਰਗਾਂ ਨਾਲ ਧੋਖਾਧੜੀ ਮਾਮਲੇ ਵਿੱਚ

ਇੱਕ ਲੱਖ ਤੀਹ ਹਜ਼ਾਰ ਡਾਲਰ ਲਏ ਸਨ। ਉਸ ਨੂੰ ਸੰਘੀ ਹਿਰਾਸਤ ਵਿੱਚ ਲਿਆ ਗਿਆ। ਬਾਅਦ ਵਿੱਚ ਅਦਾਲਤ ਵਿੱਚ ਉਸ ਨੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਮੰਨ ਲਿਆ ਸੀ। ਯੂ. ਐਸ. ਡਿਸਟ੍ਰਿਕਟ ਜੱਜ ਰਾਬਰਟ ਪਿਟਮੈਨ ਨੇ ਉਸ ਨੂੰ 63 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਸਜ਼ਾ ਕੱਟਣ ਉਪਰੰਤ ਉਸ ਨੂੰ ਵਾਪਿਸ ਭਾਰਤ ਭੇਜੇ ਜਾਣ ਦੀ ਵੀ ਸੰਭਾਵਨਾ ਹੈ। ਉਸ ਦਾ ਸਾਥੀ ਮੰਗੂਕਿਆ ਵੀ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਮੰਨ ਚੁੱਕਾ ਹੈ। ਉਸ ਨੂੰ ਅਜੇ ਸਜ਼ਾ ਸੁਣਾਈ ਜਾਣੀ ਹੈ।

***

## ਡੈਮੋਕਰੈਟਿਕ ਆਗੂ ਬਰਾਡ ਲੈਂਡਰ ਪਰਵਾਸੀ ਨੂੰ

ਇਸ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਉਨ੍ਹਾਂ ਦੇ ਸਮਰਥਕ ਮੌਜੂਦ ਸਨ। ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਮੇਰੇ ਖ਼ਿਲਾਫ਼ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਪਰੰਤੂ ਜੇਕਰ ਉਹ ਮਾਮਲਾ ਦਰਜ ਕਰਨਗੇ ਤਾਂ ਮੈ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹਾਂ, ਮੈਂ ਵਕੀਲ ਕਰ ਸਕਦਾ ਹਾਂ। ਉਨ੍ਹਾਂ ਕਿਹਾ ਕਿ ਉਹ ਪਰਵਾਸੀਆਂ ਨੂੰ ਸੁਚੇਤ ਕਰਨਾ ਚਹੁੰਦੇ ਹਨ ਕਿ ਸੰਘੀ ਏਜੰਟ ਉਨ੍ਹਾਂ ਨੂੰ ਤਾਂ ਹੀ ਗ੍ਰਿਫ਼ਤਾਰ ਕਰ ਸਕਦੇ ਹਨ ਜੇਕਰ ਅਦਾਲਤ ਉਨ੍ਹਾਂ ਦੇ ਹੱਕ ਵਿੱਚ ਫ਼ੈਸਲਾ ਨਹੀਂ ਦਿੰਦੀ ਤੇ ਉਨ੍ਹਾਂ ਦਾ ਕੇਸ ਰੱਦ ਕਰ ਦਿੰਦੀ ਹੈ।

***

## ਪੁਰਤਗਾਲ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਨੂੰ

ਉਨ੍ਹਾਂ ਨੂੰ ਪੁਰਤਗਾਲੀ ਭਾਸ਼ਾ ਤੇ ਸੱਭਿਆਚਾਰ ਦੀ ਮੁੱਢਲੀ ਜਾਣਕਾਰੀ ਹੋਣੀ ਲਾਜ਼ਮੀ ਹੈ। ਜ਼ਿਕਰਯੋਗ ਹੈ ਕਿ 1 ਕਰੋੜ ਦੇ ਕਰੀਬ ਆਬਾਦੀ ਵਾਲੇ ਇਸ ਦੇਸ਼ 'ਚ ਪਿਛਲੇ ਕੁਝ ਸਾਲਾਂ 'ਚ ਪਰਵਾਸੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਿਸ ਕਾਰਨ ਪ੍ਰਸ਼ਾਸਨ ਨੂੰ ਇਹ ਸਖ਼ਤ ਫ਼ੈਸਲਾ ਲੈਣਾ ਪਿਆ ਹੈ। ਹਾਲੇ ਇਨ੍ਹਾਂ ਨਵੇਂ ਨਿਯਮਾਂ ਬਾਰੇ ਸੰਸਦ 'ਚ ਚਰਚਾ ਕੀਤੀ ਜਾਵੇਗੀ, ਇਸ ਦੇ ਬਾਅਦ ਹੀ ਇਨ੍ਹਾਂ ਨੂੰ ਲਾਗੂ ਕੀਤਾ ਜਾ ਸਕੇਗਾ।

***

## ਅਮਰੀਕਾ ਦੇਵੇਗਾ ਵੱਡੀ ਗਿਣਤੀ ਗ਼ੈਰ ਕਾਨੂੰਨੀ

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਨੂੰ ਦੱਖਣੀ ਸੁਡਾਨ ਲਿਜਾਇਆ ਗਿਆ। ਇਨ੍ਹਾਂ ਵਿੱਚੋਂ ਜ਼ਿਆਦਾਤਰ ਗ਼ੈਰ-ਕਾਨੂੰਨੀ ਪਰਵਾਸੀ ਮੈਕਸੀਕੋ, ਮਿਆਂਮਾਰ, ਵੀਅਤਨਾਮ ਅਤੇ ਕਿਊਬਾ ਅਤੇ ਵੈਨੇਜ਼ੁਏਲਾ ਤੋਂ ਵੀ ਆਏ ਸਨ। ਉਨ੍ਹਾਂ ਵਿੱਚੋਂ ਜ਼ਿਆਦਾਤਰ ਛੋਟੀਆਂ-ਮੋਟੀਆਂ ਚੋਰੀਆਂ ਵਿੱਚ ਰੁੱਝੇ ਹੋਏ ਸਨ। ਵੈਨੇਜ਼ੁਏਲਾ ਤੋਂ ਆਏ ਕੁਝ ਪਰਵਾਸੀ 'ਗੈਂਗ ਮੈਂਬਰ' ਵੀ ਸਨ। ਇਸ ਸਬੰਧ ਵਿੱਚ ਟਰੰਪ ਪ੍ਰਸ਼ਾਸਨ (ਗ਼ੈਰ-ਕਾਨੂੰਨੀ ਪਰਵਾਸੀਆਂ 'ਤੇ) ਹੁਕਮ ਨੂੰ ਢੁਕਵਾਂ ਮੰਨਦਾ ਹੈ।

***

## ਮਾਇਆਵਤੀ ਬਨਾਮ ਚੰਦਰ ਸ਼ੇਖਰ

ਪੰਜਾਬ ਦੇ ਨੌਜਵਾਨ ਦਲਿਤਾਂ, ਖਾਸਕਰ ਜਲੰਧਰ ਅਤੇ ਹੁਸ਼ਿਆਰਪੁਰ ਵਰਗੇ ਸ਼ਹਿਰੀ ਇਲਾਕਿਆਂ ਵਿੱਚ, ਚੰਦਰ ਸ਼ੇਖਰ ਦੀ ਸਿਆਸਤ ਨੂੰ ਪਸੰਦ ਕਰਦੇ ਹਨ। ਪਰ ਉਸ ਦੀ ਪਾਰਟੀ ਨੇ ਅਜੇ ਤੱਕ ਪੰਜਾਬ ਵਿੱਚ ਕੋਈ ਵੱਡੀ ਸਿਆਸੀ ਸਫ਼ਲਤਾ ਹਾਸਲ ਨਹੀਂ ਕੀਤੀ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਜ਼ਾਦ ਸਮਾਜ ਪਾਰਟੀ ਦੀ ਮੌਜੂਦਗੀ ਨਾਮਾਤਰ ਸੀ, ਅਤੇ ਇਸ ਦਾ ਮੁੱਖ ਕਾਰਨ ਸੀ ਸਥਾਨਕ ਸੰਗਠਨ ਦੀ ਘਾਟ ਸੀ।

**ਰਾਜਨੀਤਕ ਪਾਰਟੀਆਂ ਵਿੱਚ ਚੰਦਰਸ਼ੇਖਰ ਦੀ ਹਮਾਇਤ**

ਸਪਾ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਉਸ ਨੂੰ ਇੱਕ ਸੰਭਾਵੀ ਸਹਿਯੋਗੀ ਵਜੋਂ ਦੇਖਦੀਆਂ ਹਨ, ਪਰ ਭਾਜਪਾ ਅਤੇ ਬਸਪਾ ਉਸ ਨੂੰ ਸਿੱਧੇ ਵਿਰੋਧੀ ਮੰਨਦੀਆਂ ਹਨ। ਚੰਦਰ ਸ਼ੇਖਰ ਦੀ ਸਿਆਸੀ ਸਾਖ ਦਾ ਮੁੱਖ ਆਧਾਰ ਉਸ ਦੀ ਜਮੀਨੀ ਸੰਘਰਸ਼ ਅਤੇ ਨੌਜਵਾਨਾਂ ਨਾਲ ਜੁੜਾਵ ਹੈ। ਪਰ ਉਸ ਦੀ ਪਾਰਟੀ ਦੀ ਸੰਗਠਨਾਤਮਕ ਸਮਰੱਥਾ ਅਤੇ ਵਿੱਤੀ ਸਰੋਤ ਸੀਮਤ ਹਨ, ਜੋ ਉਸ ਦੀ ਸਿਆਸੀ ਹਮਾਇਤ ਨੂੰ ਵਧਾਉਣ ਵਿੱਚ ਰੁਕਾਵਟ ਹਨ।

ਚੰਦਰ ਸ਼ੇਖਰ ਆਜ਼ਾਦ ਦਾ ਉਭਾਰ ਭਾਰਤੀ ਸਿਆਸਤ, ਖਾਸਕਰ ਦਲਿਤ ਸਿਆਸਤ, ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਹੈ। ਮਾਇਆਵਤੀ ਨੂੰ ਟਕਰ ਦੇਣ ਦੀ ਸਮਰੱਥਾ ਉਸ ਵਿੱਚ ਹੈ, ਪਰ ਇਹ ਸਮਰੱਥਾ ਅਜੇ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਈ। ਬਸਪਾ ਵੱਲੋਂ ਉਸ ਨੂੰ ਭਾਜਪਾ ਦਾ ਏਜੰਟ ਕਹਿਣਾ ਸਿਆਸੀ ਚਾਲਬਾਜ਼ੀ ਦਾ ਹਿੱਸਾ ਹੋ ਸਕਦਾ ਹੈ, ਪਰ ਇਸ ਨੇ ਬਸਪਾ ਦੇ ਵੋਟ ਬੈਂਕ ਨੂੰ ਜ਼ਰੂਰ ਨੁਕਸਾਨ ਪਹੁੰਚਾਇਆ। ਯੂ.ਪੀ. ਵਿੱਚ ਉਸ ਦਾ ਉਭਾਰ ਨੌਜਵਾਨਾਂ ਦੀ ਨਿਰਾਸ਼ਤਾ, ਜਮੀਨੀ ਸੰਘਰਸ਼ ਅਤੇ ਸੋਸ਼ਲ ਮੀਡੀਆ ਦੀ ਤਾਕਤ ਦਾ ਨਤੀਜਾ ਹੈ। ਪੰਜਾਬ ਵਿੱਚ ਅਜੇ ਉਸ ਦੀ ਪਛਾਣ ਸੀਮਤ ਹੈ, ਪਰ ਸੰਭਾਵਨਾਵਾਂ ਵੱਡੀਆਂ ਹਨ। ਆਉਣ ਵਾਲੇ ਸਮੇਂ ਵਿੱਚ, ਜੇਕਰ ਚੰਦਰ ਸ਼ੇਖਰ ਆਪਣੀ ਸੰਗਠਨਾਤਮਕ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ, ਤਾਂ ਉਹ ਨਾ ਸਿਰਫ਼ ਮਾਇਆਵਤੀ, ਸਗੋਂ ਹੋਰ ਵੱਡੀਆਂ ਪਾਰਟੀਆਂ ਲਈ ਵੀ ਚੁਣੌਤੀ ਬਣ ਸਕਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com